ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 24 | Issue 241| 19 to 25 August 2026 | Ph.: (510) 240-5949 | Email: asrtimes@gmail.com




ਜਗਮੋਹਨ ਸਿੰਘ 'ਲੱਕੀ'

**ਕੇਂਦਰ ਸਰਕਾਰ ਸਮਝਦੀ ਹੈ ਕਿ ਪਹਿਲਾ ਕਿਸਾਨ ਅੰਦੋਲਨ ਖਤਮ ਹੋਏ ਨੂੰ ਸਮਾਂ ਬੀਤ ਜਾਣ ਨਾਲ ਅਤੇ ਕਿਸਾਨ ਜਥੇਬੰਦੀਆਂ ਦੀ ਆਪਸੀ ਫ਼ੁੱਟ ਕਾਰਨ 'ਯੁੱਗ ਪਲਟਾਊ ਬਦਲਾਅ' ਦਾ ਖ਼ਤਰਾ ਟਲ ਗਿਆ ਹੈ ਅਤੇ ਅੱਧੀ ਰਾਤ ਨੂੰ ਉਘਾੜੀਆਂ ਅੱਖਾਂ ਨੂੰ ਹੁਣ ਸੁਸਤਾਉਣ ਦੇਣਾ ਚਾਹੀਦਾ ਹੈ। ਸਾਡੇ ਹਿਸਾਬ ਮੁਤਾਬਕ ਕੇਂਦਰੀ ਸੱਤਾਧਾਰੀਆਂ ਦਾ ਅਜਿਹੇ ਸੁਪਨੇ ਵੇਖਣਾ ਉਹਨਾਂ ਦੇ ਆਪਣੇ ਲਈ ਹੀ ਠੀਕ ਨਹੀਂ ਹੈ ਕਿ ਪਹਿਲਾਂ ਵਾਂਗ ਸਭ 'ਅੱਛਾ' ਹੈ ਜਾਂ ਜਲਦੀ ਹੋ ਜਾਵੇਗਾ। ਸਮੇਂ ਦੇ ਹਾਕਮਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਮੁਲਕ ਦਾ 'ਅੰਨਦਾਤਾ' ਹੁਣ ਜਾਗ ਚੁੱਕਿਆ ਹੈ ਅਤੇ ਆਪਣੇ ਹੱਕਾਂ ਲਈ ਲੜਨਾ ਵੀ ਸਿੱਖ ਗਿਆ ਹੈ।**

ਗ਼ੈਰ-ਰਾਜਨੀਤਿਕ ਸੰਯੁਕਤ ਕਿਸਾਨ ਮੋਰਚੇ ਵੱਲੋਂ 'ਦਿੱਲੀ ਚੱਲੋ' ਦੇ ਸੱਦੇ 'ਤੇ ਲੰਘੇ ਦਿਨੀਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਸੈਂਕੜੇ ਕਿਸਾਨ ਢਾਬੀ ਗੁਜਰਾਂ ਬਾਰਡਰ 'ਤੇ ਪਹੁੰਚੇ, ਜਿੱਥੋਂ ਕਿਸਾਨਾਂ ਦਾ ਜਥਾ ਪੈਦਲ ਹੀ ਦਿੱਲੀ ਦੇ ਜੰਤਰ ਮੰਤਰ ਵੱਲ ਵੱਧ ਰਿਹਾ ਸੀ ਤਾਂ ਹਰਿਆਣਾ ਸਰਕਾਰ ਵੱਲੋਂ ਢਾਬੀ ਗੁਜਰਾਂ (ਖਨੌਰੀ) ਬਾਰਡਰ ਸੀਲ ਕਰ ਕੇ ਜਥੇ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ ਗਿਆ। ਕਿਸਾਨਾਂ ਨੇ ਬਾਰਡਰ 'ਤੇ ਹੀ ਡੇਰਾ ਲਗਾ ਦਿੱਤਾ। ਕਿਸਾਨਾਂ ਅਤੇ ਹਰਿਆਣਾ ਸਰਕਾਰ ਵਿਚਾਲੇ ਤਿੰਨ ਮੀਟਿੰਗਾਂ ਹੋਈਆਂ ਪਰ ਉਸ ਦਾ ਕੋਈ ਸਿੱਟਾ ਨਹੀਂ ਨਿਕਲਿਆ। ਕਿਸਾਨ ਢਾਬੀ ਗੁਜਰਾਂ (ਖਨੌਰੀ) ਬਾਰਡਰ 'ਤੇ ਧਰਨਾ ਲਗਾ ਕੇ ਬੈਠੇ ਸਨ। ਪੰਜਾਬ ਦੇ ਕਿਸਾਨਾਂ ਨੂੰ ਹਰਿਆਣਾ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਹਰਿਆਣਾ ਪ੍ਰਸ਼ਾਸਨ ਨੇ ਬਹੁ-ਪਰਤੀ ਬੈਰੀਕੇਡ, ਕੰਕਰੀਟ ਦੇ ਬਲਾਕ, ਜ਼ੰਜੀਰਾਂ ਨਾਲ ਬੰਨ੍ਹੇ ਲੋਹੇ ਦੇ ਪਿੰਜਰੇ ਲਾਏ ਸਨ ਅਤੇ ਪੁਲਿਸ ਟੁਕੜੀਆਂ ਤਾਇਨਾਤ ਕੀਤੀਆਂ ਸਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵਿਰੁੱਧ ਕੌਮੀ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ।

ਮੁਲਕ ਦਾ ਅੰਨਦਾਤਾ ਇੱਕ ਵਾਰ ਫ਼ੇਰ ਸੰਘਰਸ਼ ਦੇ ਰਾਹ ਪੈ ਗਿਆ ਹੈ ਅਤੇ ਮੁੜ ਇੱਕ ਹੋਰ ਨਵਾਂ ਤੇ ਵੱਡਾ ਕਿਸਾਨ ਅੰਦੋਲਨ ਅੰਗੜਾਈ ਲੈ ਰਿਹਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਗਏ ਵਪਾਰ ਸਮਝੌਤੇ ਦੇ ਵਿਰੋਧ ਵਿੱਚ ਸੰਘਰਸ਼ ਸ਼ੁਰੂ ਕੀਤਾ ਜਾ ਚੁੱਕਿਆ ਹੈ। ਤਿੰਨ ਖੇਤੀ ਕਾਨੂੰਨਾਂ ਵਾਂਗ ਕੇਂਦਰ ਸਰਕਾਰ ਅਤੇ ਕਿਸਾਨਾਂ ਵਿੱਚ ਟਕਰਾਅ ਦੀ ਸਥਿਤੀ ਪੈਦਾ ਹੋਣ ਦੇ ਹਾਲਾਤ ਬਣਦੇ ਜਾ ਰਹੇ ਹਨ। ਇਸ ਨਵੇਂ ਕਿਸਾਨ ਅੰਦੋਲਨ ਨੇ ਕੁਝ ਸਾਲ ਪਹਿਲਾਂ ਪੰਜਾਬ ਸਮੇਤ ਪੂਰੇ ਮੁਲਕ ਦੇ ਕਿਸਾਨਾਂ ਵੱਲੋਂ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂੰਹਾਂ 'ਤੇ ਕਈ ਮਹੀਨਿਆਂ ਤੱਕ ਲਗਾਤਾਰ ਚੱਲੇ ਪਹਿਲੇ 'ਕਿਸਾਨ ਅੰਦੋਲਨ' ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉਸ ਸਮੇਂ ਦੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਬਿੱਲਾਂ ਖ਼ਿਲਾਫ਼ ਦੇਸ਼ ਦੇ ਅੰਨਦਾਤਿਆਂ ਵੱਲੋਂ ਸ਼ੁਰੂ ਕੀਤੇ ਗਏ ਵੱਡੇ ਕਿਸਾਨ ਅੰਦੋਲਨ ਨੇ ਪੂਰੇ ਵਿਸ਼ਵ ਵਿੱਚ ਵੱਖਰਾ ਇਤਿਹਾਸ ਸਿਰਜ ਦਿੱਤਾ ਸੀ ਅਤੇ ਇਸ ਅੰਦੋਲਨ ਨੇ ਉਸ ਸਮੇਂ ਦੀ ਸ਼ਕਤੀਸ਼ਾਲੀ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਸੀ। ਉਸ ਸਮੇਂ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਬਿਲ ਵਾਪਸ ਲੈਣ ਤੋਂ ਬਾਅਦ ਇਹ ਕਿਸਾਨ ਅੰਦੋਲਨ ਸਫ਼ਲਤਾ ਪੂਰਵਕ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਜਿੱਤ ਦੀਆਂ ਪੈੜਾਂ ਛੱਡਦਾ ਹੋਇਆ ਸਮਾਪਤ ਹੋ ਗਿਆ ਸੀ।

ਇਸ ਸਮੇਂ ਦੇਸ਼ ਵਾਸੀ ਇੱਕ ਹੋਰ ਨਵੇਂ ਕਿਸਾਨ ਅੰਦੋਲਨ ਦੀ ਆਹਟ ਨੂੰ ਮਹਿਸੂਸ ਕਰ ਰਹੇ ਹਨ, ਜਿਵੇਂ ਭੂਚਾਲ ਆਉਣ ਸਮੇਂ ਹਰ ਪਾਸੇ ਥੋੜੀ, ਬਹੁਤੀ ਹਿਲਜੁੱਲ ਹੋਣ ਨਾਲ ਪਤਾ ਲੱਗ ਜਾਂਦਾ ਹੈ, ਪਰ ਭੂਚਾਲ ਵਿਗਿਆਨੀ ਹੀ ਮਗਰੋਂ ਦੱਸਦੇ ਹਨ ਕਿ ਰਿਕਟਰ ਸਕੇਲ ਉੱਤੇ ਕਿੰਨੇ ਦਰਜੇ ਦਾ ਭੂਚਾਲ ਆਇਆ ਹੈ ਅਤੇ ਕਿੰਨਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਦਰਅਸਲ ਪਿਛਲੇ ਕਿਸਾਨ ਅੰਦੋਲਨ ਕਾਰਨ ਸਰਕਾਰਾਂ ਅੰਦਰੋਂ ਡਰੀਆਂ ਹੋਈਆਂ ਹਨ, ਪਰ ਬਾਹਰੋਂ ਲੋਕਾਂ ਨੂੰ ਡਰਾ ਰਹੀਆਂ ਹਨ। ਕੇਂਦਰ ਸਰਕਾਰ ਦੇ ਸ਼ਕਤੀਸ਼ਾਲੀ ਅਤੇ ਆਪਣੀ ਮਨਮਰਜ਼ੀ ਕਰਨ ਦੀ ਆਦਤ ਹੋਣ ਕਾਰਨ ਇਸ ਸਮੇਂ ਇਸ ਸਰਕਾਰ ਨੂੰ ਝੁਕਾਉਣਾ ਅਤੇ ਇਸ ਸਰਕਾਰ ਦੇ ਕੰਮ ਕਾਜ਼ ਵਿੱਚ ਬਦਲਾਓ ਲਿਆਉਣਾ ਅਸੰਭਵ ਪ੍ਰਤੀਤ ਹੁੰਦਾ ਹੈ, ਕਿਉਂਕਿ 'ਯਥਾ ਰਾਜਾ, ਤਥਾ ਪਰਜਾ' ਦਾ ਹੀ ਬੋਲਬਾਲਾ ਹੋ ਰਿਹਾ ਹੈ, ਪਰ ਲੋਕਤੰਤਰ ਦੀ ਅੰਤਰ ਆਤਮਾ ਤਾਂ ਹੈ ' ਯਥਾ ਪਰਜਾ,ਤਥਾ ਰਾਜਾ'। ਜੇ ਇਹ ਅੰਤਰ ਆਤਮਾ ਜਾਗੇਗੀ, ਤਦ ਹੀ ਦੇਸ਼ ਦੇ ਕੇਂਦਰੀ ਸਿਸਟਮ ਭਾਵ ਕੇਂਦਰ ਸਰਕਾਰ ਵਿੱਚ ਵਿਆਪਕ ਸੁਧਾਰ ਸੰਭਵ ਹਨ ਅਤੇ ਸੰਭਵ ਬਣਾਏ ਜਾ ਸਕਦੇ ਹਨ। ਇਸ ਸਮੇਂ ਅਸੀਂ ਜਿਹੜੇ ਨਵੇਂ ਕਿਸਾਨ ਅੰਦੋਲਨ ਦੀ ਆਹਟ ਸੁਣ ਰਹੇ ਹਾਂ, ਜੇ ਉਹ ਅੰਦੋਲਨ ਪਹਿਲੇ ਕਿਸਾਨ ਅੰਦੋਲਨ ਵਾਂਗ ਮਜ਼ਬੂਤ ਅਤੇ ਕਾਮਯਾਬ ਰਿਹਾ ਤਾਂ ਇਹ ਅੰਦੋਲਨ ਕੇਂਦਰ ਸਰਕਾਰ ਦੀਆਂ ਚੂਲਾਂ ਹਿਲਾ ਸਕਦਾ ਹੈ। ਭਾਰਤ ਦੇ ਵੱਖ- ਵੱਖ ਕਿਸਾਨ ਆਗੂ ਦਾਅਵਾ ਕਰ ਰਹੇ ਹਨ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਕਾਰਨ ਦੇਸ਼ ਦੇ ਕਿਸਾਨ ਤਬਾਹ ਹੋ ਜਾਣਗੇ ਅਤੇ ਉਹਨਾਂ ਦਾ ਖੇਤੀ ਧੰਦਾ ਪੂਰੀ ਤਰ੍ਹਾਂ ਘਾਟੇ ਵਿੱਚ ਚਲਾ ਜਾਵੇਗਾ। ਕਿਸਾਨ ਆਗੂਆਂ ਅਨੁਸਾਰ ਅਮਰੀਕਾ ਦਾ ਦੁੱਧ, ਘਿਓ, ਪਨੀਰ, ਮੱਖਣ, ਪਸ਼ੂਆਂ ਦਾ ਚਾਰਾ ਅਤੇ ਇਨਸਾਨਾਂ ਦੇ ਖਾਣ ਪੀਣ ਦਾ ਹੋਰ ਸਮਾਨ ਭਾਰਤ ਵਿੱਚ ਸਸਤੇ ਭਾਅ ਵਿਕਣ ਕਾਰਨ ਦੇਸ਼ ਦੇ ਅੰਨਦਾਤਿਆਂ ਵੱਲੋਂ ਪੈਦਾ ਕੀਤਾ ਅਜਿਹਾ ਸਮਾਨ ਨਹੀਂ ਵਿਕੇਗਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਦੀਆਂ ਖੇਤੀ ਉਪਜਾਂ ਅਤੇ ਦੁੱਧ ਤੇ ਹੋਰ ਸਮਾਨ ਦਾ ਸਹੀ ਭਾਅ ਨਹੀਂ ਮਿਲੇਗਾ, ਜਿਸ ਕਾਰਨ ਦੇਸ਼ ਦੇ ਕਿਸਾਨ ਆਰਥਿਕ ਘਾਟੇ ਵਿੱਚ ਜਾਣਗੇ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਖੇਤੀਬਾੜੀ ਦਾ ਧੰਦਾ ਪਹਿਲਾਂ ਹੀ ਘਾਟੇ ਵਿੱਚ ਜਾ ਰਿਹਾ ਹੈ ਅਤੇ ਕਿਸਾਨਾਂ ਦੇ ਖੇਤੀ ਖਰਚੇ ਵੀ ਪੂਰੇ ਨਹੀਂ ਹੋ ਰਹੇ। ਕਿਸਾਨ ਆਗੂ ਇਹ ਵੀ ਦਾਅਵਾ ਕਰਦੇ ਹਨ ਕਿ ਅਮਰੀਕਾ -ਭਾਰਤ ਵਪਾਰ ਸਮਝੌਤੇ ਕਾਰਨ 'ਭਾਰਤੀ ਖੇਤੀ ਬਾਜ਼ਾਰ' 'ਤੇ ਪੂਰੀ ਤਰ੍ਹਾਂ ਅਮਰੀਕੀ ਕੰਪਨੀਆਂ ਦਾ ਕਬਜ਼ਾ ਹੋ ਜਾਵੇਗਾ ਅਤੇ ਦੇਸ਼ ਦੇ ਕਿਸਾਨ ਇਸ ਮੁਕਾਬਲੇ ਵਿਚੋਂ ਬਾਹਰ ਹੋ ਜਾਣਗੇ।

ਭਾਰਤ-ਅਮਰੀਕਾ ਵਪਾਰ ਸਮਝੌਤੇ ਸਬੰਧੀ ਕਿਸਾਨਾਂ ਨੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਹੈ ਕਿ ਜੇ ਅੱਗੇ ਚੱਲ ਕੇ ਅਮਰੀਕਾ ਦੇ ਖੇਤੀ ਅਤੇ ਡੇਅਰੀ ਉਤਪਾਦਾਂ 'ਤੇ ਟੈਕਸ ਹੋਰ ਘਟਾਏ ਗਏ, ਤਾਂ ਭਾਰਤੀ ਕਿਸਾਨਾਂ ਲਈ ਮੁਕਾਬਲਾ ਵੱਧ ਜਾਵੇਗਾ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ 'ਅਮਰੀਕਾ ਆਪਣੇ ਕਿਸਾਨਾਂ ਨੂੰ ਕਾਫ਼ੀ ਸਰਕਾਰੀ ਮਦਦ ਦਿੰਦਾ ਹੈ, ਜਿਸ ਕਰਕੇ ਉੱਥੋਂ ਦਾ ਸਮਾਨ ਸਸਤਾ ਪੈ ਸਕਦਾ ਹੈ। **(ਬਾਕੀ ਸਫ਼ਾ 26 'ਤੇ)**

## ਕੀ ਹੈ ਭਾਰਤ-ਅਮਰੀਕਾ ਵਿਚਾਲੇ 'ਵਪਾਰ ਸਮਝੌਤਾ'?




ਭਾਰਤ ਸਰਕਾਰ ਦੇ ਵਣਜ ਅਤੇ ਉਦਯੋਗ ਵਿਭਾਗ ਵੱਲੋਂ 27 ਮਈ 2026 ਨੂੰ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਭਾਰਤ ਅਤੇ ਅਮਰੀਕਾ ਨੇ ਇੱਕ ਛੋਟੇ ਵਪਾਰਕ ਸਮਝੌਤੇ ਨੂੰ ਅੱਗੇ ਵਧਾਉਣ ਲਈ ਸਹਿਮਤੀ ਬਣਾਈ ਹੈ। ਇਸ ਸਮਝੌਤੇ ਤਹਿਤ ਦੋਵੇਂ ਦੇਸ਼ ਆਪਸੀ ਵਪਾਰ ਨੂੰ ਆਸਾਨ ਅਤੇ ਤੇਜ਼ ਬਣਾਉਣ ਲਈ ਕੰਮ ਕਰ ਰਹੇ ਹਨ। ਅਮਰੀਕਾ ਨੇ ਕੁਝ ਭਾਰਤੀ ਉਤਪਾਦਾਂ 'ਤੇ ਲੱਗਣ ਵਾਲੇ ਟੈਕਸ ਘਟਾਉਣ ਦੀ ਗੱਲ ਕੀਤੀ ਹੈ, ਜਦਕਿ ਭਾਰਤ ਵੀ ਕੁਝ ਅਮਰੀਕੀ ਉਤਪਾਦਾਂ ਲਈ ਆਪਣੇ ਬਾਜ਼ਾਰ ਵਿੱਚ ਵਧੀਆ ਮੌਕੇ ਦੇਣ ਬਾਰੇ ਵਿਚਾਰ ਕਰ ਰਿਹਾ ਹੈ। ਜੂਨ 2026 ਦੀ ਸ਼ੁਰੂਆਤ ਵਿੱਚ ਅਮਰੀਕੀ ਅਧਿਕਾਰੀ ਭਾਰਤ ਆਏ ਸਨ, ਜਿੱਥੇ ਇਸ ਛੋਟੇ ਸਮਝੌਤੇ ਨੂੰ ਅੱਗੇ ਵਧਾਉਣ ਅਤੇ ਭਵਿੱਖ ਵਿੱਚ ਇੱਕ ਵੱਡੇ ਵਪਾਰਕ ਸਮਝੌਤੇ ਬਾਰੇ ਚਰਚਾ ਕੀਤੀ ਗਈ। ਉਮੀਦ ਹੈ ਕਿ ਇਸ ਨਾਲ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਹੋਰ ਵਧੇਗਾ ਅਤੇ ਦੋਵੇਂ ਦੇਸ਼ਾਂ ਨੂੰ ਆਰਥਿਕ ਲਾਭ ਮਿਲੇਗਾ।

## ਭਾਰਤ ਅਤੇ ਅਮਰੀਕਾ ਵਿਚਾਲੇ ਮੌਜੂਦਾ ਵਪਾਰ ਦੀ ਸਥਿਤੀ

ਇੰਡੀਆ ਬ੍ਰਾਂਡ ਇਕੁਇਟੀ ਫ਼ਾਊਂਡੇਸ਼ਨ ਦੇ ਅੰਕੜਿਆਂ ਮੁਤਾਬਕ ਵਿੱਤੀ ਸਾਲ 2024-25 ਦੌਰਾਨ ਭਾਰਤ ਅਤੇ ਅਮਰੀਕਾ ਵਿਚਾਲੇ ਦੋ-ਪੱਖੀ ਵਪਾਰ ਕਰੀਬ 132.2 ਅਰਬ ਡਾਲਰ ਰਿਹਾ ਹੈ, ਜਿਸ ਨਾਲ ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਬਣਿਆ ਹੋਇਆ ਹੈ। ਭਾਰਤ ਅਮਰੀਕਾ ਨੂੰ ਮੁੱਖ ਤੌਰ 'ਤੇ ਦਵਾਈਆਂ, ਹੀਰੇ ਅਤੇ ਗਹਿਣੇ, ਇੰਜੀਨੀਅਰਿੰਗ ਉਤਪਾਦ, ਇਲੈਕਟ੍ਰਾਨਿਕ ਸਮਾਨ, ਕੱਪੜੇ, ਟੈਕਸਟਾਈਲ ਅਤੇ ਖੇਤੀਬਾੜੀ ਉਤਪਾਦ ਬਰਾਮਦ ਕਰਦਾ ਹੈ। ਦੂਜੇ ਪਾਸੇ ਅਮਰੀਕਾ ਤੋਂ ਭਾਰਤ ਕੱਚਾ ਤੇਲ, ਕੁਦਰਤੀ ਗੈਸ, ਜਹਾਜ਼ਾਂ ਅਤੇ ਰੱਖਿਆ ਸਾਜ਼ੋ-ਸਾਮਾਨ, ਇਲੈਕਟ੍ਰਾਨਿਕ ਉਪਕਰਣ, ਮਸ਼ੀਨਰੀ ਅਤੇ ਖੇਤੀਬਾੜੀ ਨਾਲ ਸਬੰਧਿਤ ਕੁਝ ਉਤਪਾਦ ਦਰਾਮਦ ਕਰਦਾ ਹੈ।

## ਕੌਮੀ ਪੱਧਰ 'ਤੇ ਕੀਤਾ ਜਾਵੇਗਾ ਸੰਘਰਸ਼ : ਡੱਲੇਵਾਲ



ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਦੇਸ਼ ਭਰ ਵਿੱਚ ਭਾਰਤ ਸਰਕਾਰ ਕੋਲੋਂ ਸਵਾਲ ਪੁੱਛਿਆ ਜਾਵੇਗਾ ਕਿ ਕਿਸਾਨਾਂ ਨੂੰ ਰਾਜਧਾਨੀ ਵਿੱਚ ਪੈਦਲ ਆਉਣ ਦੀ ਇਜਾਜ਼ਤ ਕਿਉਂ ਨਹੀਂ? ਪੰਜਾਬ ਹਰਿਆਣਾ ਅਤੇ ਹੋਰ ਰਾਜਾਂ ਵਿੱਚ ਰੋਸ ਮਾਰਚ ਕਰਕੇ ਭਾਰਤ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਦਿੱਲੀ ਵਿੱਚ ਜਾ ਕੇ ਆਪਣੀ ਗੱਲ ਰੱਖਣ ਦਾ ਮੌਕਾ ਕਿਉਂ ਨਹੀਂ ਦੇਣਾ ਚਾਹੁੰਦ? ਹੁਣ ਕੌਮੀ ਪੱਧਰ ਉੱਤੇ ਸੰਘਰਸ਼ ਕੀਤਾ ਜਾਵੇਗਾ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਸਿਆਸੀ ਹਲਕਿਆਂ ਵਿੱਚ ਚਰਚਾ ਤੇਜ਼

# ਪੰਜਾਬ 2027 ਚੋਣਾਂ 'ਚ ਪੰਥਕ ਰਾਜਨੀਤੀ ਪਾਵੇਗੀ ਪ੍ਰਭਾਵ

## ਏ.ਆਈ. ਬਣੀ ਪੰਜਾਬ ਰਾਜਨੀਤੀ ਦਾ ਨਵਾਂ ਹਥਿਆਰ: ਮਾਨ, ਬਾਦਲ, ਵੜਿੰਗ ਤੇ ਚੰਨੀ ਸੋਸ਼ਲ ਮੀਡੀਆ 'ਚ ਨਿਸ਼ਾਨੇ 'ਤੇ

### ਜੈਨ ਜ਼ੀ ਦੀ ਮੁੱਦਿਆਂ ਦੀ ਰਾਜਨੀਤੀ ਉੱਭਰੀ, ਪੰਜਾਬ ਦੀ ਰਾਜਨੀਤੀ ਦਾ ਫ਼ਲਾਪ ਸ਼ੋਅ

### 2027 ਦੀਆਂ ਪੰਜਾਬ ਚੋਣਾਂ ਵਿੱਚ ਪ੍ਰਵਾਸੀ ਪੰਜਾਬੀ ਭਾਈਚਾਰਾ ਬਣੇਗਾ ਅਹਿਮ ਫ਼ੈਕਟਰ



ਪੰਜਾਬ ਦੀ ਸਿੱਖ ਰਾਜਨੀਤੀ ਦਾ ਇਤਿਹਾਸਿਕ ਪਿਛੋਕੜ ਉੱਚ ਆਦਰਸ਼ਾਂ, ਕੁਰਬਾਨੀਆਂ, 'ਮੀਰੀ-ਪੀਰੀ' ਦੇ ਸਿਧਾਂਤ ਅਤੇ ਸਰਬੱਤ ਦੇ ਭਲੇ ਦੀ ਭਾਵਨਾ 'ਤੇ ਆਧਾਰਿਤ ਰਿਹਾ ਹੈ ਪਰ ਸਮੇਂ ਦੇ ਬੀਤਣ ਨਾਲ ਇਹ ਰਾਜਨੀਤਿਕ ਵਿਚਾਰਧਾਰਾ ਆਪਣੀ ਨੈਤਿਕ ਉੱਚਤਾ ਗੁਆ ਕੇ ਕੇਵਲ ਸੱਤਾ ਦੀ ਲਾਲਸਾ ਅਤੇ ਵੋਟ ਬੈਂਕ ਪੱਕਾ ਕਰਨ ਦਾ ਜ਼ਰੀਆ ਬਣ ਕੇ ਰਹਿ ਗਈ ਹੈ।

ਰਵਾਇਤੀ ਅਤੇ ਨਵੀਆਂ ਪੰਥਕ ਧਿਰਾਂ ਦੁਆਰਾ 2015 ਦੇ ਬੇਅਦਬੀ ਮਾਮਲਿਆਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਸੂਬੇ ਦੇ ਨਹਿਰੀ ਪਾਣੀਆਂ ਵਰਗੇ ਸੰਵੇਦਨਸ਼ੀਲ ਮੁੱਦਿਆਂ ਨੂੰ ਸਿਰਫ਼ ਚੋਣਾਂ ਨੇੜੇ ਆਉਣ 'ਤੇ ਹੀ ਉਭਾਰਿਆ ਜਾਂਦਾ ਹੈ। ਸੱਤਾ ਵਿੱਚ ਹੁੰਦਿਆਂ ਇਨ੍ਹਾਂ ਮੁੱਦਿਆਂ 'ਤੇ ਠੋਸ ਕਾਰਵਾਈ ਕਰਨ ਦੀ ਬਜਾਏ, ਇਹਨਾਂ ਨੂੰ ਰਾਜਨੀਤਿਕ ਢਾਲ ਵਜੋਂ ਵਰਤਿਆ ਜਾਂਦਾ ਹੈ।

ਹਾਲ ਹੀ ਦੀਆਂ ਲੋਕ ਸਭਾ ਚੋਣਾਂ ਵਿੱਚ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਨੇ ਸੂਬੇ ਵਿੱਚ ਪੰਥਕ ਰਾਜਨੀਤੀ ਦੇ ਦਾਇਰੇ ਨੂੰ ਨਵਾਂ ਹੁਲਾਰਾ ਦਿੱਤਾ ਸੀ। ਬਾਅਦ ਵਿੱਚ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਨਾਂਅ ਦੀ ਪਾਰਟੀ ਦਾ ਗਠਨ ਕਰਕੇ ਅੰਮ੍ਰਿਤਪਾਲ ਸਿੰਘ ਵੱਲੋਂ ਬੱਸੀ ਪਠਾਣਾ ਸੀਟ ਤੋਂ ਸਤਵੰਤ ਸਿੰਘ (ਕੇਹਰ ਸਿੰਘ ਦੇ ਪੁੱਤਰ, ਜਿਨ੍ਹਾਂ ਨੂੰ ਇੰਦਰਾ ਗਾਂਧੀ ਦੀ ਹੱਤਿਆ ਦੇ ਮਾਮਲੇ ਵਿੱਚ ਫ਼ਾਂਸੀ ਹੋਈ ਸੀ) ਨੂੰ ਪਹਿਲਾ ਉਮੀਦਵਾਰ ਐਲਾਨਣਾ ਇਹ ਸਪੱਸ਼ਟ ਕਰਦਾ ਹੈ ਕਿ ਅਤੀਤ ਦੇ ਦੁਖਾਂਤਾਂ ਨੂੰ ਉਭਾਰਕੇ ਪੰਥਕ ਵੋਟਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਰਬਉੱਚ ਸੰਸਥਾਵਾਂ ਦੇ ਅਕਸ ਨੂੰ ਆਪਣੀ ਰਾਜਨੀਤੀ ਲਈ ਵਰਤਣ ਦੇ ਦੋਸ਼ਾਂ ਨੇ ਆਮ ਸਿੱਖ ਮਾਨਸਿਕਤਾ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਇਸੇ ਕਾਰਣ ਟਕਸਾਲੀ ਅਕਾਲੀ ਰਾਜਨੀਤੀ ਵਿੱਚ ਨਿਘਾਰ ਆਇਆ ਤੇ ਵਾਰਿਸ ਪੰਜਾਬ ਦੇ ਪਾਰਟੀ ਦੀ ਰਾਜਨੀਤੀ ਉਭਰੀ। ਡਾਕਟਰ ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਟਕਸਾਲੀ ਅਕਾਲੀ ਧਿਰਾਂ, ਜਿਨ੍ਹਾਂ ਨੇ ਲੰਮੇ ਸਮੇਂ ਤੱਕ ਦਿੱਲੀ ਦੇ ਤਖ਼ਤ ਜਾਂ ਆਪਣੀਆਂ ਰਾਜਸੀ ਸਹੂਲਤਾਂ ਨਾਲ ਸਮਝੌਤਾ ਕੀਤਾ, ਪੰਜਾਬ ਪੰਥ ਦੇ ਮੁੱਦੇ ਤਿਆਗੇ , ਇਸ ਕਾਰਣ ਨਵੀਂ ਪੀੜ੍ਹੀ ਦੀਆਂ ਨਜ਼ਰਾਂ ਵਿੱਚ ਆਪਣੀ ਪ੍ਰਸੰਗਿਕਤਾ ਗੁਆ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਹੁਣ ਅਜਿਹੇ ਨਵੇਂ ਚਿਹਰਿਆਂ ਦੀ ਭਾਲ ਵਿੱਚ ਹਨ ਜੋ ਬੰਦੀ ਸਿੰਘਾਂ, ਬੇਅਦਬੀ, ਪੰਜਾਬ ਦੇ ਪਾਣੀਆਂ ਅਤੇ ਖੇਤਰੀ ਅਧਿਕਾਰਾਂ ਵਰਗੇ ਗੰਭੀਰ ਮੁੱਦਿਆਂ ਉੱਤੇ ਬਿਨਾਂ ਕਿਸੇ ਸਮਝੌਤੇ ਦੇ ਕੇਂਦਰ ਸਰਕਾਰ ਵਿਰੁੱਧ ਡਟ ਸਕਣ। ਡਾਕਟਰ ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਨਵੀਂ ਪੀੜ੍ਹੀ ਦਾ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਲਗਾਅ ਤਾਂ ਹੈ, ਪਰ ਉਹ ਆਧੁਨਿਕ ਦੌਰ ਦੀਆਂ ਸਮੱਸਿਆਵਾਂ ਤੋਂ ਵੀ ਅਣਜਾਣ ਨਹੀਂ ਹੈ। ਇਸ ਲਈ ਪੰਜਾਬ ਵਿੱਚ ਉਭਰਨ ਵਾਲੀ ਨਵੀਂ ਲੀਡਰਸ਼ਿਪ ਨੂੰ ਪੰਥਕ ਸੋਚ ਦੇ ਨਾਲ-ਨਾਲ ਵਾਤਾਵਰਣ ਦੀ ਸੰਭਾਲ, ਧਰਤੀ ਹੇਠਲੇ ਪਾਣੀ ਦੇ ਸੰਕਟ, ਨਸ਼ੇ, ਰੁਜ਼ਗਾਰ, ਨਵੀਂ ਤਕਨਾਲੋਜੀ ਅਤੇ ਨੌਜਵਾਨਾਂ ਦੇ ਹਿਜਰਤ (ਬ੍ਰੇਨ ਡਰੇਨ) ਵਰਗੇ ਗੰਭੀਰ ਵਿਸ਼ਿਆਂ 'ਤੇ ਵੀ ਸਪੱਸ਼ਟ ਰੋਡਮੈਪ ਦੇਣਾ ਪਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੀ 40% ਤੋਂ ਵੱਧ ਨੌਜਵਾਨ ਵੋਟ ਬੈਂਕ ਅਜਿਹੇ ਨਵੇਂ ਪੰਥਕ/ਖੇਤਰੀ ਨੇਤਾਵਾਂ ਨੂੰ ਜਨਮ ਦੇ ਸਕਦੀ ਹੈ ਜੋ ਦਿੱਲੀ ਦੇ ਕੇਂਦਰੀ ਢਾਂਚੇ ਅੱਗੇ ਝੁਕਣ ਦੀ ਥਾਂ ਪੰਜਾਬ ਦੇ ਹੱਕਾਂ ਲਈ ਬਿਨਾਂ ਸਮਝੌਤੇ ਤੋਂ ਡਟ ਸਕਣ।

ਭਾਰਤੀ ਯੂਥ ਦੇ ਮੁਕਾਬਲੇ ਪੰਜਾਬ ਦਾ ਯੂਥ ਮੁੱਦਿਆਂ ਅਤੇ ਭਵਿੱਖ ਦੀ ਰਾਜਨੀਤੀ ਵਿੱਚ ਕਿਉਂ ਪਛੜਿਆ ?

ਜਿੱਥੇ ਦੇਸ਼ ਭਰ ਵਿੱਚ 'ਜੈਨ-ਜ਼ੀ' ਅਤੇ ਨੌਜਵਾਨ ਪੀੜ੍ਹੀ ਆਪਣੇ ਭਵਿੱਖ, ਸਿੱਖਿਆ ਪ੍ਰਣਾਲੀ ਦੀਆਂ ਖਾਮੀਆਂ (ਜਿਵੇਂ ਕਿ ਪੇਪਰ ਲੀਕ), ਪਾਰਦਰਸ਼ੀ ਰੁਜ਼ਗਾਰ ਅਤੇ ਸੰਵਿਧਾਨਕ ਅਧਿਕਾਰਾਂ ਲਈ ਜੰਤਰ-ਮੰਤਰ ਵਰਗੇ ਮੰਚਾਂ 'ਤੇ ਬਿਨਾਂ ਕਿਸੇ ਡਰ ਤੋਂ ਆਵਾਜ਼ ਬੁਲੰਦ ਕਰ ਰਹੀ ਹੈ, ਉੱਥੇ ਪੰਜਾਬ ਦਾ ਨੌਜਵਾਨ ਪ੍ਰਣਾਲੀਗਤ ਸੁਧਾਰਾਂ ਦੀ ਇਸ ਲੜਾਈ ਵਿੱਚ ਪਿੱਛੇ ਛੁੱਟਦਾ ਨਜ਼ਰ ਆ ਰਿਹਾ ਹੈ।

ਪੰਜਾਬ ਵਿੱਚ ਰਾਜਨੀਤਿਕ ਅਸਥਿਰਤਾ, ਭ੍ਰਿਸ਼ਟਾਚਾਰ ਅਤੇ ਪ੍ਰਾਈਵੇਟ ਖੇਤਰ ਵਿੱਚ ਚੰਗੇ ਰੁਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਦਾ ਵੱਡਾ ਹਿੱਸਾ ਆਈ.ਈ.ਐੱਲ.ਟੀ.ਐੱਸ. ਕਰਕੇ ਕੈਨੇਡਾ, ਯੂ.ਕੇ. ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲ ਜਾ ਰਿਹਾ ਹੈ। ਸੂਬੇ ਦਾ ਜੋ ਸਭ ਤੋਂ ਰਚਨਾਤਮਕ ਅਤੇ ਵਿਦਰੋਹੀ ਨੌਜਵਾਨ ਵਰਗ ਬਦਲਾਅ ਲਿਆ ਸਕਦਾ ਸੀ, ਉਹ ਦੇਸ਼ ਛੱਡਣ ਵਿੱਚ ਆਪਣੀ ਊਰਜਾ ਲਗਾ ਰਿਹਾ ਹੈ। ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਅਤੇ ਪ੍ਰਸ਼ਾਸਨਿਕ ਢਿੱਲ ਕਾਰਨ ਫ਼ੈਲੇ ਨਸ਼ੇ ਦੀ ਸਮੱਗਲਿੰਗ ਨੇ ਨੌਜਵਾਨਾਂ ਦੀ ਮਾਨਸਿਕ ਅਤੇ ਸਰੀਰਕ ਸਮਰੱਥਾ ਨੂੰ ਢਾਹ ਲਾਈ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਬਾਕੀ ਭਾਰਤ ਦਾ ਯੂਥ ਜਿੱਥੇ ਆਰਥਿਕ ਅਸਮਾਨਤਾ ਅਤੇ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਦੀਆਂ ਗੱਲਾਂ ਕਰ ਰਿਹਾ ਹੈ, ਉੱਥੇ ਪੰਜਾਬ ਦੇ ਨੌਜਵਾਨਾਂ ਨੂੰ ਰਾਜਨੀਤਿਕ ਲੀਡਰਸ਼ਿਪ ਦੁਆਰਾ ਲਗਾਤਾਰ ਪਛਾਣ ਦੀ ਰਾਜਨੀਤੀ, ਧਾਰਮਿਕ ਕੱਟੜਤਾ ਅਤੇ ਅਤੀਤ ਦੀਆਂ ਘਟਨਾਵਾਂ ਦੇ ਭਾਵਨਾਤਮਕ ਚੱਕਰਵਿਊ ਵਿੱਚ ਉਲਝਾ ਕੇ ਰੱਖਿਆ ਜਾਂਦਾ ਹੈ, ਜਿਸ ਨਾਲ ਉਹ ਆਪਣੇ ਆਰਥਿਕ ਹੱਕਾਂ ਤੇ ਆਪਣੇ ਤੇ ਸੂਬੇ ਦੇ ਭਵਿੱਖ ਲਈ ਲਾਮਬੰਦ ਨਹੀਂ ਹੋ ਪਾਉਂਦੇ।

**ਪੰਜਾਬ ਵਿੱਚ ਰਾਜਨੀਤਿਕ ਪ੍ਰਚਾਰ ਦਾ ਨਿਘਰਦਾ ਰੂਪ**

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਰਾਜਨੀਤਿਕ ਪ੍ਰਚਾਰ ਦਾ ਤਰੀਕਾ ਬਹੁਤ ਤੇਜ਼ੀ ਨਾਲ ਬਦਲਿਆ ਹੈ। ਅਖਬਾਰੀ ਇਸ਼ਤਿਹਾਰਾਂ ਅਤੇ ਰਵਾਇਤੀ ਰੈਲੀਆਂ ਦੀ ਥਾਂ ਹੁਣ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਰਾਹੀਂ ਤਿਆਰ ਕੀਤੀਆਂ ਵੀਡੀਓਜ਼ ਨੇ ਲੈ ਲਈ ਹੈ। ਪੰਜਾਬ ਸਰਕਾਰ ਦੀਆਂ 1,000 ਰੁਪਏ ਮਹੀਨਾ ਵਾਲੀਆਂ ਕਲਿਆਣਕਾਰੀ ਯੋਜਨਾਵਾਂ ਨੂੰ ਦਰਸਾਉਣ ਲਈ ਏ.ਆਈ. ਪਾਤਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ 'ਤੇ ਨਿਸ਼ਾਨਾ ਸਾਧਣ ਲਈ ਏ.ਆਈ. ਕਾਰਟੂਨ ਅਤੇ ਨਕਲੀ ਕਾਲਪਨਿਕ ਸੰਵਾਦ ਬਣਾਏ ਜਾ ਰਹੇ ਹਨ। ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨਾਲ ਕਾਲਪਨਿਕ ਗੱਲਬਾਤ ਦਿਖਾ ਕੇ ਸਿਆਸੀ ਹਮਲੇ ਕੀਤੇ ਜਾ ਰਹੇ ਹਨ।

ਅਕਾਲੀ ਦਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਿਸ਼ਾਨਾ ਬਣਾ ਕੇ ਕਲਪਨਿਕ ਵੀਡੀਓਜ਼ ਬਣਾਈਆਂ ਜਾ ਰਹੀਆਂ ਹਨ। 2015 ਦੇ ਬੇਅਦਬੀ ਮਾਮਲਿਆਂ ਦੀ ਸਿਟ ਜਾਂਚ ਨੂੰ ਏ.ਆਈ. ਨੈਰੇਟਿਵ ਰਾਹੀਂ ਪੇਸ਼ ਕਰਕੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਵਰਗੇ ਆਗੂਆਂ ਦਾ ਏ.ਆਈ. ਰਾਹੀਂ ਮਜ਼ਾਕ ਉਡਾਇਆ ਗਿਆ, ਜਿਸ ਵਿਰੁੱਧ ਉਨ੍ਹਾਂ ਨੂੰ ਅਦਾਲਤ ਅਤੇ ਮੈਟਾ ਕੋਲ ਪਹੁੰਚ ਕਰਨੀ ਪਈ। ਭਾਜਪਾ ਵੱਲੋਂ ਵੀ ਬਰਨਾਲਾ ਪ੍ਰਦਰਸ਼ਨ ਅਤੇ ਪੇਪਰ ਲੀਕ ਵਰਗੇ ਵਿਵਾਦਾਂ 'ਤੇ ਸਿਨੇਮੈਟਿਕ ਏ.ਆਈ. ਵੀਡੀਓਜ਼ ਤਿਆਰ ਕਰਕੇ ਸਰਕਾਰ 'ਤੇ ਹਮਲੇ ਕੀਤੇ ਜਾ ਰਹੇ ਹਨ।

ਅਸਲੀ ਨਿਊਜ਼ ਫ਼ੁਟੇਜ ਦੇ ਨਾਲ ਏ.ਆਈ. ਦੁਆਰਾ ਤਿਆਰ ਕੀਤੀਆਂ ਨਕਲੀ ਆਵਾਜ਼ਾਂ ਅਤੇ ਵੀਡੀਓਜ਼ ਨੂੰ ਮਿਲਾ ਕੇ ਪੇਸ਼ ਕਰਨ ਨਾਲ ਆਮ ਵੋਟਰ ਲਈ ਸੱਚ ਅਤੇ ਸਿਆਸੀ ਅਫ਼ਵਾਹ ਵਿਚਕਾਰ ਫ਼ਰਕ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ।

**2027 ਦੀਆਂ ਵਿਧਾਨ ਸਭਾ ਚੋਣਾਂ: ਕੀ ਬਦਲੇਗਾ ਸਿਆਸੀ ਸਮੀਕਰਨ ?**

2027 ਦੀਆਂ ਚੋਣਾਂ ਵਿੱਚ ਪੰਜਾਬ ਦੀ ਰਾਜਨੀਤੀ ਇੱਕ ਬਹੁ-ਕੋਣੀ ਅਤੇ ਜਟਿਲ ਮੁਕਾਬਲੇ ਦੀ ਗਵਾਹ ਬਣੇਗੀ, ਜਿੱਥੇ ਕਈ ਨਵੇਂ ਸਮੀਕਰਨ ਉੱਭਰ ਰਹੇ ਹਨ: 'ਆਪ' ਆਪਣੀਆਂ ਜਨ-ਕਲਿਆਣਕਾਰੀ ਯੋਜਨਾਵਾਂ ਦੇ ਦਮ 'ਤੇ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰੇਗੀ, ਪਰ ਉਸ ਨੂੰ ਕਾਨੂੰਨ-ਵਿਵਸਥਾ ਅਤੇ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪਵੇਗਾ।

ਬਾਦਲ ਅਕਾਲੀ ਦਲ ਲਈ ਇਹ ਚੋਣਾਂ ਆਪਣੇ ਵਜੂਦ ਨੂੰ ਬਚਾਉਣ ਦੀ ਲੜਾਈ ਹਨ। ਚਰਚਾਵਾਂ ਹਨ ਕਿ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਦੂਰੀਆਂ ਘਟਾ ਕੇ ਮੁੜ ਗੱਠਜੋੜ ਕਰਨ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ, ਪਰ ਕਿਸਾਨੀ ਮੁੱਦਿਆਂ 'ਤੇ ਕੇਂਦਰ ਪ੍ਰਤੀ ਨਾਰਾਜ਼ਗੀ ਇਸ ਵਿੱਚ ਵੱਡੀ ਰੁਕਾਵਟ ਹੈ। ਭਾਜਪਾ ਹਾਈਕਮਾਂਡ ਨੇ ਹਾਲੇ ਤਕ ਕੋਈ ਹਾਮੀ ਨਹੀਂ ਭਰੀ।

ਕਾਂਗਰਸ ਸਰਕਾਰ ਵਿਰੋਧੀ ਮਾਹੌਲ ਦਾ ਲਾਭ ਚੁੱਕਣ ਦੀ ਫ਼ਿਰਾਕ ਵਿੱਚ ਹੈ, ਪਰ ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਪਾਲ ਖਹਿਰਾ ਵਰਗੇ ਆਗੂਆਂ ਦੇ ਅੰਦਰੂਨੀ ਮਤਭੇਦ ਕਾਂਗਰਸ ਲਈ ਚੁਣੌਤੀ ਹਨ ਜੋ ਕਾਂਗਰਸ ਦੇ ਸਿਆਸੀ ਨਿਘਾਰ ਦਾ ਕਾਰਣ ਬਣ ਰਹੇ ਹਨ।

ਅਕਾਲੀ ਦਲ (ਵਾਰਿਸ ਪੰਜਾਬ ਦੇ) ਦੁਆਰਾ ਚੋਣਾਂ ਵਿੱਚ ਉਮੀਦਵਾਰ ਉਤਾਰਨ ਨਾਲ ਪੰਥਕ ਵੋਟ ਵੰਡੀ ਜਾਵੇਗੀ, ਜੋ ਰਵਾਇਤੀ ਅਕਾਲੀ ਪਾਰਟੀ ਤੇ 'ਆਪ' ਦੇ ਗਣਿਤ ਨੂੰ ਵਿਗਾੜ ਸਕਦੀ ਹੈ।

**ਪ੍ਰਵਾਸੀ ਪੰਜਾਬੀ ਫ਼ੈਕਟਰ: ਕਿੰਨਾ ਅਹਿਮ ਹੋਵੇਗਾ ?**

ਪੰਜਾਬ ਦੀ ਰਾਜਨੀਤੀ ਵਿੱਚ ਵਿਦੇਸ਼ਾਂ (ਕੈਨੇਡਾ, ਯੂ.ਕੇ., ਅਮਰੀਕਾ, ਯੂਰਪ) ਵਿੱਚ ਵਸਦੇ ਪ੍ਰਵਾਸੀ ਪੰਜਾਬੀਆਂ ਦਾ ਹਮੇਸ਼ਾ ਵੱਡਾ ਪ੍ਰਭਾਵ ਰਿਹਾ ਹੈ ਅਤੇ 2027 ਵਿੱਚ ਇਹ ਹੋਰ ਵੀ ਮਹੱਤਵਪੂਰਨ ਹੋਵੇਗਾ:

ਭਾਵੇਂ ਪ੍ਰਵਾਸੀ ਪੰਜਾਬੀ ਸਿੱਧੇ ਤੌਰ 'ਤੇ ਵੋਟ ਨਹੀਂ ਪਾਉਂਦੇ, ਪਰ ਉਹ ਆਪਣੇ ਪਰਿਵਾਰਾਂ, ਪਿੰਡਾਂ ਵਿੱਚ ਵਿਕਾਸ ਕਾਰਜਾਂ, ਸਿਆਸੀ ਫ਼ੰਡਿੰਗ ਅਤੇ ਸੋਸ਼ਲ ਮੀਡੀਆ ਰਾਹੀਂ ਵੋਟਰਾਂ ਦੀ ਰਾਏ ਬਦਲਣ ਦੀ ਸਮਰੱਥਾ ਰੱਖਦੇ ਹਨ। (ਬਾਕੀ ਸਫ਼ਾ 26 'ਤੇ)

# ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਨ 'ਤੇ ਰੋਕ ਨਹੀਂ ਲਗਾਈ ਜਾ ਸਕਦੀ: ਦਿੱਲੀ ਹਾਈ ਕੋਰਟ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਹਾਈ ਕੋਰਟ ਨੇ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਦੀ ਉਸ ਪਟੀਸ਼ਨ 'ਤੇ ਕਿਸੇ ਵੀ ਤਰ੍ਹਾਂ ਦੀ ਫੌਰੀ ਰਾਹਤ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਜਿਸ ਵਿੱਚ ਇੱਕ ਨਿੱਜੀ ਚੈਨਲ ਨੂੰ ਅੰਮ੍ਰਿਤਸਰ ਦੇ ਗੋਲਡਨ ਟੈਂਪਲ ਤੋਂ ਗੁਰਬਾਣੀ ਦੇ ਕੀਰਤਨ ਅਤੇ ਪ੍ਰਸਾਰਨ ਨੂੰ ਦਿਖਾਉਣ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ।

ਜਸਟਿਸ ਅਨੂਪ ਜੇ ਭੰਭਾਨੀ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਐਸ. ਜੀ. ਪੀ. ਸੀ. ਨੇ ਦਲੀਲ ਦਿੱਤੀ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਹੋਣ ਵਾਲੇ ਗੁਰਬਾਣੀ ਪ੍ਰਸਾਰਨ ਦਾ ਕਾਪੀਰਾਈਟ ਉਨ੍ਹਾਂ ਕੋਲ ਹੈ, ਜਿਸ ਨੂੰ ਉਨ੍ਹਾਂ ਦੇ ਆਪਣੇ



ਯੂਟਿਊਬ ਚੈਨਲ ਅਤੇ ਇੱਕ ਹੋਰ ਟੀ.ਵੀ. ਚੈਨਲ ਉੱਤੇ ਸਿੱਧਾ ਪ੍ਰਸਾਰਿਤ ਕੀਤਾ ਜਾਂਦਾ ਹੈ। ਕਮੇਟੀ ਦੀ ਮੁੱਖ ਸ਼ਿਕਾਇਤ ਇਹ ਸੀ ਕਿ ਗਲੈਕਟਿਕ ਟੈਲੀਵਿਜ਼ਨ ਨਾਮਕ ਨਿੱਜੀ ਚੈਨਲ ਉਨ੍ਹਾਂ ਦੇ ਪ੍ਰਸਾਰਨ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਅਤੇ ਕੁਝ ਸਕਿੰਟਾਂ ਦੀ ਦੇਰੀ ਨਾਲ ਗੁਰਬਾਣੀ ਦਾ ਪ੍ਰਸਾਰ ਕਰ ਰਿਹਾ ਹੈ।

ਮਾਮਲੇ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਕਿਹਾ ਕਿ ਗੁਰਬਾਣੀ ਇੱਕ ਸਾਹਿਤਕ ਅਤੇ ਸੰਗੀਤਕ ਰਚਨਾ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸੰਗੀਤਕ ਰੂਪ ਵਿੱਚ ਗਾਇਆ ਜਾਂਦਾ ਹੈ ਅਤੇ ਜੇਕਰ ਇਸ ਦੀ ਵਰਤੋਂ ਕਿਸੇ ਨੇਕ ਅਤੇ ਧਾਰਮਿਕ ਸਮਾਰੋਹ ਵਿੱਚ ਕੀਤੀ ਜਾਂਦੀ ਹੈ ਤਾਂ ਇਹ ਕਾਪੀਰਾਈਟ ਦੀ ਉਲੰਘਣਾ ਨਹੀਂ ਮੰਨਿਆ ਜਾਵੇਗਾ।

ਅਦਾਲਤ ਨੇ ਕਾਪੀਰਾਈਟ ਐਕਟ ਦੀ ਧਾਰਾ 52(1)(ਜ਼ੈੱਡ.ਏ.) ਦਾ ਹਵਾਲਾ ਦਿੰਦਿਆਂ ਸਪੱਸ਼ਟ ਕੀਤਾ ਕਿ ਕਿਸੇ ਵੀ ਧਾਰਮਿਕ ਸਮਾਰੋਹ ਦੌਰਾਨ ਸਾਹਿਤਕ, ਨਾਟਕੀ ਜਾਂ ਸੰਗੀਤਕ ਰਚਨਾ ਦੀ ਪੇਸ਼ਕਾਰੀ ਕਰਨਾ ਕਾਪੀਰਾਈਟ ਦੀ ਉਲੰਘਣਾ ਨਹੀਂ ਹੈ।

ਦੂਜੇ ਪਾਸੇ, ਨਿੱਜੀ ਚੈਨਲ ਦੇ ਸੀਨੀਅਰ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਇਸ ਮਾਮਲੇ ਵਿੱਚ ਬੌਧਿਕ ਸੰਪਤੀ ਜਾਂ ਕਾਪੀਰਾਈਟ ਦੀ ਕੋਈ ਉਲੰਘਣਾ ਨਹੀਂ ਹੋਈ ਹੈ ਕਿਉਂਕਿ ਇਸ ਤੋਂ ਕੋਈ ਕਮਾਈ ਜਾਂ ਪੈਸਾ ਨਹੀਂ ਬਣਾਇਆ ਜਾ ਰਿਹਾ ਹੈ। ਅਦਾਲਤ ਨੇ ਨਿੱਜੀ ਚੈਨਲ ਨੂੰ ਐਸ. ਜੀ. ਪੀ. ਸੀ. ਦੀ ਅਰਜ਼ੀ ਦਾ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ 24 ਸਤੰਬਰ ਤੱਕ ਤੈਅ ਕਰਦਿਆਂ ਨਿੱਜੀ ਚੈਨਲ ਨੂੰ ਨੋਟਿਸ ਵੀ ਜਾਰੀ ਕਰ ਦਿੱਤਾ ਹੈ।

# ਐਚ-1ਬੀ ਵੀਜ਼ਾ ਧਾਰਕਾਂ ਤੇ ਵਿਦਿਆਰਥੀਆਂ ਲਈ ਅਮਰੀਕਾ ਦੀ ਵੱਡੀ ਚਿਤਾਵਨੀ

## 15 ਸਤੰਬਰ ਤੋਂ ਪੁਰਾਣੇ ਫਾਰਮਾਂ ’ਤੇ ਲੱਗੇਗੀ ਰੋਕ, ਅਰਜ਼ੀਆਂ ਹੋਣਗੀਆਂ ਤੁਰੰਤ ਰੱਦ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਚਿਤਾਵਨੀ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਕਾਨੂੰਨੀ ਤੌਰ ’ਤੇ ਰਹਿ ਰਹੇ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਗਏ ਲੱਖਾਂ ਪ੍ਰਵਾਸੀਆਂ ਦੀਆਂ ਚਿੰਤਾਵਾਂ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਅਮਰੀਕੀ ਪ੍ਰਸ਼ਾਸਨ ਨੇ ਦੋ ਬੇਹੱਦ ਅਹਿਮ ਦਸਤਾਵੇਜ਼ਾਂ—ਫਾਰਮ ਆਈ-539 (ਗੈਰ-ਪ੍ਰਵਾਸੀ ਸਥਿਤੀ ਨੂੰ ਵਧਾਉਣ ਜਾਂ ਬਦਲਣ ਦੀ ਅਰਜ਼ੀ) ਅਤੇ ਫਾਰਮ ਆਈ-765 (ਰੁਜ਼ਗਾਰ ਅਧਿਕਾਰ ਦਸਤਾਵੇਜ਼ ਭਾਵ ਵਰਕ ਪਰਮਿਟ)—ਦੇ ਨਵੇਂ ਸੰਸਕਰਣ ਲਾਗੂ ਕਰਨ ਦਾ ਅਧਿਕਾਰਤ ਐਲਾਨ ਕੀਤਾ ਹੈ। ਇਸ ਐਲਾਨ ਦੇ ਨਾਲ ਹੀ ਪ੍ਰਸ਼ਾਸਨ ਨੇ ਇਹ ਸਪੱਸ਼ਟ ਸੰਕੇਤ ਦਿੱਤਾ ਹੈ ਕਿ 15 ਸਤੰਬਰ, 2026 ਤੋਂ ਬਾਅਦ ਪੁਰਾਣੇ ਫਾਰਮਾਂ ’ਤੇ ਆਧਾਰਿਤ ਕਿਸੇ ਵੀ ਅਰਜ਼ੀ ਨੂੰ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਇਹ ਫੈਸਲਾ ਉਨ੍ਹਾਂ ਹਜ਼ਾਰਾਂ ਭਾਰਤੀ ਪਰਿਵਾਰਾਂ, ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੂੰ ਸਿੱਧੇ ਤੌਰ ’ਤੇ ਪ੍ਰਭਾਵਿਤ ਕਰੇਗਾ ਜੋ ਅਮਰੀਕੀ ਆਰਥਿਕਤਾ ਅਤੇ ਤਕਨੀਕੀ ਖੇਤਰ ਵਿੱਚ ਰੀੜ੍ਹ ਦੀ ਹੱਡੀ ਵਾਂਗ ਕੰਮ ਕਰ ਰਹੇ ਹਨ।




ਇਸ ਨਵੇਂ ਨਿਯਮ ਦਾ ਪਿਛੋਕੜ ਅਤੇ ਮੁੱਖ ਕਾਰਨ ਅਮਰੀਕੀ ਇਮੀਗ੍ਰੇਸ਼ਨ ਵਿਭਾਗ ਵੱਲੋਂ ਪ੍ਰਕਿਰਿਆਵਾਂ ਨੂੰ ਡਿਜੀਟਲ ਤੌਰ ’ਤੇ ਵਧੇਰੇ ਸੁਚਾਰੂ, ਸੁਰੱਖਿਅਤ ਅਤੇ ਆਧੁਨਿਕ ਬਣਾਉਣਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਅਕਸਰ ਕਾਨੂੰਨੀ ਨਿਯਮਾਂ ਦੇ ਬਦਲਾਅ ਅਤੇ ਡਾਟਾ ਪ੍ਰਬੰਧਨ ਦੀ ਬਿਹਤਰੀ ਲਈ ਫਾਰਮਾਂ ਦੇ ਸੰਸਕਰਣ ਅਪਡੇਟ ਕਰਦਾ ਰਹਿੰਦਾ ਹੈ। ਹਾਲਾਂਕਿ, ਆਮ ਤੌਰ ’ਤੇ ਅਤੀਤ ਵਿੱਚ ਜਦੋਂ ਵੀ ਕੋਈ ਨਵਾਂ ਸੰਸਕਰਣ ਜਾਰੀ ਹੁੰਦਾ ਸੀ, ਤਾਂ ਬਿਨੈਕਾਰਾਂ ਅਤੇ ਇਮੀਗ੍ਰੇਸ਼ਨ ਵਕੀਲਾਂ ਨੂੰ ਨਵੇਂ ਨਿਯਮਾਂ ਅਨੁਸਾਰ ਢਲਣ ਲਈ ਇੱਕ ਨਿਸ਼ਚਿਤ ਗ੍ਰੇਸ ਪੀਰੀਅਡ (ਰਿਆਇਤੀ ਸਮਾਂ) ਦਿੱਤਾ ਜਾਂਦਾ ਸੀ। ਇਸ ਵਾਰ ਸਭ ਤੋਂ ਵੱਡੀ ਹੈਰਾਨੀ ਅਤੇ ਚਿੰਤਾ ਦਾ ਵਿਸ਼ਾ ਇਹ ਹੈ ਕਿ ਵਿਭਾਗ ਨੇ ਕਿਸੇ ਵੀ ਤਰ੍ਹਾਂ ਦਾ ਗ੍ਰੇਸ ਪੀਰੀਅਡ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਇਹ ਸਖ਼ਤ ਰੁਖ਼ ਦਰਸਾਉਂਦਾਹੈ ਕਿ ਅਮਰੀਕੀ ਪ੍ਰਸ਼ਾਸਨ ਹੁਣ ਕਾਗ਼ਜ਼ੀ ਕਾਰਵਾਈ ਦੀ ਸ਼ੁੱਧਤਾ ਅਤੇ ਨਿਯਮਾਂ ਦੀ ਪਾਲਣਾ ਵਿੱਚ ਰੱਤੀ ਭਰ ਵੀ ਢਿੱਲ ਬਰਦਾਸ਼ਤ ਕਰਨ ਦੇ ਮੂਡ ਵਿੱਚ ਨਹੀਂ ਹੈ।

ਇਸ ਨੀਤੀਗਤ ਬਦਲਾਅ ਦਾ ਸਭ ਤੋਂ ਵੱਡਾ ਖ਼ਮਿਆਜ਼ਾ ਐਚ-12 ਵੀਜ਼ਾ ਧਾਰਕਾਂ ਦੇ ਨਿਰਭਰ ਪਰਿਵਾਰਕ ਮੈਂਬਰਾਂ (ਐਚ-4 ਵੀਜ਼ਾ ਧਾਰਕਾਂ) ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭੁਗਤਣਾ ਪੈ ਸਕਦਾ ਹੈ। ਫਾਰਮ ਆਈ-539 ਰਾਹੀਂ ਅਮਰੀਕਾ ਵਿੱਚ ਮੌਜੂਦ ਜੀਵਨ ਸਾਥੀ ਅਤੇ ਬੱਚਿਆਂ ਦੀ ਕਾਨੂੰਨੀ ਵੀਜ਼ਾ ਮਿਆਦ ਵਧਾਈ ਜਾਂਦੀ ਹੈ ਜਾਂ ਉਨ੍ਹਾਂ ਦੀ ਵੀਜ਼ਾ ਸ਼੍ਰੇਣੀ ਬਦਲੀ ਜਾਂਦੀ ਹੈ। ਦੂਜੇ ਪਾਸੇ, ਫਾਰਮ ਆਈ-765 ਦੀ ਵਰਤੋਂ ਯੋਗ ਐਚ-4 ਧਾਰਕਾਂ ਅਤੇ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਵਿਦਿਆਰਥੀਆਂ ਵੱਲੋਂ ਵਰਕ ਪਰਮਿਟ ਲੈਣ ਲਈ ਕੀਤੀ ਜਾਂਦੀ ਹੈ। ਜੇਕਰ ਕਿਸੇ ਕਾਰਨ 15 ਸਤੰਬਰ ਜਾਂ ਉਸ ਤੋਂ ਬਾਅਦ ਪੁਰਾਣਾ ਫਾਰਮ ਡਾਕ ਰਾਹੀਂ ਭੇਜਿਆ ਜਾਂਦਾ ਹੈ, ਤਾਂ ਅਰਜ਼ੀ ਰੱਦ ਹੋਣ ਕਾਰਨ ਨਾ ਸਿਰਫ਼ ਮੋਟੀ ਪ੍ਰੋਸੈਸਿੰਗ ਫੀਸ ਬਰਬਾਦ ਹੋਵੇਗੀ, ਸਗੋਂ ਕਾਨੂੰਨੀ ਰੁਤਬਾ ਖ਼ਤਮ ਹੋਣ ਜਾਂ ਨੌਕਰੀ ਛੁੱਟਣ ਦਾ ਗੰਭੀਰ ਖ਼ਤਰਾ ਵੀ ਖੜ੍ਹਾ ਹੋ ਜਾਵੇਗਾ।

ਤਕਨੀਕੀ ਬਾਰੀਕੀਆਂ ਅਤੇ ਤਾਰੀਖ਼ਾਂ ਦੇ ਹਿਸਾਬ ਨਾਲ ਬਿਨੈਕਾਰਾਂ ਨੂੰ ਦੋਹਰੀ ਚੌਕਸੀ ਵਰਤਣੀ ਪਵੇਗੀ। ਫਾਰਮ ਆਈ-539 ਲਈ ਪੁਰਾਣਾ ਸੰਸਕਰਣ (08/28/24) ਅਤੇ ਫਾਰਮ ਆਈ-765 ਲਈ ਪੁਰਾਣਾ ਸੰਸਕਰਣ (08/21/25) ਸਿਰਫ਼ 14 ਸਤੰਬਰ, 2026 ਤੱਕ ਹੀ ਜਮ੍ਹਾਂ ਕਰਵਾਏ ਜਾ ਸਕਦੇ ਹਨ। 15 ਸਤੰਬਰ, 2026 ਤੋਂ ਦੋਵਾਂ ਫਾਰਮਾਂ ਦਾ ਸਿਰਫ਼ ਨਵਾਂ ਸੰਸਕਰਣ (09/15/26) ਹੀ ਵੈਧ ਮੰਨਿਆ ਜਾਵੇਗਾ। ਇਸ ਦੇ ਨਾਲ ਹੀ ਵਿਭਾਗ ਨੇ ਇਹ ਵੀ ਸਾਵਧਾਨ ਕੀਤਾ ਹੈ ਕਿ ਨਵਾਂ ਫਾਰਮ 15 ਸਤੰਬਰ ਤੋਂ ਪਹਿਲਾਂ ਜਮ੍ਹਾਂ ਨਹੀਂ ਕਰਵਾਇਆ ਜਾ ਸਕਦਾ। ਅਜਿਹੇ ਵਿੱਚ ਡਾਕ ਰਾਹੀਂ ਅਰਜ਼ੀ ਭੇਜਣ ਵਾਲਿਆਂ ਨੂੰ ਪੋਸਟਮਾਰਕ ਦੀ ਤਾਰੀਖ਼ ਅਤੇ ਪਹੁੰਚਣ ਦੇ ਸਮੇਂ ਦਾ ਖ਼ਾਸ ਧਿਆਨ ਰੱਖਣਾ ਪਵੇਗਾ, ਕਿਉਂਕਿ ਇੱਕ ਦਿਨ ਦੀ ਦੇਰੀ ਜਾਂ ਅਗੇਤੀ ਵੀ ਪੂਰੀ ਮਿਹਨਤ ’ਤੇ ਪਾਣੀ ਫੇਰ ਸਕਦੀ ਹੈ।ਇੰਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਵਿੱਚ ਇਮੀਗ੍ਰੇਸ਼ਨ ਪ੍ਰਣਾਲੀ ਕਿੰਨੀ ਗੁੰਝਲਦਾਰ ਅਤੇ ਸਖ਼ਤ ਹੋ ਚੁੱਕੀ ਹੈ। ਵਿਦੇਸ਼ਾਂ ਵਿੱਚ ਵਸਦੇ ਭਾਰਤੀ ਭਾਈਚਾਰੇ, ਖਾਸ ਕਰਕੇ ਪੰਜਾਬੀ ਨੌਜਵਾਨਾਂ ਅਤੇ ਪੇਸ਼ੇਵਰਾਂ ਲਈ ਜ਼ਰੂਰੀ ਹੈ ਕਿ ਉਹ ਅਜਿਹੀਆਂ ਤਕਨੀਕੀ ਤਬਦੀਲੀਆਂ ਨੂੰ ਹਲਕੇ ਵਿੱਚ ਨਾ ਲੈਣ। ਕਿਸੇ ਵੀ ਅਣਜਾਣ ਏਜੰਟ ਜਾਂ ਅਧੂਰੀ ਜਾਣਕਾਰੀ ’ਤੇ ਨਿਰਭਰ ਰਹਿਣ ਦੀ ਬਜਾਏ, ਸਰਕਾਰੀ ਵੈੱਬਸਾਈਟ ਦੀਆਂ ਹਦਾਇਤਾਂ ਦੀ ਖ਼ੁਦ ਪੁਸ਼ਟੀ ਕਰਨੀ ਚਾਹੀਦੀ ਹੈ ਅਤੇ ਪ੍ਰਮਾਣਿਤ ਇਮੀਗ੍ਰੇਸ਼ਨ ਵਕੀਲਾਂ ਦੀ ਸਲਾਹ ਲੈਣੀ ਚਾਹੀਦੀ ਹੈ। ਮੌਜੂਦਾ ਹਾਲਾਤ ਵਿੱਚ ਸਿਰਫ਼ ਮਿਹਨਤ ਨਾਲ ਕੰਮ ਕਰਨਾ ਹੀ ਕਾਫ਼ੀ ਨਹੀਂ, ਸਗੋਂ ਇਮੀਗ੍ਰੇਸ਼ਨ ਨਿਯਮਾਂ ਪ੍ਰਤੀ ਜਾਗਰੂਕ ਅਤੇ ਸਮੇਂ ਦੇ ਪਾਬੰਦ ਰਹਿਣਾ ਹੀ ਸੁਰੱਖਿਅਤ ਭਵਿੱਖ ਦੀ ਅਸਲ ਗਾਰੰਟੀ ਹੈ।

## ਅਮਰੀਕਾ ਨੇ ਜ਼ਰੂਰੀ ਕੀਤੀਆਂ ਇਮੀਗ੍ਰੇਸ਼ਨ ਲਈ ਆਨ ਲਾਈਨ ਅਰਜ਼ੀਆਂ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦਾ ਟਰੰਪ ਪ੍ਰਸ਼ਾਸਨ ਇੱਕ ਅਜਿਹਾ ਕਦਮ ਚੁੱਕਣ ਜਾ ਰਿਹਾ ਹੈ ਜਿਹੜਾ ਇਮੀਗ੍ਰੇਸ਼ਨ ਨਾਲ ਸਬੰਧਿਤ ਕਈ ਤਰ੍ਹਾਂ ਦੇ ਫਾਇਦਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਪ੍ਰਸ਼ਾਸਨ ਗ੍ਰੀਨ ਕਾਰਡ, ਨਾਗਰਿਕਤਾ ਤੇ ਸ਼ਰਨ ਸਣੇ ਵੱਖ-ਵੱਖ ਇਮੀਗ੍ਰੇਸ਼ਨ ਫਾਇਦਿਆਂ ਲਈ ਆਨਲਾਈਨ ਅਰਜ਼ੀ ਨੂੰ ਲਾਜ਼ਮੀ ਕਰਨ ਦੀ ਤਿਆਰੀ ’ਚ ਹੈ। ਇਹ ਕਦਮ ਕੰਮਕਾਜ ਨੂੰ ਜ਼ਿਆਦਾ ਬਿਹਤਰ ਕਰਨ ਦੇ ਮਕਸਦ ਨਾਲ ਚੁੱਕਿਆ ਜਾ ਰਿਹਾ ਹੈ।ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਫੈੱਡਰਲ ਰਜਿਸਟਰ ’ਚ ਛਪੇ ਇੱਕ ਨਵੇਂ ਨਿਯਮ ’ਚ ਕਿਹਾ ਕਿ ਹੁਣ ਕਿਸੇ ਵੀ ਫਾਰਮ ਨੂੰ ਆਨਲਾਈਨ ਜਮ੍ਹਾ ਕਰਨਾ ਲਾਜ਼ਮੀ ਹੋਵੇਗਾ, ਜਿਹੜਾ ਘੱਟੋ ਘੱਟ 180 ਦਿਨਾਂ ’ਚ ਈ-ਫਾਈਲਿੰਗ ਕਰਨ ਲਈ ਉਪਲਬਧ ਹੈ। ਇਸ ਤਹਿਤ ਇੱਕ ਅਜਿਹੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਜਾਏਗੀ, ਜਿਸਦੇ ਜ਼ਰੀਏ ਏਜੰਸੀ ਘੱਟੋ ਘੱਟ 60 ਦਿਨਾਂ ਦੇ ਨੋਟਿਸ ਤੋਂ ਬਾਅਦ ਕਿਸੇ ਵੀ ਫਾਰਮ ਨੂੰ ਸਿਰਫ਼ ਆਨਲਾਈਨ ਜਮ੍ਹਾ ਕਰਨਾ ਲਾਜ਼ਮੀ ਕਰ ਸਕੇਗੀ। ਇਹ ਨਵਾਂ ਨਿਯਮ ਇਮੀਗ੍ਰੇਸ਼ਨ ਨਾਲ ਸਬੰਧਿਤ ਕਈ ਤਰ੍ਹਾਂ ਦੇ ਫਾਇਦਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਵਿੱਚ ਗ੍ਰੀਨ ਕਾਰਡ ਲਈ ਅਪਲਾਈ ਤੇ ਉਸ ਦਾ ਨਵੀਨੀਕਰਨ, ਪਰਿਵਾਰ ਆਧਾਰਿਤ ਪਟੀਸ਼ਨਾਂ, ਨਾਗਰਿਕਤਾ ਲਈ ਅਪੀਲ, ਸ਼ਰਨ ਲਈ ਦਾਅਵੇ, ਰੁਜ਼ਗਾਰ ਲਈ ਅਰਜ਼ੀ ਤੇ ਅਸਥਾਈ ਸੁਰੱਖਿਆ ਸਥਿਤੀ ਨਾਲ ਜੁੜੀਆਂ ਅਰਜ਼ੀਆਂ ਸ਼ਾਮਲ ਹਨ। ਅਰਜ਼ੀਕਾਰ ਆਮ ਤੌਰ ’ਤੇ ਯੂ.ਐੱਸ.ਸੀ.ਆਈ.ਐੱਸ. ਦੇ ਆਨਲਾਈਨ ਅਕਾਊਂਟ ਰਾਹੀਂ ਅਰਜ਼ੀ ਜਮ੍ਹਾ ਕਰ ਸਕਣਗੇ। ਇਸ ਦੇ ਲਈ ਉਹ ਫਾਰਮ ਆਨਲਾਈਨ ਭਰਨਗੇ ਜਾਂ ਭਰੇ ਹੋਏ ਫਾਰਮ ਤੇ ਸਬੰਧਿਤ ਦਸਤਾਵੇਜ਼ ਦੀ ਪੀ.ਡੀ.ਐੱਫ. ਕਾਪੀ ਅਪਲੋਡ ਕਰਨਗੇ।

ਯੂ.ਐੱਸ.ਸੀ.ਆਈ.ਐੱਸ. ਦੇ ਮੁਤਾਬਕ, ਈ-ਫਾਈਲਿੰਗ ਨਾਲ ਅਰਜ਼ੀ ਦਾਖਲ ਕਰਨ ਨਾਲ ਕਾਰਜਕੁਸ਼ਲਤਾ ਵਧੇਗੀ ਤੇ ਗਲਤੀਆਂ ਘੱਟ ਹੋਣਗੀਆਂ। ਇਮੀਗ੍ਰੇਸ਼ਨ ਸਬੰਧੀ ਡਾਟਾ ਤੱਕ ਪਹੁੰਚ ਤੇ ਇਨ੍ਹਾਂ ਦੇ ਵਿਸ਼ਲੇਸ਼ਣ ’ਚ ਆਸਾਨੀ ਹੋਣ ਨਾਲ ਧੋਖਾਧੜੀ ਦਾ ਪਤਾ ਲਗਾਉਣ ਤੇ ਸੁਰੱਖਿਆ ਜਾਂਚ ਨੂੰ ਮਜ਼ਬੂਤ ਕਰਨ ’ਚ ਮਦਦ ਵੀ ਮਿਲੇਗੀ।

## ਅਮਰੀਕਾ ਨੇ ਵਧਾਈ ਵੀਜ਼ਾ ਮਿਆਦ ਦੇ ਵਿਸਥਾਰ ਦੀਆਂ ਅਰਜ਼ੀਆਂ ’ਤੇ ਫ਼ੀਸ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀ.ਐੱਚ.ਐੱਸ.) ਨੇ ਮਾਲਕਾਂ ਵੱਲੋਂ ਦਾਖ਼ਲ ਕੀਤੇ ਜਾਣ ਵਾਲੇ ਵੀਜ਼ਾ ਮਿਆਦ ਦੇ ਵਿਸਥਾਰ ਦੀਆਂ ਅਰਜ਼ੀਆਂ ’ਤੇ ਵੀ ਫ਼ੀਸ ਦਾ ਵਿਸਥਾਰ ਕਰ ਦਿੱਤਾ ਹੈ। ਭਾਵੇਂ ਮੁਲਾਜ਼ਮ ਉਸੇ ਕੰਪਨੀ ’ਚ ਬਣੇ ਰਹਿਣ। ਐੱਚ-1ਬੀ ਅਰਜ਼ੀਆਂ ’ਤੇ ਇਹ ਚਾਰਜ 4000 ਡਾਲਰ ਤੇ ਐੱਲ-1 ਅਰਜ਼ੀਆਂ ’ਤੇ ਇਹ 4500 ਡਾਲਰ ਹੈ। ਨੌਂ ਸਤੰਬਰ ਤੋਂ ਲਾਗੂ ਹੋਣ ਵਾਲੇ ਇਸ ਨਿਯਮ ਨਾਲ ਵਿਦੇਸ਼ੀ ਪ੍ਰਤਿਭਾਵਾਂ ’ਤੇ ਬਹੁਤ ਜ਼ਿਆਦਾ ਨਿਰਭਰ ਕਾਰੋਬਾਰਾਂ ਲਈ ਵਾਰ-ਵਾਰ ਹੋਣ ਵਾਲੇ ਇਮੀਗ੍ਰੇਸ਼ਨ ਖ਼ਰਚ ’ਚ ਕਾਫ਼ੀ ਵਾਧਾ ਹੋਣ ਦੀ ਸੰਭਾਵਨਾ ਹੈ।




ਇਹ ਨਿਯਮ ਖ਼ਾਸ ਤੌਰ ’ਤੇ ਉਨ੍ਹਾਂ ਕੰਪਨੀਆਂ ’ਤੇ ਲਾਗੂ ਹੋਵੇਗਾ ਜਿਹੜੀਆਂ ਅਮਰੀਕਾ ’ਚ ਘੱਟੋ-ਘੱਟ 50 ਮੁਲਾਜ਼ਮਾਂ ਨੂੰ ਰੁਜ਼ਗਾਰ ਦਿੰਦੀਆਂ ਹਨ ਤੇ ਜਿੱਥੇ 50 ਫ਼ੀਸਦੀ ਤੋਂ ਜ਼ਿਆਦਾ ਘਰੇਲੂ ਮੁਲਾਜ਼ਮਾਂ ਕੋਲ ਸਮੂਹਿਕ ਰੂਪ ਨਾਲ ਐੱਚ-1ਬੀ, ਐੱਲ-1ਏ ਜਾਂ ਐੱਲ-1ਬੀ ਦਾ ਦਰਜਾ ਹੈ। ਸੋਧੇ ਨਿਯਮ ਤਹਿਤ ਅਜਿਹੀਆਂ ਕੰਪਨੀਆਂ ਨੂੰ ਹਰ ਵਾਰ ਕਿਸੇ ਮੁਲਾਜ਼ਮ ਦਾ ਪਰਵਾਸ ਵਧਾਉਣ ਲਈ ਅਪਲਾਈ ਕਰਦੇ ਸਮੇਂ 9/11 ਰਿਸਪਾਂਸ ਤੇ ਬਾਇਓਮੀਟ੍ਰਿਕ ਐਂਟਰੀ-ਐਗਜ਼ਿਟ ਫ਼ੀਸ ਜਮ੍ਹਾ ਕਰਨੀ ਪਵੇਗੀ। ਪਹਿਲਾਂ ਇਹ ਚਾਰਜ ਆਮ ਤੌਰ ’ਤੇ ਸ਼ੁਰੂਆਤੀ ਰੁਜ਼ਗਾਰ ਜਾਂ ਮਾਲਕ ਬਦਲਣ ਨਾਲ ਜੁੜੀਆਂ ਅਰਜ਼ੀਆਂ ਤੱਕ ਹੀ ਸੀਮਤ ਸੀ। ਮਾਲਕ ਨੂੰ ਪਹਿਲਾਂ ਤੋਂ ਕੰਮ ਕਰ ਰਹੇ ਮੁਲਾਜ਼ਮ ਲਈ ਵੀਜ਼ਾ ਵਿਸਥਾਰ ਚਾਰਜ ਤੋਂ ਛੋਟ ਹਾਸਲ ਸੀ, ਬਸ਼ਰਤੇ ਅਲੱਗ ਤੋਂ ਧੋਖਾਧੜੀ-ਰੋਕਥਾਮ ਫ਼ੀਸ (ਫ਼ਰਾਡ-ਪ੍ਰੀਵੈਂਸ਼ਨ ਫ਼ੀਸ) ਲਾਗੂ ਨਾ ਹੋਵੇ।ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਨਿਯਮਾਂ ’ਚ ਬਦਲਾਅ ਡੀ.ਐੱਚ.ਐੱਸ. ਦੀ ਕਾਨੂੰਨੀ ਭਾਸ਼ਾ ਦੀ ਵਿਆਖਿਆ ਨੂੰ ਸਹੀ ਕਰਦੇ ਹਨ ਤਾਂ ਜੋ ਇਸ ਦੇ ਦਾਇਰੇ ’ਚ ਆਉਣ ਵਾਲੇ ਮਾਲਕਾਂ ਨੂੰ ਦਰਜਾ ਵਿਸਥਾਰ ਦੀਆਂ ਸਾਰੀਆਂ ਅਰਜ਼ੀਆਂ ਲਈ 9/11 ਬਾਇਓਮੀਟ੍ਰਿਕ ਫ਼ੀਸ ਜਮ੍ਹਾ ਕਰਨੀ ਪਵੇ, ਭਾਵੇਂ ਸਬੰਧਿਤ ਫ਼ਰਾਡ ਪ੍ਰੀਵੈਂਸ਼ਨ ਐਂਡ ਡਿਟੈਕਸ਼ਨ ਫ਼ੀਸ ਲਾਗੂ ਹੋਵੇ ਜਾਂ ਨਹੀਂ। ਹਾਲਾਂਕਿ ਚਾਰਜ ਦੀਆਂ ਅਸਲੀ ਦਰਾਂ ਉਹੀ ਹਨ ਪਰ ਇਸ ਬਦਲਾਅ ਨਾਲ ਉਨ੍ਹਾਂ ਅਰਜ਼ੀਆਂ ਦੀ ਗਿਣਤੀ ਕਾਫ਼ੀ ਵਧ ਗਈ ਹੈ ਜਿਨ੍ਹਾਂ ’ਤੇ ਇਹ ਮੌਜੂਦਾ ਚਾਰਜ ਲਾਗੂ ਹੋਣਗੇ। ਪ੍ਰਭਾਵਿਤ ਮਾਲਕਾਂ ਨੂੰ ਹਰ ਪਾਤਰ ਐੱਚ-1ਬੀ ਅਰਜ਼ੀਆਂ ਲਈ 4000 ਡਾਲਰ ਤੇ ਹਰ ਐੱਲ-1 ਅਰਜ਼ੀ ਲਈ 4500 ਡਾਲਰ ਦਾ ਖ਼ਰਚ ਚੁੱਕਣਾ ਪਵੇਗਾ। ਤਰਮੀਮਸ਼ੁਦਾ ਅਰਜ਼ੀਆਂ ਜਿਨ੍ਹਾਂ ’ਚ ਮੁਲਾਜ਼ਮ ਦੇ ਅਧਿਕਾਰਤ ਦਰਜੇ ਦੀ ਮਿਆਦ ਵਧਾਉਣ ਦੀ ਅਪੀਲ ਨਹੀਂ ਕੀਤੀ ਗਈ, ਉਨ੍ਹਾਂ ਨੂੰ ਛੋਟ ਮਿਲਦੀ ਰਹੇਗੀ। ਇਸ ਸਬੰਧ ’ਚ ਵਿੱਤੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਾਲ ਮਾਲਕਾਂ ’ਤੇ ਹੈ, ਡੀ.ਐੱਚ.ਐੱਸ. ਨੇ ਉਨ੍ਹਾਂ ਪ੍ਰਸਤਾਵਾਂ ਨੂੰ ਖ਼ਾਰਜ ਕਰ ਦਿੱਤਾ ਹੈ ਜਿਨ੍ਹਾਂ ਤਹਿਤ ਵਿਦੇਸ਼ੀ ਪੇਸ਼ੇਵਰ ਖ਼ੁਦ ਇਹ ਚਾਰਜ ਦੇ ਸਕਦੇ ਸਨ, ਜੇਕਰ ਉਨ੍ਹਾਂ ਦੀਆਂ ਕੰਪਨੀਆਂ ਭੁਗਤਾਨ ਕਰਨ ਲਈ ਤਿਆਰ ਨਾ ਹੋਣ। ਸਰਕਾਰੀ ਦਸਤਾਵੇਜ਼ਾਂ ’ਚ ਮੰਨਿਆ ਗਿਆ ਹੈ ਕਿ ਜੇਕਰ ਕੰਪਨੀਆਂ ਵਾਰ-ਵਾਰ ਵੀਜ਼ਾ ਵਿਸਥਾਰ ਨਾਲ ਜੁੜੇ ਖ਼ਰਚਿਆਂ ’ਤੇ ਦੁਬਾਰਾ ਵਿਚਾਰ ਕਰਦੀਆਂ ਹਨ ਤਾਂ ਭਾਰਤੀ ਟੈਕਨਾਲੋਜੀ ਮਾਹਿਰਾਂ ਤੇ ਸਿਖਲਾਈ ਪ੍ਰਾਪਤ ਪੇਸ਼ੇਵਰਾਂ ’ਤੇ ਅਸਿੱਧਾ ਅਸਰ ਪੈ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਥਕ ਜਥੇਬੰਦੀਆਂ ਨੇ ਕੌਮਾਂਤਰੀ ਪੱਧਰ ’ਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦਾ ਮੁੱਦਾ ਚੁੱਕਿਆ

## ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਅੱਗੇ ਸਿੱਖਾਂ ਤੇ ਕਸ਼ਮੀਰੀਆਂ ਦਾ ਸਾਂਝਾ ਮੁਜ਼ਾਹਰਾ; ਇਨਸਾਫ਼ ਦੀ ਮੰਗ

## ਜਰਮਨੀ ਦੇ ਫਰੈਂਕਫਰਟ ਕੌਂਸਲੇਟ ਮੂਹਰੇ ਪੰਥਕ ਧਿਰਾਂ ਦਾ ਇਕੱਠ, ਭਾਰਤੀ ਆਜ਼ਾਦੀ ਦੇ ਜਸ਼ਨਾਂ ਦਾ ਵਿਰੋਧ









15 ਅਗਸਤ ਮੌਕੇ ਜਿੱਥੇ ਭਾਰਤ ਵਿੱਚ 80ਵੇਂ ਆਜ਼ਾਦੀ ਦਿਹਾੜੇ ਦੇ ਰਸਮੀ ਜਸ਼ਨ ਮਨਾਏ ਗਏ, ਉੱਥੇ ਹੀ ਪੱਛਮੀ ਮੁਲਕਾਂ—ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ ਅਤੇ ਜਰਮਨੀ—ਵਿੱਚ ਵੱਸਦੇ ਸਿੱਖ ਡਾਇਸਪੋਰਾ ਅਤੇ ਕਸ਼ਮੀਰੀ ਕਾਰਕੁਨਾਂ ਵੱਲੋਂ ਭਾਰਤੀ ਸਫ਼ਾਰਤਖ਼ਾਨਿਆਂ ਤੇ ਕੌਂਸਲੇਟਾਂ ਅੱਗੇ ਵੱਡੇ ਪੱਧਰ ’ਤੇ ਰੋਸ ਪ੍ਰਦਰਸ਼ਨ ਕਰਕੇ ਇਸ ਦਿਨ ਦਾ ਮੁਕੰਮਲ ਬਾਈਕਾਟ ਕੀਤਾ ਗਿਆ। ਲੰਡਨ, ਟੋਰਾਂਟੋ, ਵਾਸ਼ਿੰਗਟਨ, ਰੋਮ ਅਤੇ ਫ਼ਰੈਂਕਫ਼ਰਟ ਵਰਗੇ ਪ੍ਰਮੁੱਖ ਵਿਸ਼ਵ ਸ਼ਹਿਰਾਂ ਵਿੱਚ ਹੋਏ ਇਹ ਪ੍ਰਦਰਸ਼ਨ ਮਹਿਜ਼ ਇੱਕ ਰਵਾਇਤੀ ਨਾਅਰੇਬਾਜ਼ੀ ਨਹੀਂ ਹਨ, ਸਗੋਂ ਇਹ ਦਹਾਕਿਆਂ ਤੋਂ ਦੱਬੇ ਹੋਏ ਇਤਿਹਾਸਕ ਦਰਦ, ਰਾਜਨੀਤਕ ਬੇਗਾਨਗੀ ਅਤੇ ਮਨੁੱਖੀ ਅਧਿਕਾਰਾਂ ਦੀਆਂ ਕਥਿਤ ਉਲੰਘਣਾਵਾਂ ਦੀ ਗੰਭੀਰ ਗਵਾਹੀ ਭਰਦੇ ਹਨ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਸਿੱਖ ਕੌਮ ਨੇ ਆਪਣੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਵੱਧ ਕੁਰਬਾਨੀਆਂ ਦਿੱਤੀਆਂ। ਪਰ ਪਰਵਾਸ ਵਿੱਚ ਬੈਠੇ ਸਿੱਖ ਆਗੂਆਂ ਦਾ ਤਰਕ ਹੈ ਕਿ 1947 ਤੋਂ ਬਾਅਦ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਬਰਾਬਰ ਦੇ ਸ਼ਹਿਰੀ ਵਜੋਂ ਸਵੀਕਾਰਨ ਦੀ ਬਜਾਏ ਸ਼ੱਕ ਦੇ ਦਾਇਰੇ ਵਿੱਚ ਰੱਖਿਆ ਗਿਆ।

ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ’ਤੇ ਹੋਇਆ ਭਾਰਤੀ ਫ਼ੌਜੀ ਹਮਲਾ ਸਿੱਖ ਮਾਨਸਿਕਤਾ ’ਤੇ ਅਜਿਹਾ ਜ਼ਖ਼ਮ ਹੈ ਜੋ ਚਾਰ ਦਹਾਕੇ ਬੀਤ ਜਾਣ ਦੇ ਬਾਵਜੂਦ ਅੱਲ੍ਹਾ ਹੈ।

ਨਵੰਬਰ 1984 ਦਾ ਸਿੱਖ ਕਤਲੇਆਮ: ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸ਼ਹਿਰਾਂ ਵਿੱਚ ਹੋਏ ਨਸਲਕੁਸ਼ੀ ਵਰਗੇ ਕਤਲੇਆਮ ਦੇ ਮੁੱਖ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਕਾਨੂੰਨ ਦੇ ਰਾਜ ਅਤੇ ਨਿਆਂ ਪ੍ਰਣਾਲੀ ’ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। 80ਵਿਆਂ ਅਤੇ 90ਵਿਆਂ ਦੇ ਦਹਾਕੇ ਦੌਰਾਨ ਪੰਜਾਬ ਵਿੱਚ ਚੱਲੇ ਪੁਲਿਸ ਜਬਰ, ਲਾਵਾਰਿਸ ਲਾਸ਼ਾਂ ਦੇ ਸਸਕਾਰ ਅਤੇ ਝੂਠੇ ਮੁਕਾਬਲਿਆਂ ਦੀ ਕਦੇ ਵੀ ਨਿਰਪੱਖ ਜਾਂਚ ਨਹੀਂ ਹੋਈ, ਜਿਸ ਨੇ ਪੀੜਤ ਪਰਿਵਾਰਾਂ ਵਿੱਚ ਬੇਇਨਸਾਫ਼ੀ ਦੀ ਭਾਵਨਾ ਨੂੰ ਸਥਾਈ ਬਣਾ ਦਿੱਤਾ।

ਵਿਦੇਸ਼ਾਂ ਵਿੱਚ ਹੋਏ ਮੁਜ਼ਾਹਰਿਆਂ ਦੌਰਾਨ ਸਿਰਫ਼ ਸਿੱਖਾਂ ਦੇ ਮਸਲੇ ਹੀ ਨਹੀਂ, ਸਗੋਂ ਭਾਰਤ ਅੰਦਰ ਸਮੁੱਚੀਆਂ ਘੱਟ ਗਿਣਤੀਆਂ ਦੀ ਸਥਿਤੀ ’ਤੇ ਚਿੰਤਾ ਪ੍ਰਗਟਾਈ ਗਈ।

ਅਦਾਲਤੀ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਨਾ ਹੋਣਾ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਮੰਨਿਆ ਜਾ ਰਿਹਾ ਹੈ। ਇਸ ਮੁੱਦੇ ’ਤੇ ਚੰਡੀਗੜ੍ਹ ਵਿਖੇ ਸ਼ਾਂਤਮਈ ਰੋਸ ਪ੍ਰਗਟਾਉਣ ਵਾਲੇ ਆਗੂਆਂ, ਖ਼ਾਸ ਕਰਕੇ ਸੀਨੀਅਰ ਪੰਥਕ ਆਗੂ ਸਿਮਰਨਜੀਤ ਸਿੰਘ ਮਾਨ ਤੇ ਸਾਥੀਆਂ ’ਤੇ ਅੱਥਰੂ ਗੈਸ ਅਤੇ ਲਾਠੀਚਾਰਜ ਦੀ ਵਰਤੋਂ ਨੇ ਰੋਸ ਨੂੰ ਹੋਰ ਭੜਕਾਇਆ ਹੈ।

ਜੰਮੂ-ਕਸ਼ਮੀਰ ਵਿੱਚ ਧਾਰਾ 370 ਦੇ ਖ਼ਾਤਮੇ ਤੋਂ ਬਾਅਦ ਪੈਦਾ ਹੋਈ ਸਥਿਤੀ, ਮਨੀਪੁਰ ਤੇ ਨਾਗਾਲੈਂਡ ਵਿੱਚ ਇਸਾਈ ਭਾਈਚਾਰੇ ’ਤੇ ਹਮਲੇ, ਅਤੇ ਦੇਸ਼ ਭਰ ਵਿੱਚ ਦਲਿਤਾਂ ਤੇ ਆਦਿਵਾਸੀਆਂ ਦੇ ਕੁਦਰਤੀ ਹੱਕਾਂ ’ਤੇ ਡਾਕਿਆਂ ਨੇ ਵੱਖ-ਵੱਖ ਦੱਬੇ-ਕੁਚਲੇ ਵਰਗਾਂ ਨੂੰ ਇੱਕ ਸਾਂਝੇ ਕੌਮਾਂਤਰੀ ਪਲੇਟਫ਼ਾਰਮ ’ਤੇ ਲਿਆ ਖੜ੍ਹਾ ਕੀਤਾ ਹੈ।

### ਸਵੈ-ਨਿਰਣੇ ਦੀ ਮੰਗ ਅਤੇ ਕੌਮਾਂਤਰੀਕਰਨ

ਪਰਵਾਸ ਵਿੱਚ ਸਿੱਖਸ ਫ਼ਾਰ ਜਸਟਿਸ, ਦਲ ਖ਼ਾਲਸਾ, ਫ਼ੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼, ਇੰਟਰਨੈਸ਼ਨਲ ਸਿੱਖ ਫ਼ੈਡਰੇਸ਼ਨ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਜਥੇਬੰਦੀਆਂ ਨੇ ਖ਼ਾਲਿਸਤਾਨ ਨੂੰ ਸਿੱਖ ਮਸਲਿਆਂ ਦਾ ਸਿਆਸੀ ਹੱਲ ਦੱਸਦਿਆਂ ਸਵੈ-ਨਿਰਣੇ ਦੇ ਅਧਿਕਾਰ ਦੀ ਮੰਗ ਦੁਹਰਾਈ ਹੈ। ਉਹ ਇਸ ਸੰਘਰਸ਼ ਨੂੰ ਸੰਯੁਕਤ ਰਾਸ਼ਟਰ ਦੇ ਚਾਰਟਰ ਅਧੀਨ ਲੋਕਤੰਤਰੀ ਅਤੇ ਸ਼ਾਂਤਮਈ ਅਧਿਕਾਰ ਵਜੋਂ ਪਰਿਭਾਸ਼ਿਤ ਕਰ ਰਹੇ ਹਨ।

ਪੰਥਕ ਆਗੂਆਂ ਦਾ ਕਹਿਣਾ ਹੈ ਕਿ ਕਿਸੇ ਵੀ ਪਰਿਪੱਕ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਇਹ ਹੁੰਦੀ ਹੈ ਕਿ ਉਹ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਥਾਂ ਉਨ੍ਹਾਂ ਦੇ ਮੂਲ ਕਾਰਨਾਂ ਨੂੰ ਸਮਝੇ। ਵਿਦੇਸ਼ੀ ਧਰਤੀ ’ਤੇ ਹਰ ਸਾਲ ਵਧਦਾ ਇਹ ਵਿਰੋਧ ਦਰਸਾਉਂਦਾ ਹੈ ਕਿ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕਰਕੇ ਜਾਂ ਤਾਕਤ ਦੇ ਜ਼ੋਰ ਨਾਲ ਦਬਾ ਕੇ ਹੱਲ ਨਹੀਂ ਲੱਭਿਆ ਜਾ ਸਕਦਾ। ਜਦੋਂ ਤੱਕ ਇਤਿਹਾਸਕ ਜ਼ਖ਼ਮਾਂ ’ਤੇ ਇਨਸਾਫ਼ ਦੀ ਮੱਲ੍ਹਮ ਨਹੀਂ ਲਗਾਈ ਜਾਂਦੀ, ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਨਹੀਂ ਬਣਾਈ ਜਾਂਦੀ ਅਤੇ ਘੱਟ ਗਿਣਤੀਆਂ ਦੇ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਰਾਖੀ ਨਹੀਂ ਹੁੰਦੀ, ਉਦੋਂ ਤੱਕ ਆਜ਼ਾਦੀ ਦੇ ਜਸ਼ਨਾਂ ਦੌਰਾਨ ਵਿਰੋਧ ਦੀਆਂ ਇਹ ਗੂੰਜਾਂ ਕੌਮਾਂਤਰੀ ਮੰਚਾਂ ’ਤੇ ਸੁਣਾਈ ਦਿੰਦੀਆਂ ਰਹਿਣਗੀਆਂ।

## ਕੈਨੇਡਾ ਦੇ ਐਡਮਿੰਟਨ ’ਚ ਪੰਜਾਬੀ ਟਰੱਕ ਡਰਾਇਵਰ ’ਤੇ ਨਸਲੀ ਹਮਲਾ



ਵੈਨਕੂਵਰ/ਏ.ਟੀ.ਨਿਊਜ਼: ਐਡਮਿੰਟਨ ਵਿੱਚ ਇੱਕ ਪੰਜਾਬੀ ਟਰੱਕ ਡਰਾਈਵਰ ਦੇ ਪਹਿਰਾਵੇ ਉੱਤੇ ਨਸਲੀ ਟਿੱਪਣੀਆਂ ਕਰਨ ਤੋਂ ਬਾਅਦ ਉਸ ਦੀ ਕੁੱਟਮਾਰ ਕੀਤੇ ਜਾਣ ਦੀ ਜਾਂਚ ਪੁਲਿਸ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਸਰੀ ਦਾ ਇਹ ਡਰਾਈਵਰ ਤਲਵਿੰਦਰ ਸਿੰਘ ਅਟਵਾਲ ਵਾਲਮਾਰਟ ਦਾ ਸਾਮਾਨ ਲੈ ਕੇ ਐਡਮਿੰਟਨ ਲਾਹੁਣ ਗਿਆ ਸੀ।

ਤਲਵਿੰਦਰ ਨੇ ਇੱਕ ਟੀ.ਵੀ. ਪ੍ਰੋਗਰਾਮ ਵਿੱਚ ਦੱਸਿਆ ਕਿ ਇਹ ਘਟਨਾ 6 ਅਗਸਤ ਨੂੰ ਵਾਪਰੀ। ਉਸ ਨੇ ਦੱਸਿਆ ਕਿ ਜਿਵੇਂ ਹੀ ਉਹ ਟਰੱਕ ਦਾ ਸਾਮਾਨ ਉਤਰਵਾ ਰਿਹਾ ਸੀ, ਤਾਂ ਉਸ ਕੋਲੋਂ ਲੰਘੇ ਇੱਕ ਔਰਤ ਅਤੇ ਮਰਦ ਨੇ ਉਸ ਦੇ ਪਹਿਰਾਵੇ ਉੱਤੇ ਗਲਤ ਟਿੱਪਣੀਆਂ ਕੀਤੀਆਂ।

ਉਸ ਨੇ ਕਿਹਾ ਕਿ ਪਹਿਲਾਂ ਤਾਂ ਉਸ ਨੇ ਇਸ ਨੂੰ ਅਣਗੌਲਿਆ ਕੀਤਾ, ਪਰ ਜਦੋਂ ਉਹ ਬੋਲਦੇ ਰਹੇ ਤਾਂ ਉਸ ਨੇ ਉਨ੍ਹਾਂ ਨੂੰ ਪੁੱਛ ਲਿਆ ਕਿ ਤੁਸੀਂ ਮੇਰੇ ਪਹਿਰਾਵੇ ਤੋਂ ਕੀ ਲੈਣਾ ਹੈ? ਇਸ ਗੱਲ ਤੋਂ ਉਹ ਭੜਕ ਗਏ ਅਤੇ ਉਸ ਕੋਲ ਆ ਕੇ ਉਸ ਦੀ ਗਰਦਨ ’ਤੇ ਵਾਰ ਕਰਕੇ ਪਰੇ ਨੂੰ ਧੱਕ ਦਿੱਤਾ ਅਤੇ ਫਿਰ ਦੋਵੇਂ ਕੁੱਟਮਾਰ ਕਰਨ ਲੱਗੇ।

ਉਸ ਨੇ ਕਿਹਾ ਕਿ ਅਚਾਨਕ ਹੋਏ ਇਸ ਜਿਹੇ ਵਿਹਾਰ ਨੂੰ ਉਹ ਕੁਝ ਸਮਝ ਪਾਉਂਦਾ,ਇਸ ਤੋਂ ਪਹਿਲਾਂ ਹੀ ਦੋਵੇਂ ਕੁੱਟਮਾਰ ਅਤੇ ਭੱਦੀਆਂ ਟਿੱਪਣੀਆਂ ਕਰਦੇ ਹੋਏ ਉੱਥੋਂ ਚਲੇ ਗਏ ਅਟਵਾਲ ਨੇ ਕਿਹਾ ਕਿ ਉਸ ਨੇ ਇਸ ਘਟਨਾ ਨੂੰ ਅਣਗੌਲਿਆਂ ਕਰਨ ਦੇ ਯਤਨ ਕੀਤੇ, ਪਰ ਆਖ਼ਿਰ ਮਨ ਉੱਤੇ ਪਏ ਹੋਏ ਭਾਰ ਕਾਰਨ ਉਸ ਨੇ ਇਹ ਗੱਲ ਜਨਤਕ ਕਰਕੇ ਪੁਲਿਸ ਨੂੰ ਰਿਪੋਰਟ ਕੀਤੀ, ਜਿਸ ਦੀ ਜਾਂਚ ਪੁਲਿਸ ਨੇ ਆਰੰਭੀ ਹੋਈ ਹੈ।

## ਸ਼ਿਮਲਾ ਨੂੰ ਬਣਾਇਆ ਜਾਵੇਗਾ ਖ਼ਾਲਿਸਤਾਨ ਦੀ ਰਾਜਧਾਨੀ: ਗੁਰਪਤਵੰਤ ਸਿੰਘ ਪੰਨੂੰ




ਇੰਡੀਆਨਾ ਪੋਲਿਸ (ਅਮਰੀਕਾ)/ਏ.ਟੀ.ਨਿਊਜ਼: ਅਮਰੀਕਾ ਦੇ ਇੰਡੀਆਨਾ ਸੂਬੇ ਦੀ ਰਾਜਧਾਨੀ ਇੰਡੀਆਨਾ ਪੋਲਿਸ ਸਥਿਤ ਰਿਚਰਡ ਜੀ. ਲੂਗਰ ਪਲਾਜ਼ਾ ਵਿਖੇ ਕਰਵਾਈ ਗਈ ਪੰਜਾਬ ਆਜ਼ਾਦੀ ਰੈਫਰੈਂਡਮ ਵੋਟਿੰਗ ਦੌਰਾਨ ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.) ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਸ਼ਿਮਲਾ ਨੂੰ ਪ੍ਰਸਤਾਵਿਤ ‘ਡੈਮੋਕ੍ਰੈਟਿਕ ਰਿਪਬਲਿਕ ਆਫ਼ ਖ਼ਾਲਿਸਤਾਨ’ ਦੀ ਰਾਜਧਾਨੀ ਦਾ ਐਲਾਨ ਕੀਤਾ ਹੈ।

ਇਕੱਠ ਨੂੰ ਸੰਬੋਧਨ ਕਰਦਿਆਂ ਪੰਨੂੰ ਨੇ ਅਜ਼ਾਦ ਪੰਜਾਬ ਦਾ ਨਕਸ਼ਾ ਜਾਰੀ ਕਰਦਿਆਂ ਸ਼ਿਮਲਾ ਨੂੰ ਰਾਜਧਾਨੀ ਵੱਜੋਂ ਵਿਖਾਇਆ ਗਿਆ ਹੈ। ਪੰਨੂੰ ਨੇ ਦੋਸ਼ ਲਾਇਆ ਕਿ ਭਾਰਤ ਦੀ ਮੋਦੀ ਸਰਕਾਰ ਪੰਜਾਬ ਅਤੇ ਸਿੱਖਾਂ ਵਿਰੁੱਧ ਕਥਿਤ ‘ਸਾਈਲੈਂਟ ਜੈਨੋਸਾਈਡ’ ਚਲਾ ਰਹੀ ਹੈ। ਉਸ ਨੇ ਭਾਰਤ ਵਿਚਲੇ ਸਿੱਖਾਂ ਨੂੰ ਆਪਣੇ ਧਰਮ ਅਤੇ ਪਰਿਵਾਰਾਂ ਦੀ ਰੱਖਿਆ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਪੰਨੂੰ ਨੇ ਕਿਹਾ ਕਿ ਐੱਸ.ਐੱਫ.ਜੇ. ਆਪਣੇ ਸਿਆਸੀ ਉਦੇਸ਼ਾਂ ਦੀ ਪ੍ਰਾਪਤੀ ਲਈ ਸ਼ਾਂਤਮਈ ਅਤੇ ਵੋਟ-ਆਧਾਰਿਤ ਲੋਕਤੰਤਰੀ ਪ੍ਰਕਿਰਿਆ ਪ੍ਰਤੀ ਵਚਨਬੱਧ ਹੈ, ਪਰ ਨਾਲ ਹੀ ਉਸ ਨੇ ਸਿੱਖਾਂ ਕੋਲ ਸਵੈ-ਰੱਖਿਆ ਦਾ ਕਾਨੂੰਨੀ ਅਧਿਕਾਰ ਹੋਣ ਦਾ ਦਾਅਵਾ ਕੀਤਾ।

ਸਿੱਖਸ ਫਾਰ ਜਸਟਿਸ ਵੱਲੋਂ ਕੇਂਦਰ ’ਤੇ ‘ਤਿੰਨ ਤਰ੍ਹਾਂ ਦੀ ਜੰਗ’ ਚਲਾਉਣ ਦੇ ਦੋਸ਼ ਲਾਏ ਗਏ। ਪੰਨੂੰ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਪੰਜਾਬ ਨੂੰ ਅੰਦਰੋਂ ਕਮਜ਼ੋਰ ਕਰਨ ਲਈ ਨਸ਼ਿਆਂ, ਕਰਜ਼ੇ ਅਤੇ ਆਬਾਦੀ ਦੇ ਸਰੂਪ ਵਿੱਚ ਤਬਦੀਲੀ ਰਾਹੀਂ ਕਥਿਤ ‘ਥ੍ਰੀ ਵਾਰਫੇਅਰ’ ਰਣਨੀਤੀ ਵਰਤ ਰਹੀ ਹੈ। ਪੰਨੂੰ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਫੈਲਾਅ ਕਾਰਨ ਸਿੱਖ ਨੌਜਵਾਨਾਂ ਦੀ ਸਿਹਤ, ਮਾਨਸਿਕ ਸਮਰੱਥਾ ਅਤੇ ਭਵਿੱਖ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਪੰਨੂੰ ਅਨੁਸਾਰ ਖੇਤੀਬਾੜੀ ਸੰਕਟ, ਵਧਦਾ ਕਰਜ਼ਾ ਅਤੇ ਆਰਥਿਕ ਦਬਾਅ ਪੰਜਾਬ ਦੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਵੱਲ ਧੱਕ ਰਹੇ ਹਨ। ਉਸ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਆਉਣ-ਜਾਣ ਵਾਲੀ ਆਬਾਦੀ ਦੇ ਰੁਝਾਨਾਂ ਅਤੇ ਸਿੱਖ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਪਰਵਾਸ ਕਾਰਨ ਸੂਬੇ ਦੀ ਸਮਾਜਿਕ ਤੇ ਸਿਆਸੀ ਬਣਤਰ ਪ੍ਰਭਾਵਿਤ ਹੋ ਰਹੀ ਹੈ।

ਐੱਸ.ਐੱਫ.ਜੇ. ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਪੰਜਾਬ ਆਜ਼ਾਦੀ ਰੈਫਰੈਂਡਮ ਦੀ ਅਗਲੀ ਵੋਟਿੰਗ 18 ਅਕਤੂਬਰ ਨੂੰ ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਕਰਵਾਈ ਜਾਵੇਗੀ। ਅਲਬਰਟਾ ਸੂਬੇ ਵਿੱਚ ਹੋਣ ਵਾਲੇ ਰੈਫਰੈਡਮ ਨੂੰ ਸ਼ਹੀਦ ਹਰਦੀਪ ਸਿੰਘ ਨਿੱਝਰ, ਸ਼ਹੀਦ ਤਲਵਿੰਦਰ ਸਿੰਘ ਪਰਮਾਰ ਅਤੇ ਭਾਈ ਲਖਬੀਰ ਸਿੰਘ ਰੋਡੇ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਸਿੱਖਸ ਫਾਰ ਜਸਟਿਸ ਵੱਲੋਂ ਇੰਡੀਆਨਾਪੋਲਿਸ ’ਚ ਖ਼ਾਲਿਸਤਾਨ ਰੈਫਰੈਡਮ ਦੀਆਂ ਵੋਟਾਂ ਵਿੱਚ 13 ਹਜ਼ਾਰ ਤੋਂ ਵੱਧ ਸਿੱਖਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਗਿਆ, ਜਿਸ ਵਿੱਚ ਨਕੋਦਰ ਦੀ ਰਹਿਣ ਵਾਲੀ 100 ਸਾਲਾ ਮਹਿੰਦਰ ਕੋਰ ਨੇ ਵੀ ਆਪਣੀ ਬੇਟੀ ਨਾਲ ਆ ਕੇ ਵੋਟ ਪਾਈ।

# ਮਾਨ ਸਰਕਾਰ ਦੀ ਕਹਿਣੀ ਤੇ ਕਰਨੀ ਵਿੱਚ ਅੰਤਰ ਕਿਉਂ ?



**ਬਲਰਾਜ ਪੰਨੂ**

ਕੱਟੜ ਇਮਾਨਦਾਰ ਕਹਾਉਣ ਵਾਲੀ ਆਮ ਆਦਮੀ ਪਾਰਟੀ ਅੱਜ ਕੱਲ੍ਹ ਸੁਰਖ਼ੀਆਂ ਦੇ ਵਿੱਚ ਹੈ। ਚੰਗੀ ਗੱਲੋਂ ਚਰਚਾ ਦੇ ਵਿੱਚ ਹੁੰਦੀ ਤਾਂ ਹੋਰ ਗੱਲ ਸੀ। ਪਰ ਚਰਚਾ ਇਹ ਚੱਲ ਰਹੀ ਹੈ ਕਿ ਭਗਵੰਤ ਮਾਨ ਨੇ ਇੱਕ ਵਾਰ ਕਿਹਾ ਸੀ ਕਿ ਇੱਕ ਪਾਸੇ ਰਿਸ਼ਵਤ ਦਾ ਪੈਸਾ ਪਿਆ ਹੋਵੇ ਤੇ ਦੂਜੇ ਪਾਸੇ ਸਲਫਾਸ ਤਾਂ ਮੈਂ ਰਿਸ਼ਵਤ ਦੇ ਪੈਸੇ ਨੂੰ ਹੱਥ ਨਹੀਂ ਲਾਵਾਂਗਾ ਪਰ ਹੁਣ ਮੁੱਖ ਮੰਤਰੀ ਦੇ ਦਫ਼ਤਰ ਤੱਕ ਰਿਸ਼ਵਤ ਦਾ ਸੇਕ ਪਹੁੰਚ ਗਿਆ ਹੈ। ਪਤਾ ਲੱਗਿਆ ਹੈ ਕਿ ਰਾਜਵੀਰ ਸਿੰਘ ਘੁੰਮਣ, ਜੋ ਕਿ ਮੁੱਖ ਮੰਤਰੀ ਦਾ ਦਫ਼ਤਰ ਵੇਖਦੇ ਨੇ, ਉਸ ਦੀ ਸ਼ਿਕਾਇਤ ਹੋਈ ਹੈ ਤੇ ਸ਼ਿਕਾਇਤ ਵੀ ਈ.ਡੀ. ਨੇ ਕੀਤੀ ਹੈ ਡੀ.ਜੀ.ਪੀ. ਗੌਰਵ ਯਾਦਵ ਦੇ ਕੋਲ ਤੇ ਲਿਖਿਆ ਹੈ ਕਿ ਦਫ਼ਤਰ ਭ੍ਰਿਸ਼ਟਾਚਾਰ ਦਾ ਅੱਡਾ ਬਣਿਆ ਹੋਇਆ ਹੈ। ਈ.ਡੀ. ਨੇ 7 ਅਗਸਤ ਨੂੰ ਚਿੱਠੀ ਲਿਖ ਕੇ ਭੜਥੂ ਪਾ ਦਿੱਤਾ ਪਰ ਅਜੇ ਤੱਕ ਡੀ.ਜੀ.ਪੀ. ਦੇ ਵੱਲੋਂ ਕੋਈ ਕੇਸ ਦਰਜ ਕਰਨ ਦੀ ਗੱਲ ਨਹੀਂ ਕੀਤੀ ਗਈ। ਗੱਲ ਤਾਂ ਇਥੋਂ ਤੱਕ ਪਹੁੰਚੀ ਹੈ ਕਿ ਮੁੱਖ ਮੰਤਰੀ ਦੇ ਭੈਣ ਜੀ ਅਤੇ ਉਹਨਾਂ ਦੀ ਪਤਨੀ ਦੇ ਵੀ ਰਿਸ਼ਵਤ ਲੈਣ ਦੇਣ ਦੀਆਂ ਗੱਲਾਂ ਅੰਦਰਖਾਤੇ ਚੱਲ ਰਹੀਆਂ ਨੇ। ਕਿਤੇ ਇਹ ਨਾ ਹੋਵੇ ਕਿ ਇਮਾਨਦਾਰੀ ਦਾ ਭਾਂਡਾ ਕੜੱਕ ਕਰਕੇ ਟੁੱਟ ਜਾਵੇ। ਹਾਲਾਂਕਿ ਮਾਨ ਸਰਕਾਰ ਦੇ ਉੱਤੇ ਅੱਜ ਤੱਕ ਰਿਸ਼ਵਤ ਦਾ ਕੋਈ ਦਾਗ ਨਹੀਂ ਲੱਗਿਆ। ਸਰਕਾਰ ਦਾ ਪੱਖ ਇਹ ਹੈ ਕਿ ਬੀ.ਜੇ.ਪੀ. ਸਾਨੂੰ ਜਾਨਬੁੱਝ ਕੇ ਬਦਨਾਮ ਕਰ ਰਹੀ ਹੈ। ਕਦੀ ਸਮਾਂ ਹੁੰਦਾ ਸੀ ਜਦੋਂ ਸਰਕਾਰਾਂ ਚੋਣਾਂ ਆਪਣੇ ਦਮ ਖਮ 'ਤੇ, ਆਪਣੀਆਂ ਨੀਤੀਆਂ ਤੇ ਦਾਅਵਿਆਂ ਦੇ ਸਿਰ 'ਤੇ ਜਿੱਤਦੀਆਂ ਸਨ ਪਰ ਹੁਣ ਵਾਲੀਆਂ ਸਰਕਾਰਾਂ ਸਤਰੰਗੀ ਪੱਤੇ ਖੇਡਦੀਆਂ ਨੇ। ਇਹੋ ਜਿਹੇ ਕਈ ਪੱਤੇ ਇਸ ਸਮੇਂ ਆਮ ਆਦਮੀ ਪਾਰਟੀ ਖੇਡ ਰਹੀ ਹੈ। ਉਹ ਇਹ ਸਮਝ ਰਹੀ ਹੈ ਕਿ ਲੋਕਾਂ ਦੇ ਖਾਤਿਆਂ ਵਿੱਚ ਪੈਸੇ ਪਾਈ ਜਾਓ ਤੇ ਵੋਟਾਂ ਮਿਲ ਜਾਣਗੀਆਂ ਕਿਉਂਕਿ ਅੱਜ ਕੱਲ੍ਹ ਸਰਕਾਰ 'ਮਾਵਾਂ-ਧੀਆਂ ਸਤਿਕਾਰ ਯੋਜਨਾ' 'ਤੇ ਪੂਰਾ ਪਹਿਰਾ ਦੇ ਰਹੀ ਹੈ। ਇਹ ਠੀਕ ਹੈ ਕਿ ਪੰਜਾਬ ਦੇ ਵਿੱਚ ਇੱਕ ਕਰੋੜ ਵੋਟਰ ਬੀਬੀਆਂ ਨੇ ਤੇ 'ਆਪ' ਸਰਕਾਰ ਨੂੰ ਉਮੀਦ ਸੀ ਕਿ ਨੱਬੇ ਲੱਖ ਦੇ ਕਰੀਬ ਬੀਬੀਆਂ ਦੀ ਰਜਿਸਟ੍ਰੇਸ਼ਨ ਹੋ ਜਾਵੇਗੀ ਪਰ ਹਾਲ ਦੇ ਅੰਕੜਿਆਂ ਤੱਕ 75 ਕੁ ਲੱਖ ਦੇ ਕਰੀਬ ਰਜਿਸਟ੍ਰੇਸ਼ਨ ਦੱਸੀ ਜਾ ਰਹੀ ਹੈ। ਇਹਨਾਂ ਬੀਬੀਆਂ ਦਾ ਖਰਚਾ ਸਰਕਾਰ ਪ੍ਰਤੀ ਮਹੀਨਾ 874 ਕਰੋੜ ਰੁਪਏ ਖਰਚ ਕਰ ਰਹੀ ਹੈ ਪਰ ਮੁਲਾਜ਼ਮ ਆਪਣੇ ਡੀ.ਏ. ਦੇ ਲਈ ਸੜਕਾਂ 'ਤੇ ਸਰਕਾਰ ਦੇ ਤਰਲੇ ਮਾਰ ਰਹੇ ਹਨ। ਇਹ ਮਾਮਲਾ ਕੋਰਟ ਦੇ ਵਿੱਚ ਵੀ ਹੈ। ਸਰਕਾਰ ਨੂੰ ਕਿਉਂ ਨਹੀਂ ਲੱਗਦਾ ਕਿ ਇਹੀ ਪੈਸਾ ਹਸਪਤਾਲਾਂ ਤੇ ਸਕੂਲਾਂ 'ਤੇ ਖਰਚ ਕਰਕੇ ਪੰਜਾਬ ਦੇ ਨਾਲ ਜੋ ਵਾਅਦਾ ਕੀਤਾ ਸੀ, ਖੁਸ਼ਹਾਲ ਪੰਜਾਬ ਦਾ, ਉਹ ਪੂਰਾ ਕਰ ਲੈਂਦੀ। ਸਰਕਾਰ ਲਗਾਤਾਰ ਆਪਣੇ ਹੀ ਬੁਣੇ ਜਾਲ ਵਿੱਚ ਫ਼ਸ ਰਹੀ ਹੈ। ਥੋੜਾ ਜਿਹਾ ਮੀਂਹ ਪੈ ਜਾਣ ਦੇ ਨਾਲ ਪਾਣੀ ਦਾ ਨਿਕਾਸ ਨਾ ਹੋਣ ਦੇ ਕਾਰਨ ਘੱਗਰ ਦਰਿਆ ਜਾਂ ਹੋਰ ਦਰਿਆਵਾਂ ਦੇ ਚੜ੍ਹਨ ਦੇ ਨਾਲ ਲੋਕਾਂ ਦੇ ਰੰਗ ਫੱਕ ਹੋ ਜਾਂਦੇ ਨੇ। ਹੁਣ ਕਿੱਥੇ ਉਹ ਸਰਕਾਰ ਦੇ ਦਾਅਵੇ ? ਜਿਹੜੇ ਕਹਿੰਦੇ ਸੀ ਕਿ ਆਉਣ ਵਾਲੇ ਸਮੇਂ ਦੇ ਲਈ ਸਾਡੇ ਮਜ਼ਬੂਤ ਪ੍ਰਬੰਧ ਕੀਤੇ ਹੋਏ ਨੇ।

ਦੂਜੇ ਪਾਸੇ ਟਿਪਸਨਜ਼ ਕੰਸਲਟੈਂਸੀ ਸਰਵਿਸ ਪ੍ਰਾਈਵੇਟ ਲਿਮਟਿਡ ਨਾਂਅ ਦੀ ਗੁਜਰਾਤੀ ਕੰਪਨੀ ਦੇ ਉੱਤੇ ਮਾਨ ਸਰਕਾਰ ਨੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਦੇ ਲਈ ਆਸ ਲਗਾ ਲਈ ਹੈ। ਅਖੇ ਸਾਨੂੰ ਮਰਚੈਂਟ ਬੈਂਕਰ ਲੱਭ ਗਿਆ ਹੈ। ਸਿੱਧੀ ਭਾਸ਼ਾ ਵਿੱਚ ਵਿਚੋਲੀਆ ਕਹਿ ਸਕਦੇ ਹਾਂ। ਇਹ ਵਿਚੋਲਾ ਪੰਦਰਾਂ ਹਜ਼ਾਰ ਕਰੋੜ ਰੁਪਇਆ ਸਰਕਾਰ ਨੂੰ ਦਿਵਾਏਗਾ ਆਉਣ ਵਾਲੇ ਦਿਨਾਂ ਦੇ ਵਿੱਚ ਤਾਂ ਕਿ ਮਾਨ ਸਾਹਬ ਪੰਜਾਬ ਨੂੰ ਖੁਸ਼ਹਾਲ ਬਣਾ ਸਕਣ। ਸੋ ਏਸ ਸੌਦੇ ਦੇ ਲਈ ਪੰਜਾਬ ਸਰਕਾਰ 200 ਕਰੋੜ ਰੁਪਇਆ ਇਸ ਗੁਜਰਾਤੀ ਕੰਪਨੀ ਨੂੰ ਕਮਿਸ਼ਨ ਦੇਵੇਗੀ। ਸਿਆਣੇ ਕਹਿੰਦੇ ਨੇ ਕਿ ਰੱਬ ਜਦੋਂ ਮਾਰਦਾ, ਮੱਤ ਮਾਰਦਾ ਹੈ ਤੇ ਮੱਤ ਮਾਰਨ ਵਾਲੀ ਹੀ ਗੱਲ ਹੈ ਕਿਉਂਕਿ ਲੋੜ ਕੀ ਹੈ ? ਜਦੋਂ ਖ਼ਜ਼ਾਨਾ ਖਾਲੀ ਹੈ ਤੇ ਮੁਫ਼ਤਖੋਰੀ ਦੇ ਵਾਅਦੇ ਕਰਨ ਦੀ ਜ਼ਰੂਰਤ ਕੀ ਪੈ ਗਈ ? ਇਹੋ ਜਿਹੇ ਮੁਫ਼ਤਖੋਰੀ ਦੇ ਐਲਾਨ ਕਰਨ ਦੇ ਨਾਲ ਵੋਟਾਂ ਨਹੀਂ ਮਿਲਦੀਆਂ। ਲੋਕਾਂ ਨੇ ਤਾਂ ਆਪਣੀ ਆਈ 'ਤੇ ਆ ਕੇ 'ਆਟਾ ਦਾਲ ਸਕੀਮ' ਵਾਲਿਆਂ ਦੇ ਵੀ ਭਾਂਡੇ ਮੂਧੇ ਮਾਰ ਦਿੱਤੇ ਸੀ। ਇਸ ਮਸਲੇ ਨੂੰ ਲੈ ਕੇ ਸਰਕਾਰ ਦਾ ਪੱਖ ਹੈ ਕਿ ਪੰਦਰਾਂ ਹਜ਼ਾਰ ਕਰੋੜ ਦੇ ਨਾਲ ਅਸੀਂ ਪੰਜ ਹਜ਼ਾਰ ਏਕੜ ਤੋਂ ਲੈ ਕੇ ਛੇ ਹਜ਼ਾਰ ਏਕੜ ਤੱਕ ਜ਼ਮੀਨ ਖਰੀਦਾਂਗੇ। ਫੇਰ ਉਸ ਨੂੰ ਡਿਵੈਲਪ ਕਰਾਂਗੇ ਭਾਵ ਬਿਲਡਿੰਗਾਂ ਤੇ ਫਲੈਟ ਬਣਾਂਵਾਂਗੇ , ਫੇਰ ਮੁਨਾਫ਼ਾ ਆਵੇਗਾ। ਸਵਾਲ ਫ਼ੇਰ ਉਠਦਾ ਹੈ ਕਿ ਇਸ ਦੀ ਲੋੜ ਕੀ ਹੈ ? ਹਸਪਤਾਲ, ਸਕੂਲ, ਕੋਈ ਰੇਲਵੇ ਲਾਈਨ ਬਣਾਉਣ ਤਾਂ ਫਿਰ ਇਹ ਗੱਲਾਂ ਸਮਝ ਆਉਂਦੀਆਂ ਨੇ। ਇਸ ਰਕਮ ਦੀ ਵਿਆਜ਼ ਸਾਲਾਨਾ ਹਜ਼ਾਰ ਕਰੋੜ ਰੁਪਏ ਤੱਕ ਬਣੇਗੀ। ਜਦੋਂਕਿ ਸਵਾ ਚਾਰ ਲੱਖ ਕਰੋੜ ਦਾ ਕਰਜ਼ਾ ਪਹਿਲਾਂ ਹੀ ਪੰਜਾਬ ਦੇ ਉੱਤੇ ਚੜ੍ਹਿਆ ਹੋਇਆ ਹੈ। ਇਸ ਦਾ ਦੂਜਾ ਪੱਖ ਵੇਖਣਾ ਹੋਵੇ ਤਾਂ ਤੁਹਾਨੂੰ ਯਾਦ ਹੋਣਾ ਕਿ ਲੈਂਡ ਪੂਲਿੰਗ ਵਾਲੀ ਸਕੀਮ ਕਿਸਾਨਾਂ ਦੇ ਜੋਸ਼ ਅੱਗੇ ਫੇਲ੍ਹ ਹੋ ਗਈ ਸੀ। ਇਹ ਤਾਂ ਉਹ ਗੱਲ ਹੋਈ ਕਿ ਕੰਨ ਇੱਧਰੋਂ ਨਹੀਂ ਤਾਂ ਦੂਜੇ ਪਾਸਿਓਂ ਫੜ ਲਓ। ਹੁਣ ਖੇਤੀ ਵਾਲੀ ਜ਼ਮੀਨ ਐਕਵਾਇਰ ਹੋਵੇਗੀ। ਇਹ ਸਿਆਣਪ ਕਿੱਥੋਂ ਦੀ ਹੈ ? ਸਰਕਾਰ ਤਾਂ ਇੱਥੋਂ ਤੱਕ ਪੈਸਿਆਂ ਹੱਥੋਂ ਤੰਗ ਹੋਈ ਪਈ ਹੈ ਕਿ ਆਰ.ਬੀ.ਆਈ ਦੀ ਲਿਮਟ ਵੀ ਖਤਮ ਕਰੀ ਬੈਠੀ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਸੱਤ ਹਜ਼ਾਰ ਛੇ ਸੌ ਤਰਵੰਜਾ ਕਰੋੜ ਤੇ ਤੇਈ ਲੱਖ ਰੁਪਿਆ ਲਿਆ ਤੇ ਛੇ ਹਜ਼ਾਰ ਦੋ ਸੌ ਅਕਤਾਲੀ ਕਰੋੜ ਤੇ ਬਿਆਸੀ ਲੱਖ ਖਰਚੀ ਵੀ ਬੈਠੀ ਹੈ। ਹੁਣ ਆਰ.ਬੀ.ਆਈ. ਨੇ ਲਿਮਟ ਖਤਮ ਕਰ ਦਿੱਤੀ ਹੈ। ਚੋਣਾਂ ਸਿਰ 'ਤੇ ਹਨ, ਪੈਸਾ ਹੈ ਨਹੀਂ ਤਾਂ ਸਰਕਾਰ ਵਿਚਾਰੀ ਕੀ ਕਰੇ ? ਇਹੋ ਜਿਹੇ ਢਕਵੰਜ ਤਾਂ ਕਰੇਗੀ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਬਿਊਰੋਕ੍ਰੇਟ ਵੀ ਪੱਬਾਂ ਭਾਰ ਹੋਏ ਪਏ ਨੇ ਕਿ ਸਰਕਾਰ ਨੂੰ ਕਰਜ਼ਾ ਕਿੱਥੋਂ ਕਿੱਥੋਂ ਇਕੱਠਾ ਕਰਕੇ ਦਿੱਤਾ ਜਾਵੇ ? ਕੋਈ ਪੁੱਛਣ ਵਾਲਾ ਹੋਵੇ ਤਾਂ ਗਮਾਡਾ ਦੇ ਚੇਅਰਮੈਨ ਨੂੰ ਪੁੱਛੇ ਕਿ ਸਿਨਹਾ ਸਾਹਬ, ਤੁਸੀਂ ਜਾਂ ਤੁਹਾਡੀ ਟੀਮ ਨੇ ਅੱਜ ਤੱਕ ਲੋਕਾਂ ਦੀ ਭਲਾਈ ਦੇ ਲਈ ਕਿਹੜੀ ਪਾਲਿਸੀ ਬਣਾਈ ਹੈ। ਜੇ ਬਣਾਈ ਹੈ ਤਾਂ ਜਗ ਜਾਹਿਰ ਕਰੋ। ਪੰਜਾਬ ਸਰਕਾਰ ਖਰਚੇ ਘਟਾਉਣ ਦੀ ਨਹੀਂ ਸੋਚ ਰਹੀ। ਕਿੱਥੋਂ ਕਿੱਥੋਂ ਕਰਜ਼ਾ ਲੈਣਾ ? ਉਹ ਖੁੱਡਾ ਪੁੱਟ ਰਹੀ ਹੈ। ਗੱਲ ਕਰਦੇ ਹਾਂ ਕਿ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁਖੂ ਦੀ, ਉਸ ਨੇ ਲੰਘੇ ਦਿਨੀਂ ਕਿਹਾ ਕਿ ਮੈਂ ਕੇਂਦਰ ਸਰਕਾਰ ਦੇ ਕੋਲ ਆਈ.ਏ.ਐਸ., ਆਈ.ਪੀ. ਐਸ. ਤੇ ਆਈ.ਐਫ.ਐਸ. ਦੀ ਛਾਂਟੀ ਦੇ ਲਈ ਇੱਕ ਪ੍ਰਪੋਜ਼ਲ ਲੈ ਕੇ ਜਾਵਾਂਗਾ ਤੇ 153 'ਚੋਂ 23 ਆਈ.ਏ.ਐਸ. ਅਸਾਮੀਆਂ ਦੀ ਕਟੌਤੀ ਦੀ ਮੰਗ ਕਰਾਂਗਾ। ਸੋ ਤਾਰੀਫ਼ ਕਰਨੀ ਬਣਦੀ ਹੈ ਕਿ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ੇ ਦੇ ਬੋਝ ਹੇਠ ਦੱਬਿਆ ਹਿਮਾਚਲ ਖਰਚ ਘਟਾਉਣ ਦੇ ਤਰੀਕੇ ਲੱਭ ਰਿਹਾ ਹੈ। ਜੇ ਹਿਮਾਚਲ ਦਾ ਮੁੱਖ ਮੰਤਰੀ ਅਜਿਹਾ ਸੋਚ ਸਕਦਾ ਹੈ ਤਾਂ ਪੰਜਾਬ ਦਾ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਤਾਂ ਭਗਵੰਤ ਮਾਨ ਸਾਹਬ ਕਹਿੰਦੇ ਸੀ ਕਿ ਇਹ ਸਰਕਾਰਾਂ ਨੂੰ ਜੁਗਾੜ ਕਰਨਾ ਨਹੀਂ ਆਉਂਦਾ ਤੇ ਹੁਣ ਪੰਜਾਬ ਸਰਕਾਰ ਹਿਮਾਚਲ ਦੇ ਮੁੱਖ ਮੰਤਰੀ ਵਾਂਗੂ ਕਿਉਂ ਨਹੀਂ ਸੋਚ ਸਕਦੀ। ਇਹ ਆਪਣੀ ਫ਼ੌਜ ਕਿਉਂ ਨਹੀਂ ਘਟਾਉਂਦੀ ? ਅਸੀਂ ਅਜਿਹਾ ਪ੍ਰਪੋਜਲ਼ ਕਿਉਂ ਨਹੀਂ ਬਣਾਉਂਦੇ ? ਚਲੋ ਛੱਡੋ ਇਹੀ ਦੱਸ ਦਿਓ ਲੋਕਾਂ ਨੂੰ ਕਿ ਤੁਹਾਡੀ ਇਸ ਫ਼ੌਜ ਨੇ ਪੰਜਾਬ 'ਚ ਕਿੰਨਾ ਕੁ ਸੁਧਾਰ ਕੀਤਾ ? ਕਿੰਨੀਆਂ ਕੁ ਪਾਲਿਸੀਆਂ ਬਣਾਈਆਂ ? ਜਾਂ ਕਿੰਨੇ ਕੁ ਫ਼ੈਸਲੇ ਲਏ ਪੰਜਾਬ ਦੇ ਭਲੇ ਲਈ ? ਜੇ ਇਹਨਾਂ ਤੋਂ ਕੋਈ ਫਾਇਦਾ ਨਹੀਂ ? ਤਾਂ ਇਹਨਾਂ ਨੂੰ ਰੱਖਣ ਦਾ ਕੀ ਫਾਇਦਾ ? ਉਹ ਵੀ ਦੱਸਿਓ।

ਮੁੱਕਦੀ ਗੱਲ, ਪੰਜਾਬੀ ਮੁਫ਼ਤਖੋਰੀ ਦਾ ਮਜ਼ਾ ਲੁੱਟ ਰਹੇ ਨੇ। ਮੁਫ਼ਤਖੋਰ ਬਣਨਾ ਨਹੀਂ ਚਾਹੁੰਦੇ। ਅਸਲ ਚਿੱਟ ਚਾਨਣਾ ਸਾਡੇ ਲੀਡਰਾਂ ਨੂੰ ਉਸ ਦਿਨ ਹੋਵੇਗਾ ਜਦੋਂ ਉਹ ਪਿੰਡ ਪਿੰਡ ਜਾ ਕੇ ਲੋਕਾਂ ਤੋਂ ਵੋਟਾਂ ਮੰਗਣਗੇ ਤੇ ਲੋਕ ਮੁਫ਼ਤ ਰਿਉੜੀਆਂ ਵੰਡਣ ਵਾਲੀਆਂ ਪਾਰਟੀਆਂ ਤੋਂ ਸਕੂਲਾਂ, ਹਸਪਤਾਲਾਂ, ਨਸ਼ੇ ਤੋਂ ਰਾਹਤ, ਸੜਕਾਂ ਤੇ ਸਰਕਾਰੀ ਧੱਕਾ ਤੇ ਲੁੱਟਾਂ ਖੋਹਾਂ ਦਾ ਹਿਸਾਬ ਕਿਤਾਬ ਮੰਗਣਗੇ।

**ਨਿੱਝਰ ਕਾਂਡ ਤੋਂ ਬਾਅਦ ਕੈਨੇਡਾ ਪੁਲਿਸ ਦਾ ਅਲਰਟ**

# ਇੰਦਰਜੀਤ ਗੋਸਲ ਤੇ ਮਨਜਿੰਦਰ ਸਿੰਘ ਨੂੰ ਜਾਨਲੇਵਾ ਹਮਲੇ ਦੀ ਚਿਤਾਵਨੀ

## ਸਰਕਾਰੀ ਦਾਅਵਿਆਂ 'ਤੇ ਖੜ੍ਹੇ ਕੀਤੇ ਸਵਾਲ

## ਗੈਂਗਸਟਰ ਲਾਰੈਂਸ ਬਿਸ਼ਨੋਈ ਨੈੱਟਵਰਕ ਦੇ ਨਿਸ਼ਾਨੇ 'ਤੇ ਹੋਣ ਦਾ ਖ਼ਦਸ਼ਾ

ਓਟਾਵਾ (ਕੈਨੇਡਾ)/ ਏ.ਟੀ.ਨਿਊਜ਼: ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵੱਲੋਂ ਕੈਨੇਡਾ ਵਿੱਚ ਦੋ ਪ੍ਰਮੁੱਖ ਸਿੱਖ ਵੱਖਵਾਦੀ ਕਾਰਕੁਨਾਂ—ਓਂਟਾਰੀਓ ਦੇ ਇੰਦਰਜੀਤ ਸਿੰਘ ਗੋਸਲ ਅਤੇ ਬ੍ਰਿਟਿਸ਼ ਕੋਲੰਬੀਆ ਦੇ ਮਨਜਿੰਦਰ ਸਿੰਘ ਨੂੰ ਰਸਮੀ ਤੌਰ 'ਤੇ 'ਡਿਊਟੀ ਟੂ ਵਾਰਨ' ਪੱਤਰ ਜਾਰੀ ਕੀਤੇ ਜਾਣ ਨੇ ਕੌਮਾਂਤਰੀ ਸੁਰੱਖਿਆ ਅਤੇ ਕੂਟਨੀਤਕ ਹਲਕਿਆਂ ਵਿੱਚ ਇੱਕ ਵਾਰ ਫਿਰ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਕੈਨੇਡੀਅਨ ਕਾਨੂੰਨ ਤਹਿਤ ਪੁਲਿਸ ਵੱਲੋਂ ਅਜਿਹੇ ਨੋਟਿਸ ਕੋਈ ਆਮ ਪ੍ਰਕਿਰਿਆ ਨਹੀਂ ਹਨ; ਇਹ ਉਦੋਂ ਹੀ ਜਾਰੀ ਕੀਤੇ ਜਾਂਦੇ ਹਨ ਜਦੋਂ ਦੇਸ਼ ਦੀਆਂ ਖ਼ੁਫ਼ੀਆ ਏਜੰਸੀਆਂ ਕੋਲ ਕਿਸੇ ਵਿਅਕਤੀ ਦੀ ਜਾਨ ਨੂੰ ਸਿੱਧਾ, ਗੰਭੀਰ ਅਤੇ ਤੁਰੰਤ ਖ਼ਤਰਾ ਹੋਣ ਬਾਰੇ ਪੁਖ਼ਤਾ ਜਾਣਕਾਰੀ ਮੌਜੂਦ ਹੁੰਦੀ ਹੈ। ਇਸ ਕਾਰਵਾਈ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੈਨੇਡਾ ਦੀ ਸਰਜ਼ਮੀਨ 'ਤੇ ਚੱਲ ਰਹੀ ਸਿਆਸੀ ਨਿਸ਼ਾਨੇਬਾਜ਼ੀ ਅਤੇ ਹਿੰਸਾ ਦਾ ਖ਼ਤਰਾ ਅਜੇ ਵੀ ਟਲਿਆ ਨਹੀਂ ਹੈ।

**ਹਰਦੀਪ ਸਿੰਘ ਨਿੱਝਰ ਕਤਲ ਕਾਂਡ ਦਾ ਪਰਛਾਵਾਂ ਅਤੇ ਇਤਿਹਾਸਕ ਪਿਛੋਕੜ**

ਇਹ ਚਿਤਾਵਨੀਆਂ ਸਾਲ 2023 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਹੋਏ ਸਨਸਨੀਖੇਜ਼ ਕਤਲ ਦੀ ਪਿੱਠਭੂਮੀ ਵਿੱਚ ਸਾਹਮਣੇ ਆਈਆਂ ਹਨ। ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ, ਭਾਰਤ ਅਤੇ ਪੱਛਮੀ ਮੁਲਕਾਂ ਦਰਮਿਆਨ ਇੱਕ ਬੇਮਿਸਾਲ ਕੂਟਨੀਤਕ ਖਿੱਚੋਤਾਣ ਸ਼ੁਰੂ ਹੋਈ ਸੀ, ਜਿਸ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚਾ ਦਿੱਤਾ ਸੀ। ਨਿੱਝਰ ਤੋਂ ਬਾਅਦ ਕੈਨੇਡਾ ਵਿੱਚ ਰੈਫਰੈਂਡਮ ਮੁਹਿੰਮ ਦੀ ਕਮਾਨ ਸੰਭਾਲਣ ਵਾਲੇ ਇੰਦਰਜੀਤ ਸਿੰਘ ਗੋਸਲ ਨੂੰ ਹੁਣ ਇਸੇ ਤਰ੍ਹਾਂ ਦੇ ਖ਼ਤਰੇ ਦੀ ਚਿਤਾਵਨੀ ਮਿਲਣਾ ਦਰਸਾਉਂਦਾਹੈ ਕਿ ਮਾਮਲਾ ਸਿਰਫ਼ ਇੱਕ ਘਟਨਾ ਤੱਕ ਸੀਮਤ ਨਹੀਂ ਸੀ, ਸਗੋਂ ਇਸ ਦੇ ਪਿੱਛੇ ਇੱਕ ਲਗਾਤਾਰ ਚੱਲ ਰਹੀ ਲੜੀ ਕੰਮ ਕਰ ਰਹੀ ਹੈ।

**ਸੰਗਠਿਤ ਅਪਰਾਧ ਅਤੇ ਅੰਤਰਰਾਸ਼ਟਰੀ ਗੈਂਗਸਟਰ ਨੈੱਟਵਰਕ**

ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਗੰਭੀਰ ਪਹਿਲੂ ਇਹ ਹੈ ਕਿ ਇਹ ਖ਼ਤਰੇ ਸਿੱਧੇ ਤੌਰ 'ਤੇ ਸੰਗਠਿਤ ਅਪਰਾਧਿਕ ਸਿੰਡੀਕੇਟਾਂ ਨਾਲ ਜੁੜੇ ਹੋਏ ਦੱਸੇ ਜਾ ਰਹੇ ਹਨ। ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਵਰਗੇ ਗੈਂਗਸਟਰ ਨੈੱਟਵਰਕਾਂ ਦਾ ਨਾਂਅ ਪਹਿਲਾਂ ਵੀ ਅਜਿਹੀਆਂ ਟਾਰਗੇਟ ਕਿਲਿੰਗਜ਼ ਵਿੱਚ ਸਾਹਮਣੇ ਆਉਂਦਾ ਰਿਹਾ ਹੈ। ਹਾਲ ਹੀ ਵਿੱਚ ਅਮਰੀਕੀ ਨਿਆਂ ਵਿਭਾਗ ਵੱਲੋਂ ਦੁਨੀਆ ਭਰ ਵਿੱਚੋਂ 24 ਸ਼ੱਕੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਐਲਾਨ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਨਿੱਝਰ ਕਤਲ ਨਾਲ ਜੁੜੇ ਤਾਰ ਵੀ ਸ਼ਾਮਲ ਸਨ। ਇਹ ਤੱਥ ਸਾਬਤ ਕਰਦਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਸਰਗਰਮ ਗੈਂਗਸਟਰ ਗਰੋਹ ਹੁਣ ਸਿਰਫ਼ ਫਿਰੌਤੀਆਂ ਜਾਂ ਸਥਾਨਕ ਜੁਰਮਾਂ ਤੱਕ ਸੀਮਤ ਨਹੀਂ ਰਹੇ, ਸਗੋਂ ਉਹ ਸਰਹੱਦੋਂ ਪਾਰ ਸਿਆਸੀ ਅਤੇ ਵਿਚਾਰਧਾਰਕ ਨਿਸ਼ਾਨਿਆਂ ਨੂੰ ਸਾਧਣ ਲਈ ਸੁਪਾਰੀ ਕਿਲਿੰਗ ਅਤੇ ਹਿੰਸਕ ਹਮਲਿਆਂ ਦਾ ਸਾਧਨ ਬਣ ਚੁੱਕੇ ਹਨ।

**ਕੈਨੇਡਾ ਦੇ ਸੁਰੱਖਿਆ ਤੰਤਰ ਅਤੇ ਕਾਨੂੰਨ-ਵਿਵਸਥਾ ਸਾਹਮਣੇ ਚੁਣੌਤੀਆਂ**

ਕੈਨੇਡਾ ਵਰਗੇ ਵਿਕਸਤ ਅਤੇ ਲੋਕਤੰਤਰੀ ਮੁਲਕ ਲਈ ਇਹ ਸਥਿਤੀ ਅੰਦਰੂਨੀ ਸੁਰੱਖਿਆ ਪ੍ਰਬੰਧਾਂ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ। ਆਰ.ਸੀ.ਐੱਮ.ਪੀ. ਨੇ ਭਾਵੇਂ ਇਹ ਕਿਹਾ ਹੈ ਕਿ ਕਾਰਕੁਨਾਂ ਦੇ ਪਰਿਵਾਰਾਂ ਨੂੰ ਸਿੱਧਾ ਨਿਸ਼ਾਨਾ ਨਹੀਂ ਬਣਾਇਆ ਜਾ ਰਿਹਾ, ਪਰ ਪੁਲਿਸ ਨੇ ਖ਼ੁਦ ਮੰਨਿਆ ਹੈ ਕਿ ਜਨਤਕ ਥਾਵਾਂ 'ਤੇ ਸੰਭਾਵੀ ਹਮਲੇ ਦੌਰਾਨ ਆਮ ਨਾਗਰਿਕ ਅਤੇ ਪਰਿਵਾਰਕ ਮੈਂਬਰ ਵੀ ਨੁਕਸਾਨੇ ਜਾ ਸਕਦੇ ਹਨ। ਇੱਥੇ ਮੁੱਖ ਸਵਾਲ ਇਹ ਉੱਠਦਾ ਹੈ ਕਿ ਕੀ ਸਿਰਫ਼ ਇੱਕ ਚਿਤਾਵਨੀ ਪੱਤਰ ਸੌਂਪ ਦੇਣਾ ਹੀ ਕਿਸੇ ਨਾਗਰਿਕ ਦੀ ਜਾਨ ਦੀ ਰਾਖੀ ਲਈ ਕਾਫ਼ੀ ਹੈ ? ਕਿਸੇ ਵੀ ਪ੍ਰਭੂਸੱਤਾ ਸੰਪੰਨ ਦੇਸ਼ ਦੀ ਮੁੱਢਲੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੀ ਧਰਤੀ 'ਤੇ ਕਾਨੂੰਨ ਦਾ ਰਾਜ ਕਾਇਮ ਰੱਖੇ ਅਤੇ ਕਿਸੇ ਵੀ ਗਰੋਹ ਨੂੰ ਅਰਾਜਕਤਾ ਫੈਲਾਉਣ ਤੋਂ ਰੋਕੇ।

**ਕੂਟਨੀਤਕ ਤਣਾਅ ਅਤੇ ਭਵਿੱਖ ਦਾ ਰਾਹ**

ਇਹ ਮਾਮਲਾ ਸਿਰਫ਼ ਅਮਨ-ਕਾਨੂੰਨ ਦਾ ਨਹੀਂ, ਸਗੋਂ ਡੂੰਘੇ ਕੂਟਨੀਤਕ ਪ੍ਰਭਾਵਾਂ ਵਾਲਾ ਵੀ ਹੈ। ਇੱਕ ਪਾਸੇ ਜਿੱਥੇ ਪੱਛਮੀ ਦੇਸ਼ਾਂ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਰਾਜਨੀਤਿਕ ਸਰਗਰਮੀਆਂ ਦੇ ਅਧਿਕਾਰ ਨੂੰ ਸੁਰੱਖਿਅਤ ਰੱਖਣ ਦੀ ਵਕਾਲਤ ਕੀਤੀ ਜਾਂਦੀ ਹੈ, ਉੱਥੇ ਹੀ ਦੂਜੇ ਪਾਸੇ ਕੌਮੀ ਸੁਰੱਖਿਆ ਅਤੇ ਸੰਪ੍ਰਭੂਤਾ ਨਾਲ ਜੁੜੀਆਂ ਚਿੰਤਾਵਾਂ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਵਧਾ ਰਹੀਆਂ ਹਨ। ਜੇਕਰ ਅਜਿਹੀਆਂ ਧਮਕੀਆਂ ਜ਼ਮੀਨੀ ਪੱਧਰ 'ਤੇ ਕਿਸੇ ਵੱਡੀ ਹਿੰਸਕ ਘਟਨਾ ਦਾ ਰੂਪ ਧਾਰਦੀਆਂ ਹਨ, ਤਾਂ ਇਸ ਨਾਲ ਨਾ ਸਿਰਫ਼ ਕੈਨੇਡਾ-ਭਾਰਤ ਸਬੰਧ ਹੋਰ ਵਿਗੜਨਗੇ, ਸਗੋਂ ਕੈਨੇਡਾ ਵਿੱਚ ਵਸਦੇ ਵੱਡੇ ਪੰਜਾਬੀ ਅਤੇ ਸਿੱਖ ਭਾਈਚਾਰੇ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਹੋਰ ਡੂੰਘਾ ਹੋਵੇਗਾ।

ਸਿੱਖ ਹਲਕਿਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਅਤੇ ਜਾਂਚ ਏਜੰਸੀਆਂ ਨੂੰ ਹੁਣ ਰਸਮੀ ਕਾਗ਼ਜ਼ੀ ਕਾਰਵਾਈਆਂ ਤੋਂ ਅੱਗੇ ਵਧ ਕੇ ਜ਼ਮੀਨੀ ਪੱਧਰ 'ਤੇ ਸਖ਼ਤ ਕਦਮ ਚੁੱਕਣੇ ਪੈਣਗੇ। ਅੰਤਰਰਾਸ਼ਟਰੀ ਗੈਂਗਸਟਰ ਸਿੰਡੀਕੇਟਾਂ ਦੀਆਂ ਵਿੱਤੀ ਅਤੇ ਹਥਿਆਰਬੰਦ ਕੜੀਆਂ ਨੂੰ ਤੋੜਨਾ, ਖ਼ੁਫ਼ੀਆ ਤੰਤਰ ਨੂੰ ਮਜ਼ਬੂਤ ਕਰਨਾ ਅਤੇ ਕਿਸੇ ਵੀ ਸੰਭਾਵੀ ਖ਼ੂਨ-ਖ਼ਰਾਬੇ ਨੂੰ ਰੋਕਣ ਲਈ ਨਿਰਪੱਖ ਜਾਂਚ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਦੇ ਨਾਲ ਹੀ, ਸਬੰਧਤ ਦੇਸ਼ਾਂ ਨੂੰ ਕੂਟਨੀਤਕ ਪੱਧਰ 'ਤੇ ਖ਼ੁਫ਼ੀਆ ਜਾਣਕਾਰੀ ਦਾ ਆਦਾਨ-ਪ੍ਰਦਾਨ ਪਾਰਦਰਸ਼ੀ ਤਰੀਕੇ ਨਾਲ ਕਰਨਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਅਪਰਾਧਿਕ ਅਤੇ ਹਿੰਸਕ ਨੈੱਟਵਰਕ ਨੂੰ ਸੁਰੱਖਿਅਤ ਪਨਾਹਗਾਹ ਨਾ ਮਿਲ ਸਕੇ।

ਗੋਸਲ ਨੇ ਕਾਰਨੀ ਸਰਕਾਰ ਦੀ ਭਾਰਤ ਨਾਲ ਸਬੰਧ ਆਮ ਵਾਂਗ ਕਰਨ ਅਤੇ ਵਪਾਰਕ ਗੱਲਬਾਤ ਵਧਾਉਣ ਦੀ ਨੀਤੀ ਦੀ ਆਲੋਚਨਾ ਕੀਤੀ। ਉਨ੍ਹਾਂ ਸਵਾਲ ਉਠਾਇਆ ਕਿ ਜਦੋਂ ਕੈਨੇਡੀਅਨ ਨਾਗਰਿਕਾਂ ਦੀ ਜਾਨ ਨੂੰ ਲਗਾਤਾਰ ਖ਼ਤਰਾ ਬਣਿਆ ਹੋਇਆ ਹੈ, ਤਾਂ ਸਰਕਾਰ ਇਹ ਕਿਵੇਂ ਕਹਿ ਸਕਦੀ ਹੈ ਕਿ ਖ਼ਤਰਾ ਟਲ ਚੁੱਕਾ ਹੈ।

ਬੀਤੇ ਦਿਨੀਂ ਸੰਯੁਕਤ ਰਾਸ਼ਟਰ ਦੇ ਪੰਜ ਵਿਸ਼ੇਸ਼ ਰਿਪੋਰਟਰਾਂ ਨੇ ਵੀ ਕੈਨੇਡਾ ਵਿੱਚ ਸਿੱਖ ਕਾਰਕੁਨਾਂ (ਜਿਨ੍ਹਾਂ ਵਿੱਚ ਬੀ.ਸੀ. ਦੇ ਮਨਿੰਦਰ ਸਿੰਘ ਵੀ ਸ਼ਾਮਲ ਹਨ) ਦੀ ਸੁਰੱਖਿਆ ਬਾਰੇ ਕੈਨੇਡੀਅਨ ਸਰਕਾਰ ਕੋਲੋਂ ਜਵਾਬ-ਤਲਬੀ ਕੀਤੀ ਸੀ।

ਭਾਰਤ ਸਰਕਾਰ ਲਗਾਤਾਰ ਕੈਨੇਡਾ ਦੀ ਧਰਤੀ 'ਤੇ ਅਜਿਹੀਆਂ ਕਿਸੇ ਵੀ ਗ਼ੈਰ-ਕਾਨੂੰਨੀ ਗਤੀਵਿਧੀਆਂ ਜਾਂ ਹਿੰਸਾ ਵਿੱਚ ਸ਼ਮੂਲੀਅਤ ਤੋਂ ਇਨਕਾਰ ਕਰਦੀ ਰਹੀ ਹੈ। ਹਾਲਾਂਕਿ, ਕੈਨੇਡਾ ਪੁਲਿਸ ਵੱਲੋਂ ਲਗਾਤਾਰ ਜਾਰੀ ਕੀਤੇ ਜਾ ਰਹੇ ਚਿਤਾਵਨੀ ਪੱਤਰ ਦਰਸਾਉਂਦੇਹਨ ਕਿ ਸੁਰੱਖਿਆ ਏਜੰਸੀਆਂ ਦੀ ਨਜ਼ਰ ਵਿੱਚ ਖ਼ਤਰਾ ਅਜੇ ਵੀ ਗੰਭੀਰ ਬਣਿਆ ਹੋਇਆ ਹੈ।

# ਅਮਰੀਕਾ ’ਚ ਕੁੱਲ ਨਫ਼ਰਤੀ ਅਪਰਾਧ ਘਟੇ, ਪਰ ਸਿੱਖਾਂ ਖ਼ਿਲਾਫ਼ ਹਮਲਿਆਂ ’ਚ 24.6% ਦਾ ਭਾਰੀ ਉਛਾਲ

## ਐਫ.ਬੀ.ਆਈ. ਦੇ ਅੰਕੜਿਆਂ ਨੇ ਵਧਾਈ ਚਿੰਤਾ, ਟਰੰਪ ਪ੍ਰਸ਼ਾਸਨ ਨਸਲਵਾਦ ਵਿਰੁੱਧ ਅਪਨਾਵੇ ਸਖ਼ਤ ਰੁਖ

ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਸਾਲਾਨਾ ਅੰਕੜਿਆਂ ਨੇ ਦੁਨੀਆ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਡੂੰਘੀ ਚਿੰਤਾ ਵਿੱਚ ਪਾ ਦਿੱਤਾ ਹੈ। ਰਿਪੋਰਟ ਦੇ ਤੱਥ ਇੱਕ ਅਜੀਬ ਤੇ ਪਰੇਸ਼ਾਨਕੁਨ ਵਿਰੋਧਾਭਾਸ ਪੇਸ਼ ਕਰਦੇ ਹਨ। ਇੱਕ ਪਾਸੇ ਸਮੁੱਚੇ ਅਮਰੀਕਾ ਅੰਦਰ ਕੁੱਲ ਨਫ਼ਰਤੀ ਅਪਰਾਧਾਂ ਵਿੱਚ 7 ਫ਼ੀਸਦੀ ਦੀ ਗਿਰਾਵਟ ਦਰਜ ਹੋਈ ਹੈ, ਜੋ ਸਾਲ 2024 ਵਿੱਚ 11,404 ਤੋਂ ਘਟ ਕੇ 2025 ਵਿੱਚ 10,606 ਰਹਿ ਗਏ ਹਨ। ਪਰ ਦੂਜੇ ਪਾਸੇ ਸਿੱਖਾਂ ਵਿਰੁੱਧ ਦਰਜ ਨਫ਼ਰਤੀ ਅਪਰਾਧਾਂ ਵਿੱਚ 24.6 ਫ਼ੀਸਦੀ ਦਾ ਭਾਰੀ ਉਛਾਲ ਦੇਖਣ ਨੂੰ ਮਿਲਿਆ ਹੈ। ਸਾਲ 2024 ਦੌਰਾਨ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਦੇ 142 ਮਾਮਲੇ ਸਾਹਮਣੇ ਆਏ ਸਨ, ਜੋ ਕਿ 2025 ਵਿੱਚ ਵਧ ਕੇ 177 ਹੋ ਗਏ ਸਨ। ਇਹ ਅੰਕੜੇ ਸਿਰਫ਼ ਕਾਗ਼ਜ਼ੀ ਗਿਣਤੀ ਨਹੀਂ ਹਨ, ਸਗੋਂ ਇਹ ਉਸ ਜ਼ਮੀਨੀ ਹਕੀਕਤ ਦਾ ਸ਼ੀਸ਼ਾ ਹਨ ਜਿੱਥੇ ਅਮਰੀਕਾ ਦੀ ਤਰੱਕੀ ਵਿੱਚ ਲਾਮਿਸਾਲ ਯੋਗਦਾਨ ਪਾਉਣ ਵਾਲਾ ਮਿਹਨਤਕਸ਼ ਭਾਈਚਾਰਾ ਅੱਜ ਵੀ ਆਪਣੀ ਵਿਲੱਖਣ ਪਛਾਣ ਕਾਰਨ ਅਸੁਰੱਖਿਆ ਦੇ ਸਾਏ ਹੇਠ ਜਿਊਣ ਲਈ ਮਜਬੂਰ ਹੈ।



ਅਮਰੀਕਾ ਵਿੱਚ ਸਿੱਖਾਂ ਵਿਰੁੱਧ ਵੱਧ ਰਹੀ ਨਫ਼ਰਤ ਅਤੇ ਹਿੰਸਕ ਰੁਝਾਨ ਪਿੱਛੇ ਕਈ ਗੰਭੀਰ ਸਮਾਜਿਕ, ਸਿਆਸੀ ਅਤੇ ਮਨੋਵਿਗਿਆਨਕ ਕਾਰਨ ਕੰਮ ਕਰ ਰਹੇ ਹਨ। ਸਿੱਖਾਂ ਦੇ ਪਵਿੱਤਰ ਧਾਰਮਿਕ ਚਿੰਨ੍ਹ—ਦਸਤਾਰ ਅਤੇ ਦਾੜ੍ਹੀ—ਅਮਰੀਕੀ ਸਮਾਜ ਦੇ ਇੱਕ ਵੱਡੇ ਵਰਗ ਵਿੱਚ ਅਜੇ ਵੀ ਅਗਿਆਨਤਾ ਕਾਰਨ ਗ਼ਲਤਫ਼ਹਿਮੀ ਦਾ ਸ਼ਿਕਾਰ ਬਣਦੇ ਹਨ। 9/11 ਦੇ ਹਮਲਿਆਂ ਤੋਂ ਬਾਅਦ ਸ਼ੁਰੂ ਹੋਇਆ ਗ਼ਲਤ ਪਛਾਣ ਦਾ ਸਿਲਸਿਲਾ ਦਹਾਕੇ ਬੀਤ ਜਾਣ ਦੇ ਬਾਵਜੂਦ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕਿਆ। ਇਸ ਤੋਂ ਇਲਾਵਾ, ਅਮਰੀਕਾ ਦੇ ਮੌਜੂਦਾ ਸਿਆਸੀ ਮਾਹੌਲ ਵਿੱਚ ਪ੍ਰਵਾਸੀਆਂ ਵਿਰੋਧੀ ਬਿਆਨਬਾਜ਼ੀ ਅਤੇ ਸਮਾਜਿਕ ਧਰੁਵੀਕਰਨ ਨੇ ਘੱਟ-ਗਿਣਤੀਆਂ ਲਈ ਮਾਹੌਲ ਹੋਰ ਜ਼ਹਿਰੀਲਾ ਕਰ ਦਿੱਤਾ ਹੈ। ਬਾਹਰੋਂ ਆਏ ਲੋਕਾਂ ਪ੍ਰਤੀ ਪੈਦਾ ਕੀਤੀ ਜਾ ਰਹੀ ਬੇਭਰੋਸਗੀ ਦਾ ਸਭ ਤੋਂ ਵੱਧ ਸੇਕ ਉਨ੍ਹਾਂ ਭਾਈਚਾਰਿਆਂ ਨੂੰ ਲੱਗ ਰਿਹਾ ਹੈ ਜਿਨ੍ਹਾਂ ਦੀ ਦਿੱਖ ਸਥਾਨਕ ਗੋਰੇ ਲੋਕਾਂ ਨਾਲੋਂ ਵੱਖਰੀ ਹੈ।

ਇਸ ਨਫ਼ਰਤੀ ਲਹਿਰ ਦਾ ਇੱਕ ਵੱਡਾ ਕਾਰਨ ਸੋਸ਼ਲ ਮੀਡੀਆ ਰਾਹੀਂ ਫੈਲਾਇਆ ਜਾਣ ਵਾਲਾ ਗ਼ਲਤ ਪ੍ਰਚਾਰ ਵੀ ਹੈ। ਸਿੱਖ ਕੋਲੀਸ਼ਨ ਦੇ ਅੰਕੜਿਆਂ ਅਨੁਸਾਰ ਸਤੰਬਰ 2025 ਦੌਰਾਨ ਸਿਰਫ਼ ਇੱਕੋ ਮਹੀਨੇ ਵਿੱਚ ਸਭ ਤੋਂ ਵੱਧ 26 ਹਿੰਸਕ ਘਟਨਾਵਾਂ ਦਰਜ ਕੀਤੀਆਂ ਗਈਆਂ। ਇਹ ਉਹੀ ਸਮਾਂ ਸੀ ਜਦੋਂ ਫਲੋਰੀਡਾ ਵਿੱਚ ਟਰੱਕ ਡਰਾਈਵਰ ਹਰਜਿੰਦਰ ਸਿੰਘ ਨਾਲ ਵਾਪਰੇ ਇੱਕ ਮੰਦਭਾਗੇ ਸੜਕ ਹਾਦਸੇ ਨੂੰ ਸੋਸ਼ਲ ਮੀਡੀਆ ’ਤੇ ਜਾਣਬੁੱਝ ਕੇ ਨਸਲੀ ਰੰਗਤ ਦਿੱਤੀ ਗਈ ਸੀ। ਇਸ ਘਟਨਾ ਤੋਂ ਤੁਰੰਤ ਬਾਅਦ ਅਮਰੀਕਾ ਭਰ ਦੇ ਹਾਈਵੇਅਜ਼ ਅਤੇ ਟਰੱਕ ਸਟਾਪਾਂ ’ਤੇ ਮਿਹਨਤਕਸ਼ ਸਿੱਖ ਡਰਾਈਵਰਾਂ ਨੂੰ ਵਿਸ਼ੇਸ਼ ਤੌਰ ’ਤੇ ਨਫ਼ਰਤੀ ਟਿੱਪਣੀਆਂ, ਧਮਕੀਆਂ ਅਤੇ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ। ਕਈ ਥਾਵਾਂ ’ਤੇ ਡਰਾਈਵਰਾਂ ਨੂੰ ਨੌਕਰੀ ਵਾਲੀਆਂ ਥਾਵਾਂ ’ਤੇ ਵੀ ਅਪਮਾਨਿਤ ਕੀਤਾ ਗਿਆ, ਜਿਸ ਨੇ ਟਰਾਂਸਪੋਰਟ ਖੇਤਰ ਵਿੱਚ ਕੰਮ ਕਰਦੇ ਭਾਈਚਾਰੇ ਅੰਦਰ ਡਰ ਦੀ ਭਾਵਨਾ ਭਰ ਦਿੱਤੀ।

‘ਏਸ਼ੀਅਨ ਅਮਰੀਕਨਜ਼ ਐਡਵਾਂਸਿੰਗ ਜਸਟਿਸ’ ਵੱਲੋਂ ਜਾਰੀ ਰਿਪੋਰਟ ਅਨੁਸਾਰ ਹੋਰ ਏਸ਼ੀਆਈ ਘੱਟ-ਗਿਣਤੀਆਂ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ। ਰਿਪੋਰਟ ਮੁਤਾਬਕ ਸਾਲ 2025 ਦੌਰਾਨ ਹਿੰਦੂ ਭਾਈਚਾਰੇ ਵਿਰੁੱਧ ਨਫ਼ਰਤੀ ਅਪਰਾਧਾਂ ਵਿੱਚ 12 ਫ਼ੀਸਦੀ ਦਾ ਵਾਧਾ ਹੋਇਆ ਹੈ, ਜਿੱਥੇ ਇਹ ਮਾਮਲੇ 2024 ਵਿੱਚ 25 ਤੋਂ ਵਧ ਕੇ 2025 ਵਿੱਚ 28 ਹੋ ਗਏ। ਇਸੇ ਤਰ੍ਹਾਂ ਬੋਧੀ ਭਾਈਚਾਰੇ ਖ਼ਿਲਾਫ਼ ਦਰਜ ਮਾਮਲਿਆਂ ਵਿੱਚ 7.7 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ 26 ਤੋਂ ਵਧ ਕੇ 28 ਹੋਏ। ਦੂਜੇ ਪਾਸੇ, ਮੁਸਲਿਮ ਭਾਈਚਾਰੇ ਵਿਰੁੱਧ ਦਰਜ ਨਫ਼ਰਤੀ ਅਪਰਾਧਾਂ ਵਿੱਚ 10.1 ਫ਼ੀਸਦੀ ਦੀ ਕਮੀ ਦੇਖਣ ਨੂੰ ਮਿਲੀ ਹੈ, ਜਿੱਥੇ ਇਹ ਮਾਮਲੇ 228 ਤੋਂ ਘਟ ਕੇ 205 ਰਹਿ ਗਏ ਹਨ।

(ਬਾਕੀ ਸਫ਼ਾ 26 ’ਤੇ)

### ਗਲੋਬਲ ਸਰਵੇਖਣ ਵਿੱਚ ਖ਼ੁਲਾਸਾ

# 2008 ਤੋਂ ਬਾਅਦ ਅਮਰੀਕਾ ’ਚ ਭਾਰਤ ਦਾ ਅਕਸ ਸਭ ਤੋਂ ਕਮਜ਼ੋਰ ਪੱਧਰ ’ਤੇ

## ਨੌਜਵਾਨਾਂ ਵਿੱਚ ਵੱਧ ਰਹੀ ਨਿਰਾਸ਼ਾ, ਅਮਰੀਕਾ ਅਤੇ ਬੰਗਲਾਦੇਸ਼ ਵਿੱਚ ਭਾਰਤ ਪੱਖੀ ਸੋਚ ਵਿੱਚ ਵੱਡੀ ਗਿਰਾਵਟ

ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧ ਸਰਵੇਖਣ ਸੰਸਥਾ ‘ਪਿਊ ਰਿਸਰਚ ਸੈਂਟਰ’ ਵੱਲੋਂ ਜਾਰੀ ਤਾਜ਼ਾ ਗਲੋਬਲ ਐਟੀਟਿਊਡਜ਼ ਰਿਪੋਰਟ ਨੇ ਭਾਰਤ ਦੀ ਵਿਦੇਸ਼ ਨੀਤੀ ਅਤੇ ਅੰਤਰਰਾਸ਼ਟਰੀ ਅਕਸ ਦੇ ਸਾਹਮਣੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਰਿਪੋਰਟ ਅਨੁਸਾਰ, ਅਮਰੀਕਾ ਵਿੱਚ ਪਹਿਲੀ ਵਾਰ ਭਾਰਤ ਦੇ ਪ੍ਰਤੀ ਸਾਕਾਰਾਤਮਕ ਨਜ਼ਰੀਆ ਰੱਖਣ ਵਾਲੇ ਲੋਕਾਂ ਦੀ ਗਿਣਤੀ 50 ਫ਼ੀਸਦੀ ਤੋਂ ਹੇਠਾਂ ਆ ਕੇ 45% ਰਹਿ ਗਈ ਹੈ, ਜਦਕਿ 50% ਅਮਰੀਕੀਆਂ ਨੇ ਭਾਰਤ ਪ੍ਰਤੀ ਨਕਾਰਾਤਮਕ ਰਾਏ ਪ੍ਰਗਟਾਈ ਹੈ। ਸਾਲ 2008 ਵਿੱਚ ਪਿਊ ਵੱਲੋਂ ਅਮਰੀਕਾ ਅੰਦਰ ਭਾਰਤ ਬਾਰੇ ਲੋਕ-ਰਾਏ ਇਕੱਠੀ ਕਰਨ ਦੀ ਸ਼ੁਰੂਆਤ ਤੋਂ ਬਾਅਦ ਇਹ ਹੁਣ ਤੱਕ ਦਾ ਸਭ ਤੋਂ ਕਮਜ਼ੋਰ ਪੱਧਰ ਹੈ।

ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਅਮਰੀਕਾ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਪੱਖੀ ਸੋਚ ਵਿੱਚ ਲਗਾਤਾਰ ਗਿਰਾਵਟ ਆਈ ਹੈ। ਸਾਲ 2023 ਵਿੱਚ ਜਿੱਥੇ 51% ਅਮਰੀਕੀ ਭਾਰਤ ਨੂੰ ਚੰਗੀ ਨਜ਼ਰ ਨਾਲ ਦੇਖਦੇ ਸਨ, ਉਹ 2025 ਵਿੱਚ ਘਟ ਕੇ 49% ਅਤੇ ਹੁਣ 45% ’ਤੇ ਆ ਗਿਆ ਹੈ। ਇਸ ਰਾਏ ਵਿੱਚ ਰਾਜਨੀਤਿਕ ਵਿਚਾਰਧਾਰਾ ਅਤੇ ਉਮਰ ਦਾ ਵੀ ਵੱਡਾ ਪ੍ਰਭਾਵ ਨਜ਼ਰ ਆਉਂਦਾ ਹੈ:

ਡੈਮੋਕ੍ਰੇਟ ਅਤੇ ਉਨ੍ਹਾਂ ਦੇ ਸਮਰਥਕਾਂ ਵਿੱਚ 50% ਲੋਕ ਭਾਰਤ ਪ੍ਰਤੀ ਪੱਖੀ ਰਾਏ ਰੱਖਦੇ ਹਨ, ਜਦਕਿ ਰਿਪਬਲਿਕਨਾਂ ਵਿੱਚ ਇਹ ਅੰਕੜਾ ਸਿਰਫ਼ 42% ਹੈ।

65 ਸਾਲ ਜਾਂ ਇਸ ਤੋਂ ਵੱਧ ਉਮਰ ਦੇ 50% ਬਜ਼ੁਰਗ ਅਮਰੀਕੀ ਭਾਰਤ ਨੂੰ ਸਹੀ ਮੰਨਦੇ ਹਨ, ਜਦਕਿ 18 ਤੋਂ 29 ਸਾਲ ਦੇ ਨੌਜਵਾਨਾਂ ਵਿੱਚ ਇਹ ਅੰਕੜਾ ਮਹਿਜ਼ 42% ਰਹਿ ਗਿਆ ਹੈ। ਨੌਜਵਾਨ ਵਰਗ ਵਿੱਚ ਇਹ ਗਿਰਾਵਟ ਭਵਿੱਖ ਦੇ ਦੁਵੱਲੇ ਸਬੰਧਾਂ ਦੇ ਲਿਹਾਜ਼ ਨਾਲ ਵਧੇਰੇ ਚਿੰਤਾ ਦਾ ਵਿਸ਼ਾ ਹੈ।

**ਗਲੋਬਲ ਪ੍ਰਭਾਵ ਅਤੇ ਗੁਆਂਢੀ ਦੇਸ਼ਾਂ ਵਿੱਚ ਸਥਿਤੀ**

36 ਦੇਸ਼ਾਂ ਦੇ 42,000 ਤੋਂ ਵੱਧ ਲੋਕਾਂ ’ਤੇ ਕੀਤੇ ਗਏ ਇਸ ਸਰਵੇਖਣ ਅਨੁਸਾਰ ਔਸਤਨ 45% ਲੋਕਾਂ ਨੇ ਭਾਰਤ ਪ੍ਰਤੀ ਸਾਕਾਰਾਤਮਕ ਅਤੇ 41% ਨੇ ਨਕਾਰਾਤਮਕ ਰਾਏ ਦਿੱਤੀ ਹੈ। ਸ਼੍ਰੀਲੰਕਾ (79%), ਬ੍ਰਿਟੇਨ (71%), ਕੀਨੀਆ (71%) ਅਤੇ ਜਰਮਨੀ (63%) ਵਰਗੇ ਦੇਸ਼ਾਂ ਵਿੱਚ ਭਾਰਤ ਦੀ ਹਮਾਇਤ ਮਜ਼ਬੂਤ ਰਹੀ ਹੈ, ਪਰ ਗੁਆਂਢੀ ਮੁਲਕਾਂ ਵਿੱਚ ਤਸਵੀਰ ਚਿੰਤਾਜਨਕ ਹੈ। ਖ਼ਾਸ ਤੌਰ ’ਤੇ ਬੰਗਲਾਦੇਸ਼ ਵਿੱਚ ਭਾਰਤ ਦੀ ਸਾਕਾਰਾਤਮਕ ਅਕਸ 2024 ਦੇ 57% ਤੋਂ ਘਟ ਕੇ ਸਿਰਫ਼ 42% ਰਹਿ ਗਿਆ ਹੈ, ਜੋ ਕਿ ਦੱਖਣੀ ਏਸ਼ੀਆਈ ਖੇਤਰ ਵਿੱਚ ਭਾਰਤ ਦੇ ਖੇਤਰੀ ਪ੍ਰਭਾਵ ਅਤੇ ਕੂਟਨੀਤੀ ਲਈ ਵੱਡਾ ਸੰਕੇਤ ਹੈ।

**ਦੋਤਰਫ਼ਾ ਵਿਸ਼ਵਾਸ ਦਾ ਸੰਕਟ**

ਦਿਲਚਸਪ ਪਹਿਲੂ ਇਹ ਹੈ ਕਿ ਇਹ ਬੇਭਰੋਸਗੀ ਸਿਰਫ਼ ਅਮਰੀਕੀਆਂ ਵੱਲੋਂ ਹੀ ਨਹੀਂ ਦਿਖਾਈ ਦੇ ਰਹੀ, ਸਗੋਂ ਭਾਰਤੀ ਲੋਕਾਂ ਵਿੱਚ ਵੀ ਅਮਰੀਕੀ ਨੀਤੀਆਂ ਪ੍ਰਤੀ ਨਿਰਾਸ਼ਾ ਵਧੀ ਹੈ। ਜੂਨ ਦੇ ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਸੀ ਕਿ ਡੋਨਾਲਡ ਟਰੰਪ ਦੇ ਸਖ਼ਤ ਟੈਰਿਫ਼, ਇਮੀਗ੍ਰੇਸ਼ਨ ਨਿਯਮਾਂ ਅਤੇ ਗਲੋਬਲ ਟਕਰਾਵਾਂ ਕਾਰਨ ਭਾਰਤੀਆਂ ਦਾ ਅਮਰੀਕੀ ਲੀਡਰਸ਼ਿਪ ’ਤੇ ਭਰੋਸਾ ਪਿਛਲੇ 25 ਸਾਲਾਂ ਦੇ ਹੇਠਲੇ ਪੱਧਰ (39%) ’ਤੇ ਆ ਗਿਆ ਹੈ। ਸਿਰਫ਼ 45% ਭਾਰਤੀ ਅਮਰੀਕਾ ਬਾਰੇ ਸਾਕਾਰਾਤਮਕ ਸੋਚ ਰੱਖਦੇ ਹਨ।

ਸਿੱਟਾ: ਸਰਕਾਰੀ ਪੱਧਰ ’ਤੇ ਆਗੂਆਂ ਦੇ ਨਿੱਜੀ ਸੰਬੰਧ ਜਾਂ ਰਸਮੀ ਗੱਲਬਾਤਾਂ ਆਪਣੀ ਥਾਂ ਹਨ, ਪਰ ਕਿਸੇ ਵੀ ਦੁਵੱਲੇ ਰਿਸ਼ਤੇ ਦੀ ਮਜ਼ਬੂਤੀ ਲੋਕਾਂ ਦੇ ਆਪਸੀ ਵਿਸ਼ਵਾਸ ਅਤੇ ਜਨਤਕ ਧਾਰਨਾ ’ਤੇ ਨਿਰਭਰ ਕਰਦੀ ਹੈ। ਭਾਰਤ ਦੇ ਅੰਦਰੂਨੀ ਲੋਕਤੰਤਰੀ ਮਿਆਰਾਂ, ਪ੍ਰੈੱਸ ਦੀ ਆਜ਼ਾਦੀ, ਗਲੋਬਲ ਰੈਂਕਿੰਗਜ਼ (ਜਿਵੇਂ ਪਾਸਪੋਰਟ ਇੰਡੈਕਸ) ਅਤੇ ਵਿਦੇਸ਼ ਨੀਤੀ ਦੇ ਰੁਖ਼ ਨੂੰ ਲੈ ਕੇ ਪੱਛਮੀ ਮੁਲਕਾਂ ਦੇ ਆਮ ਸ਼ਹਿਰੀਆਂ ਵਿੱਚ ਪੈਦਾ ਹੋ ਰਹੇ ਸ਼ੰਕਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਭਾਰਤ ਨੇ ਵਿਸ਼ਵ ਪੱਧਰ ’ਤੇ ਆਪਣੀ ਸ਼ਾਖ਼ ਮਜ਼ਬੂਤ ਰੱਖਣੀ ਹੈ, ਤਾਂ ਅੰਤਰਰਾਸ਼ਟਰੀ ਲੋਕ-ਮੰਚਾਂ ’ਤੇ ਪੈਦਾ ਹੋ ਰਹੇ ਇਸ ਪਾੜੇ ਨੂੰ ਪੂਰਨ ਲਈ ਠੋਸ, ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣੇ ਹੋਣਗੇ।

# ਸਿੱਖ ਭਾਈਚਾਰੇ ਵੱਲੋਂ ਕੈਨੇਡਾ ’ਚ ਜੰਗਲਾਂ ਨੂੰ ਲੱਗੀ ਅੱਗ ਕਾਰਨ ਪ੍ਰਭਾਵਿਤ ਪੀੜਤਾਂ ਦੀ ਸਹਾਇਤਾ

## ਲੰਗਰ, ਰਿਹਾਇਸ਼, ਕੱਪੜੇ ਅਤੇ ਹੋਰ ਜ਼ਰੂਰੀ ਵਸਤੂਆਂ ਲਾਲ ਕੀਤੀ ਮਦਦ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਵੱਖ-ਵੱਖ ਥਾਈਂ ਜੰਗਲਾਂ ਨੂੰ ਲੱਗੀ ਅੱਗ ਦਾ ਅਸਰ ਕੁਝ ਘਟਣ ਲੱਗਾ ਹੈ। ਇਸ ਅੱਗ ਕਾਰਨ ਇਕ ਬਜ਼ੁਰਗ ਔਰਤ ਦੀ ਮੌਤ ਹੋ ਚੁੱਕੀ ਹੈ।



ਦੂਜੇ ਪਾਸੇ ਘਰ ਛੱਡ ਕੇ ਸੁਰੱਖਿਅਤ ਥਾਵਾਂ ’ਤੇ ਗਏ 20 ਹਜ਼ਾਰ ਤੋਂ ਵੱਧ ਲੋਕਾਂ ਦੇ ਰਾਹਤ ਕਾਰਜਾਂ ਵਿੱਚ ਸਿੱਖ ਭਾਈਚਾਰੇ ਵੱਲੋਂ ਯਤਨ ਆਰੰਭੇ ਗਏ ਹਨ, ਜਿਨ੍ਹਾਂ ਵਿੱਚ ਪੈਂਟਿਕਟਨ ਦੀ ਗੁਰਦੁਆਰਾ ਕਮੇਟੀ ਪੀੜਤਾਂ ਦੀ ਮਦਦ ਵਿੱਚ ਮੋਹਰੀ ਬਣੀ ਹੈ। ਇਸ ਕਮੇਟੀ ਵਲੋਂ ਪੀੜਤ ਲੋਕਾਂ ਲਈ ਲੰਗਰ, ਰਹਿਣ, ਪਹਿਨਣ ਅਤੇ ਹੋਰ ਜ਼ਰੂਰੀ ਲੋੜਾਂ ਦੀ ਪੂਰਤੀ ਕਰਵਾਈ ਜਾ ਰਹੀ ਹੈ।

ਓਕਨਾਗਨ ਖੇਤਰ ਦੇ ਅੱਗ ਤੋਂ ਬਚੇ ਲੋਕ ਆਮ ਲੋਕ ਵੀ ਕਮੇਟੀ ਦੇ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਉਣ ਲੱਗੇ ਹਨ। ਕਮੇਟੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ ਸ਼ਰਨ ਲਈ ਆਏ ਹਰੇਕ ਪੀੜਤ ਦੀ ਸਾਂਭ ਸੰਭਾਲ ਉਦੋਂ ਤੱਕ ਕੀਤੀ ਜਾਏਗੀ, ਜਦ ਤੱਕ ਉਹ ਸੁਰੱਖਿਅਤ ਤੌਰ ’ਤੇ ਆਪਣੇ ਘਰੀਂ ਵਾਪਸ ਨਹੀਂ ਚਲੇ ਜਾਂਦੇ।

ਉੱਧਰ ਸਰੀ, ਐਬਸਫੋਰਡ, ਵੈਨਕੂਵਰ, ਮਿਸ਼ਨ, ਰਿੱਚ ਮੀਡੋਅ, ਕੁਇਟਲਮ ਤੇ ਹੋਰ ਸ਼ਹਿਰਾਂ ਵਿੱਚ ਰਹਿੰਦਾ ਸਿੱਖ ਭਾਈਚਾਰਾ ਅੱਗ ਪ੍ਰਭਾਵਤ ਲੋਕਾਂ ਨੂੰ ਦੁਬਾਰਾ ਸੈਟ ਹੋਣ ਮੌਕੇ ਲੋੜੀਂਦੀਆਂ ਵਸਤਾਂ ਦੀ ਪੂਰਤੀ ਕਰਾਉਣ ਦੇ ਪ੍ਰਬੰਧ ਕਰਨ ਵਿੱਚ ਜੁੱਟ ਗਿਆ ਹੈ। ਉਨ੍ਹਾਂ ਵੱਲੋਂ ਹੁਣ ਤੋਂ ਹੀ ਉਨ੍ਹਾਂ ਵਸਤਾਂ ਦੇ ਪ੍ਰਬੰਧ ਕੀਤੇ ਜਾਣ ਲੱਗੇ ਹਨ, ਜੋ ਆਪਣੇ ਘਰੀਂ ਜਾ ਕੇ ਪੀੜਤਾਂ ਦੀ ਪਹਿਲੀ ਲੋੜ ਹੋਵੇਗੀ।

(ਬਾਕੀ ਸਫ਼ਾ 27 ’ਤੇ)

### ਹਾੜਾ! ਕੋਈ ਡੰਕੀ ਵਾਲੇ ਰਸਤੇ ਤੋਂ ਨਾ ਆਇਓ....

# ਮੈਕਸੀਕੋ ’ਚ ਫਸੇ ਇੱਕ ਪੰਜਾਬੀ ਸਿੱਖ ਨੌਜਵਾਨ ਨੇ ਵੀਡੀਓ ਰਾਹੀਂ ਕੀਤੀ ਪੰਜਾਬੀਆਂ ਨੂੰ ਭਾਵੁਕ ਅਪੀਲ

ਮੈਕਸੀਕੋ/ਏ.ਟੀ.ਨਿਊਜ਼: ਪੰਜਾਬ ਦੇ ਇੱਕ ਸਿੱਖ ਨੌਜਵਾਨ ਦਾ ਰੌਂਦੇ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਸਾਹਮਣੇ ਆਇਆ ਹੈ। ਵੀਡੀਓ ਵਿੱਚ, ਉਹ ਲੋਕਾਂ ਨੂੰ ਨਾ ਆਉਣ ਦੀ ਬੇਨਤੀ ਕਰਦਾ ਹੋਇਆ ਦਿਖਾਈ ਦੇ ਰਿਹਾ ਹੈ, ਇਹ ਦਾਅਵਾ ਕਰਦੇ ਹੋਏ ਕਿ ਉਹ ਮੈਕਸੀਕੋ ਵਿੱਚ ਫਸਿਆ ਹੋਇਆ ਹੈ। ਇੱਕ ਕਮਰੇ ਵਿੱਚ ਹੱਥ ਜੋੜ ਕੇ ਬੈਠਾ ਹੈ, ਉਹ ਕੁੱਟਮਾਰ ਦਾ ਵੀ ਵਰਣਨ ਕਰਦਾ ਹੈ।

ਵੀਡੀਓ ਦਾ ਕੈਪਸ਼ਨ ਹੈ ‘ਮੈਕਸੀਕੋ ਵਿੱਚ ਭਾਰਤੀ ਸਿੱਖਾਂ ਨਾਲ ਘਿਣਾਉਣਾ ਸਲੂਕ।’ ਨੌਜਵਾਨ ਦੱਸਦਾ ਹੈ ਕਿ ਉਹ ‘ਡੰਕੀ ਰੂਟ’ ਰਾਹੀਂ ਮੈਕਸੀਕੋ ਪਹੁੰਚਿਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਉਸਨੂੰ ਕੁੱਟਿਆ ਗਿਆ, ਜਿਸ ਨਾਲ ਉਹ ਠੀਕ ਤਰ੍ਹਾਂ ਤੁਰਨ ਤੋਂ ਅਸਮਰੱਥ ਹੋ ਗਿਆ। ਰੋਂਦਾ ਹੋਇਆ ਨੌਜਵਾਨ ਲੋਕਾਂ ਨੂੰ ਮੈਕਸੀਕੋ ਨਾ ਆਉਣ ਅਤੇ ਕਿਸੇ ਏਜੰਟ ਦਾ ਸ਼ਿਕਾਰ ਨਾ ਹੋਣ ਦੀ ਅਪੀਲ ਕਰਦਾ ਹੈ।

ਨੌਜਵਾਨ ਬੇਨਤੀ ਕਰਦਾ ਹੈ ਕਿ ਕੋਈ ਵੀ ਭੱਜਣ ਦੀ ਕੋਸ਼ਿਸ਼ ਨਾ ਕਰੇ: ਨੌਜਵਾਨ, ਜਿਸਨੇ ਵੀਡੀਓ ਵਿੱਚ ਆਪਣਾ ਨਾਮ ਨਹੀਂ ਦੱਸਿਆ, ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਸ ਵਰਗੀ ਗਲਤੀ ਨਾ ਕਰਨ ਅਤੇ ਭੱਜਣ ਦੀ ਕੋਸ਼ਿਸ਼ ਨਾ ਕਰਨ। ਨੌਜਵਾਨ ਨੇ ਸਮਝਾਇਆ ਕਿ ਉਸਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਉਸਦੀ ਹਾਲਤ ਵਿਗੜ ਗਈ। ਉਹ ਠੀਕ ਤਰ੍ਹਾਂ ਤੁਰ ਵੀ ਨਹੀਂ ਸਕਦਾ ਸੀ।



ਅੰਤ ਵਿੱਚ, ਉਸਨੂੰ ਹੱਥ ਜੋੜ ਕੇ ਮੁਆਫ਼ੀ ਮੰਗਦੇ ਦੇਖਿਆ ਗਿਆ: ਵੀਡੀਓ ਬਣਾਉਣ ਵਾਲੇ ਵਿਅਕਤੀ ਵੱਲ ਇਸ਼ਾਰਾ ਕਰਦੇ ਹੋਏ, ਉਸਨੇ ਕਿਹਾ ਕਿ ਇਹ ਵਿਅਕਤੀ ਉਸਨੂੰ ਉੱਥੇ ਲੈ ਕੇ ਆਇਆ ਸੀ। ਨੌਜਵਾਨ ਨੇ ਆਪਣੀ ਗਲਤੀ ਮੰਨ ਲਈ ਅਤੇ ਕਿਹਾ ਕਿ ਉਸਨੂੰ ਇਸਦੀ ਸਜ਼ਾ ਮਿਲੀ ਹੈ। ਉਸ ਨਾਲ ਬੁਰਾ ਸਲੂਕ ਕੀਤਾ ਗਿਆ ਸੀ। ਅੰਤ ਵਿੱਚ, ਉਸਨੂੰ ਹੱਥ ਜੋੜ ਕੇ ਮੁਆਫ਼ੀ ਮੰਗਦੇ ਦੇਖਿਆ ਗਿਆ।

ਡੰਕੀ ਰੂਟ ਦਾ ਰਸਤਾ ਪੰਜਾਬ ਅਤੇ ਉੱਤਰੀ ਭਾਰਤ ਦੇ ਨੌਜਵਾਨਾਂ ਲਈ ਸੰਯੁਕਤ ਰਾਜ ਅਮਰੀਕਾ ਜਾਂ ਕੈਨੇਡਾ ਪਹੁੰਚਣ ਲਈ ਇੱਕ ਗ਼ੈਰ-ਕਾਨੂੰਨੀ ਰਸਤਾ ਬਣ ਗਿਆ ਹੈ। ਏਜੰਟ ਉਨ੍ਹਾਂ ਨੂੰ ਕਈ ਦੇਸ਼ਾਂ ਰਾਹੀਂ ਮੈਕਸੀਕੋ ਪਹੁੰਚਾਉਂਦੇ ਹਨ। ਉੱਥੇ, ਉਨ੍ਹਾਂ ਨੂੰ ਟਿਜੁਆਨਾ ਅਤੇ ਹੋਰ ਸਰਹੱਦੀ ਸ਼ਹਿਰਾਂ ਵਿੱਚ ਹੋਟਲਾਂ, ਨਿੱਜੀ ਘਰਾਂ ਜਾਂ ਸੁਰੱਖਿਅਤ ਘਰਾਂ ਵਿੱਚ ਦਿਨਾਂ ਤੋਂ ਹਫ਼ਤਿਆਂ ਤੱਕ ਰੱਖਿਆ ਜਾਂਦਾ ਹੈ। ਵੀਡੀਓ ਵਿੱਚ ਦਿਖਾਈ ਦੇਣ ਵਾਲਾ ਕਮਰਾ ਇੱਕ ਅਜਿਹਾ ਹੀ ਅਸਥਾਈ ਪਨਾਹਗਾਹ ਜਾਪਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ, ਹਜ਼ਾਰਾਂ ਭਾਰਤੀਆਂ, ਖਾਸ ਕਰਕੇ ਪੰਜਾਬੀ ਸਿੱਖਾਂ ਨੇ ਇਸ ਰਸਤੇ ਦੀ ਵਰਤੋਂ ਕੀਤੀ ਹੈ। ਏਜੰਟ 20 ਤੋਂ 50 ਲੱਖ ਰੁਪਏ ਤੱਕ ਲੈਂਦੇ ਹਨ। ਬਹੁਤ ਸਾਰੇ ਪਰਿਵਾਰ ਕਰਜ਼ਾ ਲੈ ਕੇ ਜਾਂ ਜ਼ਮੀਨ ਵੇਚ ਕੇ ਇਹ ਪੈਸਾ ਇਕੱਠਾ ਕਰਦੇ ਹਨ। ਇੱਕ ਵਾਰ ਮੈਕਸੀਕੋ ਵਿੱਚ, ਸਥਿਤੀ ਹੋਰ ਵੀ ਮੁਸ਼ਕਿਲ ਹੋ ਜਾਂਦੀ ਹੈ।

ਸੀਮਤ ਭੋਜਨ ਅਤੇ ਪਾਣੀ, ਸੀਮਤ ਜਗ੍ਹਾ ਅਤੇ ਏਜੰਟਾਂ ਦੁਆਰਾ ਦਬਾਅ ਅਤੇ ਦੁਰਵਿਵਹਾਰ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਬਹੁਤ ਸਾਰੇ ਮਾਮਲਿਆਂ ਵਿੱਚ, ਨੌਜਵਾਨਾਂ ਨੂੰ ਜ਼ਬਰਦਸਤੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਦੋਂ ਕਿ ਦੂਸਰੇ ਰਸਤੇ ਵਿੱਚ ਬਿਮਾਰ ਹੋ ਜਾਂਦੇ ਹਨ ਜਾਂ ਪੈਸੇ ਖਤਮ ਹੋ ਜਾਂਦੇ ਹਨ ਅਤੇ ਫਸ ਜਾਂਦੇ ਹਨ।

### ਫਗਵਾੜਾ ਕਾਨਫਰੰਸ ਤੋਂ ਕੇਂਦਰ ਸਰਕਾਰ ਨੂੰ ਭੇਜੀ ਗਈ ਮੁੱਖ ਚਿੱਠੀ

# ਜਨਗਣਨਾ ਵਿੱਚ ਵੱਖਰੇ ਰਵਿਦਾਸੀਆ ਧਰਮ ਦੀ ਮੰਗ

## ਕੀ ਰਵਿਦਾਸੀਆ ਭਾਈਚਾਰੇ ਦੀ ਵੱਖਰੇ ਧਰਮ ਦੀ ਮੰਗ ਮੰਨੇਗੀ ਮੋਦੀ ਸਰਕਾਰ? ਜਾਣੋ ਸੰਵਿਧਾਨਕ ਅਤੇ ਕਾਨੂੰਨੀ ਅੜਚਨਾਂ

ਪੰਜਾਬ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਫਿਜ਼ਾ ਵਿੱਚ ਰਵਿਦਾਸੀਆ ਭਾਈਚਾਰੇ ਵੱਲੋਂ ਆਉਣ ਵਾਲੀ ਜਨਗਣਨਾ ਵਿੱਚ ਵੱਖਰੇ ਧਰਮ ਵਜੋਂ ਸੂਚੀਬੱਧ ਹੋਣ ਦੀ ਮੰਗ ਇੱਕ ਵਾਰ ਫਿਰ ਭਖ਼ ਗਈ ਹੈ। ਫਗਵਾੜਾ ਦੀ ਦਾਣਾ ਮੰਡੀ ਵਿਖੇ ਆਲ ਇੰਡੀਆ ਭਾਰਤੀ ਰਵਿਦਾਸੀਆ ਧਰਮ ਸੰਗਠਨ ਦੇ ਬੈਨਰ ਹੇਠ ਹੋਈ ਵਿਸ਼ਾਲ ਕਾਨਫਰੰਸ ਨੇ ਇਸ ਮੁੱਦੇ ਨੂੰ ਪੰਜਾਬ ਦੀ ਸਿਆਸਤ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਇਸ ਕਾਨਫਰੰਸ ਵਿੱਚ ਡੇਰਾ ਸਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਦੀ ਸ਼ਮੂਲੀਅਤ ਨੇ ਇਸ ਮੰਗ ਦੀ ਧਾਰਮਿਕ ਅਤੇ ਸਮਾਜਿਕ ਗੰਭੀਰਤਾ ਨੂੰ ਹੋਰ ਵਧਾ ਦਿੱਤਾ ਹੈ। ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਭੇਜੀ ਗਈ ਚਿੱਠੀ ਰਾਹੀਂ ਇਹ ਪ੍ਰਮੁੱਖ ਮੰਗ ਰੱਖੀ ਗਈ ਹੈ ਕਿ 2027 ਵਿੱਚ ਹੋਣ ਜਾ ਰਹੀ ਜਨਗਣਨਾ ਦੇ ਫਾਰਮ ਵਿੱਚ ਧਰਮ ਵਾਲੀ ਕੈਟੇਗਰੀ ਅਧੀਨ ਰਵਿਦਾਸੀਆ ਭਾਈਚਾਰੇ ਲਈ ਇੱਕ ਅਲੱਗ ਕਾਲਮ ਬਣਾਇਆ ਜਾਵੇ। ਇਹ ਮੰਗ ਕੇਵਲ ਇੱਕ ਅੰਕੜਾਤਮਕ ਪਛਾਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਆਪਣੀ ਵੱਖਰੀ ਧਾਰਮਿਕ ਹੋਂਦ ਨੂੰ ਸੰਵਿਧਾਨਕ ਮਾਨਤਾ ਦਿਵਾਉਣ ਦੀ ਇੱਕ ਵਿਆਪਕ ਲਹਿਰ ਦਾ ਹਿੱਸਾ ਹੈ।

ਰਵਿਦਾਸੀਆ ਭਾਈਚਾਰੇ ਦੇ ਆਗੂ ਅਤੇ ਸੰਗਠਨ ਦੇ ਸਟੇਜ ਸਕੱਤਰ ਡਾ. ਕਮਲ ਸਾਂਪਲਾ ਅਨੁਸਾਰ ਇਸ ਮੰਗ ਦਾ ਸਭ ਤੋਂ ਵੱਡਾ ਆਧਾਰ ਭਾਰਤੀ ਸੰਵਿਧਾਨ ਦੁਆਰਾ ਹਰ ਨਾਗਰਿਕ ਨੂੰ ਦਿੱਤੀ ਗਈ ਧਾਰਮਿਕ ਆਜ਼ਾਦੀ ਹੈ। ਰਵਿਦਾਸੀਆ ਭਾਈਚਾਰੇ ਕੋਲ ਇੱਕ ਸੁਤੰਤਰ ਧਰਮ ਲਈ ਲੋੜੀਂਦੇ ਸਾਰੇ ਪ੍ਰਮੁੱਖ



ਤੱਤ ਮੌਜੂਦ ਹਨ—ਉਨ੍ਹਾਂ ਦਾ ਆਪਣਾ ਪਵਿੱਤਰ ਧਾਰਮਿਕ ਗ੍ਰੰਥ 'ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ' ਹੈ, ਆਪਣੇ ਧਾਰਮਿਕ ਅਸਥਾਨ (ਜਿਵੇਂ ਕਾਸ਼ੀ ਸਥਿਤ ਗੁਰੂ ਰਵਿਦਾਸ ਜਨਮ ਅਸਥਾਨ), ਆਪਣਾ ਅਲੱਗ ਧਾਰਮਿਕ ਚਿੰਨ੍ਹ (ਹਰਿ), ਆਪਣਾ ਨਿਸ਼ਾਨ ਸਾਹਿਬ (ਝੰਡਾ) ਅਤੇ ਆਪਣੇ ਵਿਸ਼ੇਸ਼ ਰੀਤੀ-ਰਿਵਾਜ ਹਨ।

30 ਜਨਵਰੀ 2010 ਨੂੰ 633ਵੀਂ ਰਵਿਦਾਸ ਜਯੰਤੀ ਦੇ ਸ਼ੁਭ ਅਵਸਰ 'ਤੇ ਵਾਰਾਣਸੀ ਵਿਖੇ ਲੱਖਾਂ ਸ਼ਰਧਾਲੂਆਂ ਦੀ ਮੌਜੂਦਗੀ ਵਿੱਚ ਰਵਿਦਾਸੀਆ ਧਰਮ ਨੂੰ ਰਸਮੀ ਤੌਰ 'ਤੇ ਸੁਤੰਤਰ ਧਰਮ ਵਜੋਂ ਐਲਾਨਿਆ ਜਾ ਚੁੱਕਾ ਹੈ। ਭਾਈਚਾਰੇ ਦਾ ਤਰਕ ਹੈ ਕਿ ਜੇਕਰ ਹਿੰਦੂ, ਸਿੱਖ, ਇਸਾਈ, ਮੁਸਲਿਮ, ਬੁੱਧ ਅਤੇ ਜੈਨ ਧਰਮਾਂ ਨੂੰ ਜਨਗਣਨਾ ਵਿੱਚ ਵੱਖਰੀ ਪਛਾਣ ਮਿਲ ਸਕਦੀ ਹੈ, ਤਾਂ ਰਵਿਦਾਸੀਆ ਸਮਾਜ ਨੂੰ ਇਸ ਤੋਂ ਵਾਂਝਾ ਕਿਉਂ ਰੱਖਿਆ ਜਾਵੇ?

ਇਸ ਤੋਂ ਇਲਾਵਾ, ਅਲੱਗ ਕਾਲਮ ਨਾ ਹੋਣ ਕਾਰਨ ਭਾਈਚਾਰੇ ਦੇ ਲੋਕਾਂ ਨੂੰ ਖੁਦ ਨੂੰ ਹਿੰਦੂ ਜਾਂ ਸਿੱਖ ਸ਼੍ਰੇਣੀ ਵਿੱਚ ਦਰਜ ਕਰਵਾਉਣਾ ਪੈਂਦਾ ਹੈ, ਜਿਸ ਨਾਲ ਸਮਾਜ ਦੀ ਅਸਲ ਆਬਾਦੀ ਦਾ ਸਹੀ ਅੰਕੜਾ ਸਾਹਮਣੇ ਨਹੀਂ ਆਉਂਦਾ। ਸਹੀ ਅੰਕੜੇ ਦੇ ਅਭਾਵ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਭਾਈਚਾਰੇ ਦੀ ਭਲਾਈ ਲਈ ਆਉਣ ਵਾਲੇ ਸਰਕਾਰੀ ਫੰਡਾਂ ਅਤੇ ਯੋਜਨਾਵਾਂ ਦਾ ਪੂਰਾ ਲਾਭ ਅਸਲ ਲੋੜਵੰਦਾਂ ਤੱਕ ਨਹੀਂ ਪਹੁੰਚ ਪਾਉਂਦਾ। ਡੇਰਾ ਸਚਖੰਡ ਬੱਲਾਂ ਅਨੁਸਾਰ ਕਾਸ਼ੀ ਵਿੱਚ ਹਰ ਸਾਲ 30 ਤੋਂ 35 ਲੱਖ ਸ਼ਰਧਾਲੂ ਨਤਮਸਤਕ ਹੁੰਦੇ ਹਨ, ਜੋ ਇਸ ਭਾਈਚਾਰੇ ਦੇ ਵਿਸ਼ਾਲ ਫੈਲਾਅ ਨੂੰ ਦਰਸਾਉਂਦਾ ਹੈ।

**ਮੰਗ ਦਾ ਇਤਿਹਾਸਕ ਪਿਛੋਕੜ: ਆਦਿ ਧਰਮ ਲਹਿਰ ਤੋਂ ਵੀਏਨਾ ਘਟਨਾਕ੍ਰਮ ਤੱਕ**

ਵੱਖਰੀ ਧਾਰਮਿਕ ਪਛਾਣ ਦੀ ਇਸ ਮੰਗ ਦੀਆਂ ਜੜ੍ਹਾਂ ਵੀਹਵੀਂ ਸਦੀ ਦੇ ਆਰੰਭ ਵਿੱਚ ਸ਼ੁਰੂ ਹੋਈ 'ਆਦਿ ਧਰਮ ਲਹਿਰ' ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਪੰਜਾਬ ਯੂਨੀਵਰਸਿਟੀ ਦੇ ਪ੍ਰੋ. ਰੌਣਕੀ ਰਾਮ ਅਨੁਸਾਰ, ਬ੍ਰਿਟਿਸ਼ ਰਾਜ ਦੌਰਾਨ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਹਾਸ਼ੀਏ 'ਤੇ ਧੱਕੇ ਗਏ ਵਰਗਾਂ ਨਾਲ ਹੋ ਰਹੇ ਸਮਾਜਿਕ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। 1926 ਵਿੱਚ ਹੁਸ਼ਿਆਰਪੁਰ ਦੇ ਪਿੰਡ ਮੁਗੋਵਾਲ ਵਿੱਚ ਇੱਕ ਵਿਸ਼ਾਲ ਇਕੱਠ ਦੌਰਾਨ ਆਦਿ ਧਰਮ ਦਾ ਬਿਗੁਲ ਵਜਾਇਆ ਗਿਆ। ਇਸ ਲਹਿਰ ਦੇ ਆਗੂਆਂ ਨੇ ਤਰਕ ਦਿੱਤਾ ਕਿ ਉਹ ਇਸ ਧਰਤੀ ਦੇ ਮੂਲ ਨਿਵਾਸੀ ਹਨ ਅਤੇ ਆਪਣੀ ਵੱਖਰੀ ਪਛਾਣ ਰੱਖਦੇ ਹਨ।

ਇਹਨਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ 1930 ਵਿੱਚ ਆਦਿ ਧਰਮ ਰਜਿਸਟਰ ਹੋਇਆ ਅਤੇ 1931 ਦੀ ਜਨਗਣਨਾ ਵਿੱਚ ਲਗਭਗ 5 ਲੱਖ ਲੋਕਾਂ ਨੇ ਆਦਿ ਧਰਮ ਹੇਠ ਆਪਣਾ ਨਾਂਅ ਦਰਜ ਕਰਵਾਇਆ। 1941 ਦੀ ਜਨਗਣਨਾ ਵਿੱਚ ਦੂਜੇ ਵਿਸ਼ਵ ਯੁੱਧ ਕਾਰਨ ਪੂਰੇ ਅੰਕੜੇ ਜਾਰੀ ਨਹੀਂ ਹੋ ਸਕੇ। ਹਾਲਾਂਕਿ, ਆਜ਼ਾਦ ਭਾਰਤ ਵਿੱਚ 1951 ਦੀ ਪਹਿਲੀ ਜਨਗਣਨਾ ਦੌਰਾਨ ਆਦਿ ਧਰਮ ਨੂੰ ਵੱਖਰੇ ਧਰਮ ਦੀ ਸ਼੍ਰੇਣੀ ਤੋਂ ਹਟਾ ਕੇ ਕੇਵਲ ਇੱਕ ਜਾਤੀ ਵਜੋਂ ਦਰਜ ਕਰ ਲਿਆ ਗਿਆ ਸੀ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਮਾਜ ਸ਼ਾਸਤਰੀ ਪ੍ਰੋ. ਸੁਰਿੰਦਰ ਸਿੰਘ ਜੋਧਕਾ ਅਨੁਸਾਰ, 1950 ਵਿੱਚ ਸੰਵਿਧਾਨ ਲਾਗੂ ਹੋਣ ਸਮੇਂ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਸਿਰਫ਼ ਹਿੰਦੂ ਧਰਮ ਤੱਕ ਸੀਮਤ ਰੱਖਿਆ ਗਿਆ ਸੀ। ਇਸ ਕਾਰਨ ਆਦਿ ਧਰਮ ਵਾਲੀ ਮੰਗ ਮੱਧਮ ਪੈ ਗਈ ਅਤੇ ਲੋਕ ਆਪਣਾ ਨਾਂਅ ਹਿੰਦੂ ਜਾਂ ਸਿੱਖ ਧਰਮ ਵਿੱਚ ਦਰਜ ਕਰਵਾਉਣ ਲੱਗੇ।

ਪਰ ਮਈ 2009 ਵਿੱਚ ਆਸਟ੍ਰੀਆ ਦੇ ਸ਼ਹਿਰ ਵੀਏਨਾ ਵਿੱਚ ਹੋਏ ਦੁਖਾਂਤਕ ਗੋਲੀਕਾਂਡ ਨੇ ਹਾਲਾਤ ਪੂਰੀ ਤਰ੍ਹਾਂ ਬਦਲ ਦਿੱਤੇ। ਇੱਕ ਧਾਰਮਿਕ ਸਮਾਗਮ ਦੌਰਾਨ ਹੋਈ ਗੋਲੀਬਾਰੀ ਵਿੱਚ ਡੇਰਾ ਬੱਲਾਂ ਦੇ ਸੰਤ ਰਾਮਾਨੰਦ ਦੀ ਸ਼ਹਾਦਤ ਹੋ ਗਈ ਅਤੇ ਸੰਤ ਨਿਰੰਜਨ ਦਾਸ ਜੀ ਜ਼ਖਮੀ ਹੋ ਗਏ। ਇਸ ਘਟਨਾ ਤੋਂ ਉਪਜੇ ਭਾਰੀ ਰੋਸ ਅਤੇ ਆਕਰੋਸ਼ ਤੋਂ ਬਾਅਦ ਰਵਿਦਾਸੀਆ ਭਾਈਚਾਰੇ ਨੇ ਆਪਣੀ ਵੱਖਰੀ ਧਾਰਮਿਕ ਪਛਾਣ ਨੂੰ ਮੁੜ ਸੁਰਜੀਤ ਕਰਨ ਦਾ ਫੈਸਲਾ ਕੀਤਾ, ਜਿਸ ਦੇ ਸਿੱਟੇ ਵਜੋਂ 2010 ਵਿੱਚ ਵਾਰਾਣਸੀ ਵਿਖੇ ਰਵਿਦਾਸੀਆ ਧਰਮ ਦਾ ਐਲਾਨ ਕੀਤਾ ਗਿਆ।

**ਕੀ ਇਸ ਨਾਲ ਸਿੱਖ ਧਰਮ ਨੂੰ ਨੁਕਸਾਨ ਹੋਵੇਗਾ?**

ਸਿੱਖ ਧਰਮ ਅਤੇ ਰਵਿਦਾਸੀਆ ਭਾਈਚਾਰੇ ਵਿਚਕਾਰ ਇੱਕ ਬਹੁਤ ਹੀ ਗੂੜ੍ਹਾ ਅਤੇ ਪਵਿੱਤਰ ਇਤਿਹਾਸਕ ਸਬੰਧ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 40 ਸ਼ਬਦ ਅਤੇ ਸਲੋਕ ਦਰਜ ਹਨ। ਇਸੇ ਰੂਹਾਨੀ ਸਾਂਝ ਕਰਕੇ ਪੰਜਾਬ ਵਿੱਚ ਰਵਿਦਾਸੀਆ/ਆਦਿ ਧਰਮੀ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਇਤਿਹਾਸਕ ਤੌਰ 'ਤੇ ਸਿੱਖੀ ਨਾਲ ਜੁੜਿਆ ਰਿਹਾ ਹੈ ਅਤੇ ਗੁਰਦੁਆਰਾ ਸਾਹਿਬਾਨ ਵਿੱਚ ਆਸਥਾ ਰੱਖਦਾ ਹੈ।

ਜੇਕਰ ਜਨਗਣਨਾ ਵਿੱਚ ਵੱਖਰੇ ਰਵਿਦਾਸੀਆ ਧਰਮ ਦਾ ਕਾਲਮ ਜੋੜਿਆ ਜਾਂਦਾ ਹੈ, ਤਾਂ ਇਸ ਦੇ ਪ੍ਰਭਾਵਾਂ ਨੂੰ ਦੋ ਪਹਿਲੂਆਂ ਤੋਂ ਦੇਖਿਆ ਜਾ ਸਕਦਾ ਹੈ: (ਬਾਕੀ ਸਫ਼ਾ 26 'ਤੇ)

# ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਫਿਲਹਾਲ ਬੰਦ ਹੀ ਰਹਿਣਗੀਆਂ: ਕੇਂਦਰ

## ਸਰਕਾਰ ਨੇ ਸੁਰੱਖਿਆ ਕਾਰਨਾਂ ਦਾ ਦਿੱਤਾ ਹਵਾਲਾ

ਨਵੀਂ ਦਿੱਲੀ/ ਏ.ਟੀ. ਨਿਊਜ਼: ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਅਤੇ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਕੋਟਾ ਵਧਾਉਣ ਦੀਆਂ ਉੱਠ ਰਹੀਆਂ ਮੰਗਾਂ ਵਿਚਾਲੇ ਭਾਰਤੀ ਵਿਦੇਸ਼ ਮੰਤਰਾਲੇ ਨੇ ਆਪਣਾ ਰੁੱਖ ਸਪੱਸ਼ਟ ਕਰ ਦਿੱਤਾ ਹੈ। ਮੰਤਰਾਲੇ ਨੇ ਸਾਫ਼ ਕੀਤਾ ਹੈ ਕਿ ਮੌਜੂਦਾ ਸੁਰੱਖਿਆ ਹਾਲਾਤ ਨੂੰ ਦੇਖਦਿਆਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਫਿਲਹਾਲ ਬੰਦ ਹੀ ਰਹਿਣਗੀਆਂ, ਜਦੋਂਕਿ ਦੋਹਾਂ ਦੇਸ਼ਾਂ ਵਿਚਾਲੇ ਸ਼ਰਧਾਲੂਆਂ ਦੀ ਯਾਤਰਾ ਪੁਰਾਣੇ ਦੋਪੱਖੀ ਸਮਝੌਤਿਆਂ ਅਧੀਨ ਹੀ ਚੱਲੇਗੀ।



ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਟਿੱਪਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਕਿਸਤਾਨੀ ਡਿਪਲੋਮੈਟ ਨਾਲ ਕੀਤੀ ਮੁਲਾਕਾਤ ਤੋਂ ਬਾਅਦ ਦਿੱਤੀ ਹੈ। ਐੱਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਦਿੱਲੀ 'ਚ ਪਾਕਿਸਤਾਨ ਦੇ ਚਾਰਜ ਡੀ ਅਫੇਅਰਜ਼ ਸਾਦ ਅਹਿਮਦ ਵੜੈਚ ਨਾਲ ਮੁਲਾਕਾਤ ਕਰਕੇ ਨਵੰਬਰ 2026 'ਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ 7,500 ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦੀ ਅਪੀਲ ਕੀਤੀ ਸੀ, ਜਦੋਂਕਿ ਆਮ ਤੌਰ 'ਤੇ ਇਹ ਕੋਟਾ ਲਗਭਗ 1,800 ਵੀਜ਼ਿਆਂ ਦਾ ਹੁੰਦਾ ਹੈ।

ਲਾਂਘਾ ਖੋਲ੍ਹਣ ਦੇ ਮੁੱਦੇ 'ਤੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਪਹਿਲਗਾਮ 'ਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ 7 ਮਈ 2025 ਤੋਂ ਸੁਰੱਖਿਆ ਕਾਰਨਾਂ ਕਰਕੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਮੁਅੱਤਲ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਸੁਰੱਖਿਆ ਸਥਿਤੀ ਨੂੰ ਦੇਖਦੇ ਹੋਏ ਇਹ ਸੇਵਾਵਾਂ ਅਜੇ ਵੀ ਬੰਦ ਰੱਖਣ ਦਾ ਫੈਸਲਾ ਬਰਕਰਾਰ ਹੈ। ਦੂਜੇ ਪਾਸੇ, ਐੱਸ.ਜੀ.ਪੀ.ਸੀ. ਨੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਉਹ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਇਸ ਲਾਂਘੇ ਨੂੰ ਜਲਦ ਤੋਂ ਜਲਦ ਬਹਾਲ ਕਰਵਾਏ।

# ਪੰਜਾਬ ਵਿੱਚ ਸਾਢੇ ਚਾਰ ਸਾਲਾਂ ਦੌਰਾਨ ਖਪਤ ਹੋਈਆਂ 43.44 ਕਰੋੜ ਨਸ਼ਾ-ਛਡਾਊ ਗੋਲੀਆਂ

## ਵਿਧਾਨ ਸਭਾ ਕਮੇਟੀ ਨੇ ਚੁੱਕੇ ਸਵਾਲ, ਜੇਲ੍ਹਾਂ ਵਿੱਚ ਗੋਲੀਆਂ ਦੀ ਮੰਗ 8 ਗੁਣਾ ਵਧੀ

ਪੰਜਾਬ ਵਿਧਾਨ ਸਭਾ ਦੀ ਸਰਕਾਰੀ ਕਾਰੋਬਾਰ ਕਮੇਟੀ ਵੱਲੋਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਕੰਮਕਾਜ ਬਾਰੇ ਪੇਸ਼ ਕੀਤੀ ਗਈ 129ਵੀਂ ਰਿਪੋਰਟ ਨੇ ਸੂਬੇ ਦੇ ਸਿਹਤ ਪ੍ਰਬੰਧ, ਨਸ਼ਾ ਵਿਰੋਧੀ ਮੁਹਿੰਮਾਂ ਅਤੇ ਸਰਕਾਰੀ ਦਾਅਵਿਆਂ ਦੇ ਪਰਖਚੇ ਉਡਾ ਕੇ ਰੱਖ ਦਿੱਤੇ ਹਨ। ਰਿਪੋਰਟ ਮੁਤਾਬਕ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਸੂਬੇ ਵਿੱਚ ਨਸ਼ਾ ਛਡਾਊ ਪ੍ਰੋਗਰਾਮਾਂ ਤਹਿਤ 43.44 ਕਰੋੜ ਬੁਪ੍ਰੇਨੋਰਫਾਈਨ ਗੋਲੀਆਂ ਖ਼ਰੀਦੀਆਂ ਅਤੇ ਵੰਡੀਆਂ ਗਈਆਂ ਹਨ। ਸਾਲ 2022 ਵਿੱਚ 7 ਕਰੋੜ ਗੋਲੀਆਂ ਤੋਂ ਸ਼ੁਰੂ ਹੋ ਕੇ ਇਹ ਅੰਕੜਾ 2023 ਵਿੱਚ 9.44 ਕਰੋੜ, 2024 ਵਿੱਚ 10 ਕਰੋੜ, 2025 ਵਿੱਚ 11 ਕਰੋੜ ਅਤੇ ਸਾਲ 2026 ਵਿੱਚ ਹੁਣ ਤੱਕ ਹੀ 6 ਕਰੋੜ ਨੂੰ ਪਾਰ ਕਰ ਚੁੱਕਾ ਹੈ। ਜਦੋਂ ਕਿਸੇ ਸੂਬੇ ਵਿੱਚ ਸਰਕਾਰੀ ਤੌਰ 'ਤੇ ਦਿੱਤੀ ਜਾਣ ਵਾਲੀ ਬਦਲਵੀਂ ਨਸ਼ਾ-ਛਡਾਊ ਦਵਾਈ ਦੀ ਖਪਤ ਵਿੱਚ ਹਰ ਸਾਲ ਕਰੋੜਾਂ ਦਾ ਇਜ਼ਾਫ਼ਾ ਹੋ ਰਿਹਾ ਹੋਵੇ, ਤਾਂ ਇਹ ਸਵਾਲ ਖੜ੍ਹਾ ਹੋਣਾ ਲਾਜ਼ਮੀ ਹੈ ਕਿ ਕੀ ਪੰਜਾਬ ਨਸ਼ਾ-ਮੁਕਤ ਹੋ ਰਿਹਾ ਹੈ ਜਾਂ ਫਿਰ ਸਰਕਾਰੀ ਤੰਤਰ ਅਧੀਨ ਇੱਕ ਨਵੇਂ ਕਿਸਮ ਦੇ ਮੈਡੀਕਲ ਨਸ਼ੇ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ।



ਸਭ ਤੋਂ ਵੱਧ ਝੰਜੋੜਨ ਵਾਲਾ ਪਹਿਲੂ ਸੂਬੇ ਦੀਆਂ ਜੇਲ੍ਹਾਂ ਵਿੱਚੋਂ ਸਾਹਮਣੇ ਆਇਆ ਹੈ, ਜਿੱਥੇ ਕਾਨੂੰਨ ਅਤੇ ਸੁਧਾਰ ਦੀ ਉਮੀਦ ਕੀਤੀ ਜਾਂਦੀ ਹੈ। ਅੰਕੜੇ ਦੱਸਦੇ ਹਨ ਕਿ ਜੇਲ੍ਹਾਂ ਅੰਦਰ ਇਸ ਗੋਲੀ ਦੀ ਸਪਲਾਈ 2022 ਵਿੱਚ 1.17 ਕਰੋੜ ਤੋਂ ਅੱਠ ਗੁਣਾ ਵਧ ਕੇ 2026 ਤੱਕ 8.87 ਕਰੋੜ ਹੋ ਗਈ ਹੈ ਅਤੇ ਮੌਜੂਦਾ ਸਮੇਂ 40,830 ਤੋਂ ਵੱਧ ਕੈਦੀ ਇਸ ਇਲਾਜ ਅਧੀਨ ਦਰਜ ਹਨ। ਜੇਲ੍ਹਾਂ ਅੰਦਰ ਦਵਾਈ ਦੀ ਇੰਨੀ ਵੱਡੀ ਖਪਤ ਕਈ ਗੰਭੀਰ ਸ਼ੰਕੇ ਖੜ੍ਹੇ ਕਰਦੀ ਹੈ। ਕੀ ਜੇਲ੍ਹਾਂ ਸੁਧਾਰ ਘਰ ਬਣਨ ਦੀ ਬਜਾਏ ਨਸ਼ਾ ਵੰਡ ਕੇ ਕੈਦੀਆਂ ਨੂੰ ਸ਼ਾਂਤ ਰੱਖਣ ਦੇ ਕੇਂਦਰ ਬਣ ਗਈਆਂ ਹਨ? ਵਿਧਾਇਕ ਜਗਰੂਪ ਸਿੰਘ ਗਿੱਲ ਦੀ ਅਗਵਾਈ ਵਾਲੀ 13 ਮੈਂਬਰੀ ਕਮੇਟੀ ਨੇ ਬਿਲਕੁਲ ਜਾਇਜ਼ ਸਵਾਲ ਉਠਾਇਆ ਹੈ ਕਿ ਜੇਕਰ ਕੋਈ ਕੈਦੀ ਜਾਂ ਆਮ ਵਿਅਕਤੀ ਸਾਲਾਂਬੱਧੀ ਇਸ ਗੋਲੀ ਦੇ ਸਹਾਰੇ ਹੀ ਜਿਊਂਦਾ ਰਹਿੰਦਾ ਹੈ, ਤਾਂ ਸਰਕਾਰ ਉਸ ਨੂੰ ਨਸ਼ਾ-ਮੁਕਤ ਹੋਣ ਦਾ ਪ੍ਰਮਾਣ-ਪੱਤਰ ਕਿਵੇਂ ਦੇ ਸਕਦੀ ਹੈ।

ਇਸ ਗੰਭੀਰ ਸਥਿਤੀ ਉੱਤੇ ਸਰਕਾਰ ਅਤੇ ਸਿਹਤ ਮਾਹਿਰਾਂ ਦੇ ਵੱਖੋ-ਵੱਖਰੇ ਨਜ਼ਰੀਏ ਸਾਹਮਣੇ ਆ ਰਹੇ ਹਨ। ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਤਰਕ ਹੈ ਕਿ ਗੋਲੀਆਂ ਦੀ ਖਪਤ ਵਿੱਚ ਵਾਧਾ ਅਸਲ ਵਿੱਚ ਸਰਕਾਰ ਵੱਲੋਂ ਇਲਾਜ ਦੇ ਦਾਇਰੇ ਨੂੰ ਵਧਾਉਣ ਦਾ ਸਿੱਟਾ ਹੈ। ਸਰਕਾਰ ਦਾ ਮੰਨਣਾ ਹੈ ਕਿ ਘਾਤਕ ਨਸ਼ਿਆਂ ਜਿਵੇਂ ਚਿੱਟਾ ਜਾਂ ਓਪੀਓਇਡਜ਼ ਲੈਣ ਵਾਲੇ ਨੌਜਵਾਨਾਂ ਨੂੰ ਸਰਿੰਜਾਂ ਰਾਹੀਂ ਹੋਣ ਵਾਲੇ ਇਨਫੈਕਸ਼ਨਾਂ, ਏਡਜ਼, ਕਾਲੇ ਪੀਲੀਏ ਅਤੇ ਓਵਰਡੋਜ਼ ਕਾਰਨ ਹੋਣ ਵਾਲੀਆਂ ਅਚਾਨਕ ਮੌਤਾਂ ਤੋਂ ਬਚਾਉਣ ਲਈ ਵਿਸ਼ਵ ਸਿਹਤ ਸੰਸਥਾ ਦੇ ਮਾਪਦੰਡਾਂ ਅਨੁਸਾਰ ਓਪੀਓਇਡ ਸਬਸਟੀਚਿਊਸ਼ਨ ਥੈਰੇਪੀ ਦਿੱਤੀ ਜਾ ਰਹੀ ਹੈ। ਪਰ ਦੂਜੇ ਪਾਸੇ, ਬਾਬਾ ਫ਼ਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾ. ਪਿਆਰਾ ਲਾਲ ਗਰਗ ਵਰਗੇ ਸੀਨੀਅਰ ਮਾਹਿਰਾਂ ਦਾ ਕਹਿਣਾ ਹੈ ਕਿ ਇੱਕ ਨਸ਼ੇ ਦੀ ਆਦਤ ਛੁਡਾਉਣ ਲਈ ਬਿਨਾਂ ਕਿਸੇ ਸਮਾਂ-ਸੀਮਾ ਦੇ ਦੂਜੇ ਨਸ਼ੇ 'ਤੇ ਨਿਰਭਰ ਕਰ ਦੇਣਾ ਕੋਈ ਵਿਗਿਆਨਕ ਜਾਂ ਤਰਕਪੂਰਨ ਹੱਲ ਨਹੀਂ ਹੈ। ਨਸ਼ਾ ਸਿਰਫ਼ ਇੱਕ ਸਰੀਰਕ ਰੋਗ ਨਹੀਂ ਸਗੋਂ ਸਮਾਜਿਕ-ਮਾਨਸਿਕ ਬੁਰਾਈ ਹੈ, ਜਿਸ ਦਾ ਇਲਾਜ ਸਿਰਫ਼ ਗੋਲੀਆਂ ਵੰਡਣ ਨਾਲ ਸੰਭਵ ਨਹੀਂ।

ਸਿਹਤ ਵਿਗਿਆਨ ਦੇ ਨਜ਼ਰੀਏ ਤੋਂ ਬੁਪ੍ਰੇਨੋਰਫਾਈਨ ਆਪਣੇ ਆਪ ਵਿੱਚ ਇੱਕ ਅਰਧ-ਸਿੰਥੈਟਿਕ ਓਪੀਓਇਡ ਦਵਾਈ ਹੈ। ਇਹ ਮਰੀਜ਼ ਦੇ ਦਿਮਾਗ ਵਿੱਚ ਨਸ਼ੇ ਦੀ ਤਲਬ ਅਤੇ ਵਿਦਡਰਾਅਲ ਦੇ ਲੱਛਣਾਂ ਨੂੰ ਦਬਾ ਕੇ ਰੱਖਦੀ ਹੈ।

(ਬਾਕੀ ਸਫ਼ਾ 26 'ਤੇ)

ਦਰਪਣ ਝੂਠ ਨਹੀਂ ਬੋਲਦਾ

# ਅੰਬਾਲਾ ਕਾਂਡ: ਭੜਕਾਊ ਅਨਸਰ ਮੰਡ ਨੂੰ ਸਰਕਾਰੀ ਸੁਰੱਖਿਆ ਕਿਉਂ ? ਨਿਆਂ ਮੰਗਦੀ ਸਿੱਖ ਸੰਗਤ 'ਤੇ ਲਾਠੀਚਾਰਜ ਕਿਉਂ ?

## ਸੈਣੀ ਦੀ ਚੁੱਪੀ 'ਤੇ ਗਰਮਾਈ ਸਿਆਸਤ: ਕੀ ਹਰਿਆਣਾ ਸਰਕਾਰ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਰਹੀ ਹੈ ?





ਅੰਬਾਲਾ ਵਿਖੇ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਦੇ ਬਾਹਰ ਵਾਪਰੀ ਹਿੰਸਕ ਘਟਨਾ ਅਤੇ ਉਸ ਤੋਂ ਬਾਅਦ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੀ ਸਿੱਖ ਸੰਗਤ ਉੱਤੇ ਹਰਿਆਣਾ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀਆਨਾ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਹਮਲੇ ਨੇ ਦੇਸ਼ ਦੇ ਲੋਕਤੰਤਰੀ ਢਾਂਚੇ, ਨਿਆਂ ਪ੍ਰਣਾਲੀ ਅਤੇ ਸਰਕਾਰੀ ਨੀਤੀਆਂ ਦੇ ਦੋਹਰੇ ਮਾਪਦੰਡਾਂ 'ਤੇ ਗੰਭੀਰ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਦਿਹਾੜੇ ਮੌਕੇ ਸੰਗਤ ਦੇ ਭਾਰੀ ਇਕੱਠ ਦੌਰਾਨ ਗੁਰਸਿਮਰਨ ਸਿੰਘ ਮੰਡ ਦਾ ਆਪਣੇ ਹਥਿਆਰਬੰਦ ਸੁਰੱਖਿਆ ਦਸਤੇ ਨਾਲ ਉੱਥੇ ਪਹੁੰਚਣਾ ਅਤੇ ਗੁਰਦੁਆਰਾ ਪ੍ਰਬੰਧਕਾਂ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਕਥਿਤ ਤੌਰ 'ਤੇ ਸੰਗਤ ਉੱਤੇ ਗੱਡੀ ਚੜ੍ਹਾ ਦੇਣਾ ਇੱਕ ਅਜਿਹੀ ਭੜਕਾਊ ਕਾਰਵਾਈ ਸੀ, ਜਿਸ ਨੇ ਪੂਰੇ ਮਾਮਲੇ ਨੂੰ ਭੜਕਾਇਆ। ਪਰ ਸਭ ਤੋਂ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਘਟਨਾ ਤੋਂ ਬਾਅਦ ਪ੍ਰਸ਼ਾਸਨ ਨੇ ਦੋਸ਼ੀ ਧਿਰ ਵਿਰੁੱਧ ਕਾਰਵਾਈ ਕਰਨ ਦੀ ਥਾਂ ਪੀੜਤ ਸੰਗਤ ਨੂੰ ਹੀ ਨਿਸ਼ਾਨਾ ਬਣਾ ਲਿਆ।

ਗੁਰਸਿਮਰਨ ਮੰਡ ਵਰਗੇ ਅਨਸਰਾਂ ਦਾ ਇਤਿਹਾਸ ਲਗਾਤਾਰ ਵਿਵਾਦਤ, ਭੜਕਾਊ ਅਤੇ ਫ਼ਿਰਕੂ ਤਣਾਅ ਪੈਦਾ ਕਰਨ ਵਾਲੀ ਬਿਆਨਬਾਜ਼ੀ ਨਾਲ ਜੁੜਿਆ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਕਦੇ ਫਿਰਕੂ ਭਗਵੀਆਂ ਪਾਰਟੀਆਂ ਦੇ ਝੰਡੇ ਹੇਠ ਅਤੇ ਕਦੇ ਕੱਟੜਪੰਥੀ ਸੰਗਠਨਾਂ ਦੇ ਬੁਲਾਰੇ ਬਣ ਕੇ ਅਜਿਹੇ ਅਨਸਰ ਸਿੱਖ ਭਾਵਨਾਵਾਂ ਨੂੰ ਜਾਣਬੁੱਝ ਕੇ ਠੇਸ ਪਹੁੰਚਾਉਂਦੇ ਆ ਰਹੇ ਹਨ। ਜਨਤਾ ਦੇ ਖ਼ੂਨ-ਪਸੀਨੇ ਦੀ ਕਮਾਈ ਦੇ ਟੈਕਸਾਂ ਨਾਲ ਅਜਿਹੇ ਵਿਅਕਤੀਆਂ ਨੂੰ 'ਵਾਈ-ਪਲੱਸ' ਸੁਰੱਖਿਆ, ਬੁਲੇਟਪਰੂਫ਼ ਗੱਡੀਆਂ ਅਤੇ ਦਰਜਨਾਂ ਹਥਿਆਰਬੰਦ ਸੁਰੱਖਿਆ ਕਰਮੀ ਮੁਹੱਈਆ ਕਰਵਾਉਣਾ ਸਿੱਧੇ ਤੌਰ 'ਤੇ ਸਰਕਾਰੀ ਪੁਸ਼ਤਪਨਾਹੀ ਵੱਲ ਇਸ਼ਾਰਾ ਕਰਦਾ ਹੈ। ਇਹ ਸਵਾਲ ਲਾਜ਼ਮੀ ਤੌਰ 'ਤੇ ਉੱਠਦਾ ਹੈ ਕਿ ਜਦੋਂ ਇੱਕ ਆਮ ਨਾਗਰਿਕ ਛੋਟੀ ਜਿਹੀ ਸੁਰੱਖਿਆ ਲਈ ਵੀ ਦਫ਼ਤਰਾਂ ਦੇ ਗੇੜੇ ਮਾਰਦਾ ਹੈ, ਤਾਂ ਭੜਕਾਊ ਬੋਲ ਬੋਲ ਕੇ ਸਮਾਜ ਵਿੱਚ ਜ਼ਹਿਰ ਘੋਲਣ ਵਾਲੇ ਅਖੌਤੀ ਆਗੂਆਂ ਨੂੰ ਵੀ.ਵੀ.ਆਈ.ਪੀ. ਸਹੂਲਤਾਂ ਕਿਸ ਅਧਾਰ 'ਤੇ ਵੰਡੀਆਂ ਜਾ ਰਹੀਆਂ ਹਨ ? ਕੀ ਇਹ ਸੁਰੱਖਿਆ ਉਨ੍ਹਾਂ ਦੀ ਰਾਖੀ ਲਈ ਹੈ ਜਾਂ ਉਨ੍ਹਾਂ ਨੂੰ ਖੁੱਲ੍ਹੇਆਮ ਮਾਹੌਲ ਖ਼ਰਾਬ ਕਰਨ ਦੀ ਛੋਟ ਦੇਣ ਲਈ ?ਘਟਨਾ ਵਾਲੇ ਦਿਨ ਜਦੋਂ ਗੁਰਦੁਆਰਾ ਸਾਹਿਬ ਦੇ ਬਾਹਰ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ, ਤਾਂ ਸੁਰੱਖਿਆ ਦੇ ਲਿਹਾਜ਼ ਨਾਲ ਰੋਕੇ ਗਏ ਰਸਤੇ 'ਤੇ ਜ਼ਬਰਦਸਤੀ ਗੱਡੀ ਲਿਜਾਣ ਦੀ ਕੋਸ਼ਿਸ਼ ਕੀਤੀ ਗਈ। ਸ਼ਰਧਾਲੂਆਂ ਦਾ ਦੋਸ਼ ਹੈ ਕਿ ਗੱਡੀ ਅੱਗੇ ਵਧਾ ਕੇ ਸੰਗਤ ਨੂੰ ਕੁਚਲਣ ਦਾ ਯਤਨ ਹੋਇਆ, ਜਿਸ ਵਿੱਚ ਇੱਕ ਸਿੱਖ ਨੌਜਵਾਨ ਜ਼ਖ਼ਮੀ ਹੋਇਆ। ਹੈਰਾਨੀ ਦੀ ਗੱਲ ਇਹ ਰਹੀ ਕਿ ਪੁਲਿਸ ਨੇ ਤੁਰੰਤ ਮੰਡ ਦੀ ਸ਼ਿਕਾਇਤ 'ਤੇ ਸਿੱਖ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਦਿੱਤੇ, ਜਦਕਿ ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਦਿੱਤੀ ਗਈ ਸ਼ਿਕਾਇਤ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ। ਜਦੋਂ ਸਿੱਖ ਸੰਗਤ ਅਤੇ ਆਗੂ ਇਸ ਇੱਕਪਾਸੜ ਕਾਰਵਾਈ ਅਤੇ ਬੇਇਨਸਾਫ਼ੀ ਖ਼ਿਲਾਫ਼ ਦਿੱਲੀ-ਅੰਮ੍ਰਿਤਸਰ ਕੌਮੀ ਮਾਰਗ 'ਤੇ ਸ਼ਾਂਤਮਈ ਧਰਨੇ 'ਤੇ ਬੈਠੇ, ਤਾਂ ਪ੍ਰਸ਼ਾਸਨ ਨੇ ਇਨਸਾਫ਼ ਦੇਣ ਦੀ ਬਜਾਏ ਉਨ੍ਹਾਂ 'ਤੇ ਰਾਤ ਦੇ ਹਨੇਰੇ ਵਿੱਚ ਲਾਠੀਚਾਰਜ ਕਰ ਦਿੱਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਪੂਰੀ ਘਟਨਾਕ੍ਰਮ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਹੈ ਕਿ ਸਰਕਾਰ ਇੱਕ ਪਾਸੇ ਸਿੱਖ ਨੁਮਾਇੰਦਿਆਂ ਨਾਲ ਗੱਲਬਾਤ ਦਾ ਦਿਖਾਵਾ ਕਰ ਰਹੀ ਸੀ ਅਤੇ ਦੂਜੇ ਪਾਸੇ ਅਚਾਨਕ ਸੰਗਤ 'ਤੇ ਤਸ਼ੱਦਦ ਢਾਹਿਆ ਗਿਆ। (ਬਾਕੀ ਸਫ਼ਾ 27 'ਤੇ)

# ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬ੍ਰਿਟੇਨ ਨੂੰ ਮਿਲਿਆ ਪਹਿਲਾ ਸਿੱਖ ਫਾਈਟਰ ਪਾਇਲਟ

## ਪੰਜਾਬ ਦੇ ਅਰਸ਼ਦੀਪ ਸਿੰਘ ਡਾਂਗ ਨੇ ਰਾਇਲ ਏਅਰ ਫੋਰਸ ਵਿੱਚ ਰਚਿਆ ਇਤਿਹਾਸ

ਪੰਜਾਬ ਦੀ ਧਰਤੀ ਨਾਲ ਸਬੰਧ ਰੱਖਣ ਵਾਲੇ 28 ਸਾਲਾ ਭਾਰਤੀ ਮੂਲ ਦੇ ਨੌਜਵਾਨ ਫਲਾਈਟ ਲੈਫਟੀਨੈਂਟ ਅਰਸ਼ਦੀਪ ਸਿੰਘ ਡਾਂਗ ਨੇ ਬ੍ਰਿਟੇਨ ਦੀ ਵੱਕਾਰੀ 'ਰਾਇਲ ਏਅਰ ਫੋਰਸ' ਵਿੱਚ ਫਾਈਟਰ ਪਾਇਲਟ ਵਜੋਂ ਗ੍ਰੈਜੂਏਟ ਹੋ ਕੇ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਆਰ.ਏ.ਐਫ. ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ, ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਰਸ਼ਦੀਪ ਪਹਿਲੇ ਅਜਿਹੇ ਸਿੱਖ ਬਣ ਗਏ ਹਨ ਜਿਨ੍ਹਾਂ ਨੇ ਬ੍ਰਿਟੇਨ ਦੇ ਕਿਸੇ ਫਾਈਟਰ ਸਕੁਐਡਰਨ ਤੋਂ ਰਸਮੀ ਤੌਰ 'ਤੇ 'ਵਿੰਗਜ਼' ਹਾਸਲ ਕੀਤੇ ਹਨ। ਉੱਤਰੀ ਵੇਲਜ਼ ਸਥਿਤ 'ਆਰ.ਏ.ਐਫ. ਵੈਲੀ' ਵਿਖੇ ਕਰਵਾਏ ਗਏ ਇੱਕ ਵਿਸ਼ੇਸ਼ ਗ੍ਰੈਜੂਏਸ਼ਨ ਸਮਾਰੋਹ ਦੌਰਾਨ ਉਨ੍ਹਾਂ ਦੀ ਇਸ ਸ਼ਾਨਦਾਰ ਤੇ ਇਤਿਹਾਸਕ ਪ੍ਰਾਪਤੀ ਦਾ ਐਲਾਨ ਕੀਤਾ ਗਿਆ। ਇਸ ਪੂਰੇ ਬੈਚ ਵਿੱਚ ਅਰਸ਼ਦੀਪ ਇਕੱਲੇ ਭਾਰਤੀ ਮੂਲ ਦੇ ਸਿਖਿਆਰਥੀ ਪਾਇਲਟ ਸਨ।

ਅਰਸ਼ਦੀਪ ਸਿੰਘ ਦਾ ਪਰਿਵਾਰਕ ਪਿਛੋਕੜ ਪੂਰੀ ਤਰ੍ਹਾਂ ਪੰਜਾਬ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੇ ਪਿਤਾ ਜਗਦੀਪ ਸਿੰਘ ਡਾਂਗ ਲੁਧਿਆਣਾ ਸ਼ਹਿਰ ਦੇ ਵਸਨੀਕ ਹਨ ਅਤੇ ਮਾਤਾ ਗਗਨਦੀਪ ਕੌਰ ਅੰਮ੍ਰਿਤਸਰ ਤੋਂ ਹਨ। ਅਰਸ਼ਦੀਪ ਦਾ ਜਨਮ ਸਾਲ 1998 ਵਿੱਚ ਚੰਡੀਗੜ੍ਹ ਵਿਖੇ ਹੋਇਆ ਸੀ ਅਤੇ ਉਹ ਮੋਹਾਲੀ ਦੇ ਇੱਕ ਸਕੂਲ ਵਿੱਚ ਮੁੱਢਲੇ ਸਾਲਾਂ ਦੌਰਾਨ ਪੜ੍ਹੇ। ਜਦੋਂ ਉਹ ਮਹਿਜ਼ 6 ਸਾਲ ਦੇ ਸਨ, ਤਾਂ ਉਨ੍ਹਾਂ ਦਾ ਪਰਿਵਾਰ ਯੂਨਾਈਟਿਡ ਕਿੰਗਡਮ ਚਲਾ ਗਿਆ ਅਤੇ ਉੱਥੇ ਸਾਊਥਹਾਲ ਵਿੱਚ ਵੱਸ ਗਿਆ ਸੀ। ਵਿਦੇਸ਼ ਵਿੱਚ ਵੱਸਣ ਦੇ ਬਾਵਜੂਦ ਉਹ ਅਕਸਰ ਆਪਣੇ ਪਰਿਵਾਰ ਸਮੇਤ ਪੰਜਾਬ ਆਉਂਦੇਰਹਿੰਦੇ ਹਨ ਅਤੇ ਉਨ੍ਹਾਂ ਨੇ ਦੋ ਸਾਲ ਪਹਿਲਾਂ ਹੀ ਅੰਮ੍ਰਿਤਸਰ ਤੇ ਲੁਧਿਆਣਾ ਦਾ ਦੌਰਾ ਕੀਤਾ ਸੀ।

ਆਪਣੇ ਇਸ ਸੁਪਨੇ ਬਾਰੇ ਗੱਲ ਕਰਦਿਆਂ ਅਰਸ਼ਦੀਪ ਨੇ ਦੱਸਿਆ ਕਿ ਉਨ੍ਹਾਂ



ਦੇ ਦਾਦਾ ਸਰਦਾਰ ਸੰਤੋਖ ਸਿੰਘ ਡਾਂਗ ਦੀ ਇਹ ਦਿਲੀ ਇੱਛਾ ਸੀ ਕਿ ਉਨ੍ਹਾਂ ਦਾ ਪੁੱਤਰ ਯਾਨੀ ਅਰਸ਼ਦੀਪ ਦੇ ਪਿਤਾ ਪਾਇਲਟ ਬਣਨ। ਪਰ ਦਾਦਾ ਜੀ ਦੇ ਅਕਾਲ ਚਲਾਣੇ ਕਾਰਨ ਪਿਤਾ ਨੂੰ ਸਾਧਨਾਂ ਅਤੇ ਮੌਕਿਆਂ ਦੀ ਘਾਟ ਕਾਰਨ ਉਹ ਸੁਪਨਾ ਅਧੂਰਾ ਛੱਡਣਾ ਪਿਆ। ਹਾਲਾਂਕਿ, ਅਰਸ਼ਦੀਪ ਦੇ ਮਾਪਿਆਂ ਨੇ ਆਪਣੇ ਪੁੱਤਰ ਦੇ ਮਨ ਵਿੱਚ ਇਸ ਸੁਪਨੇ ਨੂੰ ਜਗਾਇਆ ਅਤੇ ਉਸ ਨੂੰ ਹਰ ਕਦਮ 'ਤੇ ਉਤਸ਼ਾਹਿਤ ਕੀਤਾ। ਅਰਸ਼ਦੀਪ ਨੇ ਵਿਸ਼ੇਸ਼ ਤੌਰ 'ਤੇ ਆਪਣੀ ਮਾਤਾ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਦੱਸਿਆ, ਜਿਨ੍ਹਾਂ ਨੇ ਆਰਥਿਕ ਔਕੜਾਂ ਅਤੇ ਔਖੇ ਸਮਿਆਂ ਦੇ ਬਾਵਜੂਦ ਪਰਿਵਾਰ ਨੂੰ ਇਕਜੁੱਟ ਰੱਖਿਆ, ਜ਼ਮੀਨ ਨਾਲ ਜੋੜ ਕੇ ਰੱਖਿਆ ਅਤੇ ਬੱਚਿਆਂ ਅੰਦਰ ਸਿੱਖੀ ਅਤੇ ਪੰਜਾਬੀ ਕਦਰਾਂ-ਕੀਮਤਾਂ ਨੂੰ ਕਦੇ ਮੱਠਾ ਨਹੀਂ ਪੈਣ ਦਿੱਤਾ।ਵਿਦੇਸ਼ੀ ਮਾਹੌਲ ਵਿੱਚ ਰਹਿੰਦਿਆਂ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੇ ਰਾਜ਼ ਬਾਰੇ ਅਰਸ਼ਦੀਪ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਵਿੱਚ ਸਿਰਫ਼ ਤੇ ਸਿਰਫ਼ ਪੰਜਾਬੀ ਬੋਲਣ ਦਾ ਨਿਯਮ ਲਾਗੂ ਹੈ। ਪਰਿਵਾਰ ਨੇ ਲਗਾਤਾਰ ਗੁਰਦੁਆਰਾ ਸਾਹਿਬ ਜਾਣਾ, ਲੰਗਰ ਛਕਣਾ ਅਤੇ ਸਿੱਖੀ ਅਸੂਲਾਂ 'ਤੇ ਪਹਿਰਾ ਦੇਣਾ ਜਾਰੀ ਰੱਖਿਆ। ਉਨ੍ਹਾਂ ਦਾ ਕਹਿਣਾ ਹੈ ਕਿ ਪਾਇਲਟ ਦੀ ਬੇਹੱਦ ਮੁਸ਼ਕਿਲ ਤੇ ਚੁਣੌਤੀਪੂਰਨ ਸਿਖਲਾਈ ਦੌਰਾਨ ਹਮੇਸ਼ਾ ਪੰਜਾਬੀਆਂ ਵਾਲੇ 'ਚੜ੍ਹਦੀ ਕਲਾ' ਦੇ ਜਜ਼ਬੇ ਨੇ ਹੀ ਉਨ੍ਹਾਂ ਦਾ ਹੌਸਲਾ ਵਧਾਈ ਰੱਖਿਆ। ਲੁਧਿਆਣਾ ਵਿੱਚ ਰਹਿੰਦੇ ਉਨ੍ਹਾਂ ਦੇ ਚਚੇਰੇ ਭਰਾ ਗੌਰਵਦੀਪ ਸਿੰਘ ਸਮੇਤ ਸਮੁੱਚੇ ਪਰਿਵਾਰ ਅਤੇ ਪੰਜਾਬ ਵਾਸੀਆਂ ਨੇ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਡੂੰਘਾ ਮਾਣ ਪ੍ਰਗਟਾਇਆ ਹੈ ।ਅਰਸ਼ਦੀਪ ਦਾ ਅਕਾਦਮਿਕ ਅਤੇ ਫ਼ੌਜੀ ਸਫ਼ਰ ਬਹੁਤ ਹੀ ਮਿਹਨਤ ਭਰਿਆ ਰਿਹਾ ਹੈ। ਉਨ੍ਹਾਂ ਨੇ ਬ੍ਰਿਸਟਲ ਯੂਨੀਵਰਸਿਟੀ ਤੋਂ ਗਣਿਤ ਅਤੇ ਫਿਲਾਸਫੀ ਵਿੱਚ ਗ੍ਰੈਜੂਏਸ਼ਨ ਡਿਗਰੀ ਹਾਸਲ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਫਰਵਰੀ 2022 ਵਿੱਚ ਅਫ਼ਸਰ ਟ੍ਰੇਨਿੰਗ ਮੁਕੰਮਲ ਕੀਤੀ ਅਤੇ ਸਾਲ 2023 ਵਿੱਚ ਐਲੀਮੈਂਟਰੀ ਫਲਾਇੰਗ ਟ੍ਰੇਨਿੰਗ ਪੂਰੀ ਕੀਤੀ ਸੀ। (ਬਾਕੀ ਸਫ਼ਾ 27 'ਤੇ)

# ਤੁਰਕੀ, ਸਾਊਦੀ ਅਰਬ ਅਤੇ ਪਾਕਿ ਵਿਚਾਲੇ ਰੱਖਿਆ ਸਮਝੌਤਾ; ਇੱਕ ਦੂਜੇ ਦੀ ਸੁਰੱਖਿਆ ਲਈ ਇਕਜੁੱਟ ਹੋਣਗੇ

## ਰਾਸ਼ਟਰਪਤੀ ਏਰਦੋਗਨ ਬੋਲੇ- 'ਤਿੰਨਾਂ ਵਿੱਚੋਂ ਕਿਸੇ ਇੱਕ 'ਤੇ ਹਮਲਾ, ਸਾਰਿਆਂ 'ਤੇ ਹਮਲਾ ਮੰਨਿਆ ਜਾਵੇਗਾ

ਤੁਰਕੀ, ਸਾਊਦੀ ਅਰਬ ਅਤੇ ਪਾਕਿਸਤਾਨ ਦਰਮਿਆਨ ਹਾਲ ਹੀ ਵਿੱਚ ਸਿਰੇ ਚੜ੍ਹਿਆ 'ਮੱਕਾ ਰੱਖਿਆ ਸਮਝੌਤਾ' ਆਲਮੀ ਕੂਟਨੀਤੀ ਅਤੇ ਫ਼ੌਜੀ ਸੰਤੁਲਨ ਵਿੱਚ ਇੱਕ ਬੇਹੱਦ ਅਹਿਮ ਤੇ ਦੂਰਰਸ ਮੋੜ ਸਾਬਤ ਹੋ ਰਿਹਾ ਹੈ। ਤੁਰਕੀ ਦੇ ਰਾਸ਼ਟਰਪਤੀ ਰੇਚੇਪ ਤੈਯਪ ਏਰਦੋਗਨ ਵੱਲੋਂ ਇਸ ਸਮਝੌਤੇ ਨੂੰ ਨਾਟੋ ਦੇ ਇਤਿਹਾਸਕ 'ਆਰਟੀਕਲ 5' ਦੇ ਬਰਾਬਰ ਦੱਸਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹ ਗੱਠਜੋੜ ਮਹਿਜ਼ ਰਸਮੀ ਸ਼ਬਦਾਵਲੀ ਜਾਂ ਕਾਗ਼ਜ਼ੀ ਸਮਝੌਤਿਆਂ ਤੱਕ ਸੀਮਤ ਨਹੀਂ ਹੈ। ਇਸ ਗੱਠਜੋੜ ਦਾ ਸਿੱਧਾ ਅਤੇ ਸਪੱਸ਼ਟ ਅਸੂਲ ਇਹ ਮਿਥਿਆ ਗਿਆ ਹੈ ਕਿ ਤਿੰਨਾਂ ਵਿੱਚੋਂ ਕਿਸੇ ਵੀ ਇੱਕ ਮੁਲਕ ਉੱਤੇ ਹਥਿਆਰਬੰਦ ਹਮਲਾ ਬਾਕੀ ਦੋਵਾਂ ਉੱਤੇ ਸਿੱਧਾ ਹਮਲਾ ਮੰਨਿਆ ਜਾਵੇਗਾ। ਏਰਦੋਗਨ ਦਾ ਇਹ ਖੁੱਲ੍ਹਾ ਬਿਆਨ ਪੱਛਮੀ ਏਸ਼ੀਆ, ਦੱਖਣੀ ਏਸ਼ੀਆ ਅਤੇ ਇੱਥੋਂ ਤੱਕ ਕਿ ਪੱਛਮੀ ਤਾਕਤਾਂ ਲਈ ਵੀ ਇੱਕ ਸਾਫ਼ ਸੁਨੇਹਾ ਹੈ ਕਿ ਖਿੱਤੇ ਦੀਆਂ ਤਾਕਤਾਂ ਹੁਣ ਸਿਰਫ਼ ਬਾਹਰੀ ਸੁਰੱਖਿਆ ਛਤਰੀਆਂ ਉੱਤੇ ਨਿਰਭਰ ਰਹਿਣ ਦੀ ਬਜਾਏ ਆਪਣਾ ਸੁਤੰਤਰ ਰੱਖਿਆ ਤੰਤਰ ਖੜ੍ਹਾ ਕਰਨ ਵੱਲ ਕਦਮ ਵਧਾ ਰਹੀਆਂ ਹਨ।

ਇਸ ਸਮਝੌਤੇ ਦੀ ਬਣਤਰ ਉੱਤੇ ਨਜ਼ਰ ਮਾਰੀਏ ਤਾਂ ਇਸ ਵਿੱਚ ਆਧੁਨਿਕ ਜੰਗੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਆਪਕ ਰਣਨੀਤਕ ਤਾਲਮੇਲ ਦਾ ਖ਼ਾਕਾ ਤਿਆਰ ਕੀਤਾ ਗਿਆ ਹੈ। ਤਿੰਨਾਂ ਦੇਸ਼ਾਂ ਦੇ ਰੱਖਿਆ ਮੰਤਰਾਲਿਆਂ, ਵਿਦੇਸ਼ ਮੰਤਰਾਲਿਆਂ ਅਤੇ ਹਥਿਆਰਬੰਦ ਸੈਨਾਵਾਂ ਦੇ ਮੁਖੀਆਂ ਵਿਚਕਾਰ ਉੱਚ-ਪੱਧਰੀ ਸਾਂਝੇ ਤੰਤਰ ਸਥਾਪਤ ਕਰਨ ਦੀ ਯੋਜਨਾ ਹੈ। ਇਸ ਤਹਿਤ ਜ਼ਮੀਨੀ, ਹਵਾਈ ਅਤੇ ਜਲ ਸੈਨਾਵਾਂ ਦੇ ਲਗਾਤਾਰ ਸਾਂਝੇ ਅਭਿਆਸ ਤਾਂ ਹੋਣਗੇ ਹੀ, ਨਾਲ ਹੀ ਆਧੁਨਿਕ ਏਅਰ ਡਿਫੈਂਸ ਸਿਸਟਮ, ਡਰੋਨ ਤਕਨਾਲੋਜੀ, ਸਾਂਝੇ ਉਤਪਾਦਨ ਅਤੇ ਫ਼ੌਜੀ ਲੌਜਿਸਟਿਕਸ ਨੂੰ ਲੈ ਕੇ ਡੂੰਘਾ ਸਹਿਯੋਗ ਵਧਾਇਆ ਜਾਵੇਗਾ। ਮਿਸਰ ਵਰਗੇ ਪ੍ਰਭਾਵਸ਼ਾਲੀ ਅਤੇ ਵੱਡੀ ਫ਼ੌਜੀ ਤਾਕਤ ਵਾਲੇ ਮੁਲਕ ਦੇ ਇਸ ਸਮਝੌਤੇ ਵਿੱਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਨੇ ਇਸ ਨੂੰ ਹੋਰ ਮਜ਼ਬੂਤ ਬਣਾ ਦਿੱਤਾ ਹੈ। ਮੱਧ ਪੂਰਬ ਵਿੱਚ ਵੱਧਦੇ ਤਣਾਅ, ਗਾਜ਼ਾ, ਲਿਬਨਾਨ ਅਤੇ ਸੀਰੀਆ ਦੇ ਨਾਜ਼ੁਕ ਹਾਲਾਤ ਦਰਮਿਆਨ ਇਹ ਨਵਾਂ ਬਣਿਆ ਧੁਰਾ ਖ਼ੁਦ ਨੂੰ ਇਸਲਾਮਿਕ ਜਗਤ ਦੀ ਅਗਵਾਈ ਕਰਨ ਵਾਲੀ ਸ਼ਕਤੀ ਵਜੋਂ ਪੇਸ਼ ਕਰਨ ਦੇ ਰਾਹ ਤੁਰ ਪਿਆ ਹੈ। ਜੇਕਰ ਤਿੰਨਾਂ ਦੇਸ਼ਾਂ ਦੇ ਅੰਦਰੂਨੀ ਹਿੱਤਾਂ ਦੀ ਗੱਲ ਕਰੀਏ ਤਾਂ ਤੁਰਕੀ ਲੰਮੇ ਸਮੇਂ ਤੋਂ ਆਪਣੀ ਰੱਖਿਆ ਸਨਅਤ ਦਾ ਵਿਸਥਾਰ ਕਰਨ ਅਤੇ ਇਸਲਾਮੀ ਸੰਸਾਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਦੀ ਤਾਂਘ ਰੱਖਦਾ ਰਿਹਾ ਹੈ। ਸਾਊਦੀ ਅਰਬ, ਜੋ ਰਵਾਇਤੀ ਤੌਰ 'ਤੇ ਅਮਰੀਕੀ ਸੁਰੱਖਿਆ ਛਤਰੀ 'ਤੇ ਨਿਰਭਰ ਰਿਹਾ ਹੈ, ਹੁਣ ਆਪਣੀਆਂ ਰੱਖਿਆ ਭਾਈਵਾਲੀਆਂ ਵਿੱਚ ਵਿਭਿੰਨਤਾ ਲਿਆ ਕੇ ਖ਼ੁਦ ਨੂੰ ਆਤਮ-ਨਿਰਭਰ ਅਤੇ ਖੇਤਰੀ ਤੌਰ 'ਤੇ ਮਜ਼ਬੂਤ ਸਥਿਤੀ ਵਿੱਚ ਰੱਖਣਾ ਚਾਹੁੰਦਾ ਹੈ। ਦੂਜੇ ਪਾਸੇ, ਆਰਥਿਕ ਸੰਕਟਾਂ ਵਿੱਚ ਘਿਰਿਆ ਪਾਕਿਸਤਾਨ ਇਸ ਗੱਠਜੋੜ ਰਾਹੀਂ ਨਾ ਸਿਰਫ਼ ਸਾਊਦੀ ਪੂੰਜੀ ਅਤੇ ਤੁਰਕੀ ਦੀ ਉੱਨਤ ਡਰੋਨ ਤੇ ਮਿਜ਼ਾਈਲ ਤਕਨਾਲੋਜੀ ਹਾਸਲ ਕਰਨਾ ਚਾਹੁੰਦਾ ਹੈ, ਸਗੋਂ ਆਪਣੇ ਫ਼ੌਜੀ ਵੱਕਾਰ ਨੂੰ ਮੁੜ ਬਹਾਲ ਕਰਨ ਦੀ ਕੋਸ਼ਿਸ਼ ਵਿੱਚ ਵੀ ਹੈ। ਪਾਕਿਸਤਾਨ ਦੀ ਪਰਮਾਣੂ ਸ਼ਕਤੀ, ਸਾਊਦੀ ਅਰਬ ਦਾ ਵਿੱਤੀ ਸਰਮਾਇਆ ਅਤੇ ਤੁਰਕੀ ਦਾ ਅਤਿ-ਆਧੁਨਿਕ ਫ਼ੌਜੀ ਸਾਜ਼ੋ-ਸਾਮਾਨ ਜਦੋਂ ਇੱਕ ਮੰਚ 'ਤੇ ਇਕੱਠੇ ਹੁੰਦੇ ਹਨ, ਤਾਂ ਇਹ ਬਿਨਾਂ ਸ਼ੱਕ ਇੱਕ ਪ੍ਰਭਾਵਸ਼ਾਲੀ ਤਿਕੜੀ ਬਣ ਜਾਂਦੀ ਹੈ।

# ਅਮਰੀਕਾ 'ਚ ਗ੍ਰੀਨ ਕਾਰਡ ਲਈ 1,000 ਫ਼ਰਜ਼ੀ ਵਿਆਹਾਂ ਦਾ ਪਰਦਾਫ਼ਾਸ਼; 11 ਸਰਗਨੇ ਗ੍ਰਿਫ਼ਤਾਰ

## ਇੱਕ ਜਾਅਲੀ ਵਿਆਹ ਦਾ ਰੇਟ 95 ਲੱਖ ਰੁਪਏ: ਅਮਰੀਕੀ ਇਤਿਹਾਸ ਦੇ ਸਭ ਤੋਂ ਵੱਡੇ ਮੈਰਿਜ ਫ਼ਰਾਡ ਦਾ ਖ਼ੁਲਾਸਾ

## ਫ਼ਰਜ਼ੀ ਵਿਆਹ ਕਰਵਾਉਣ ਵਾਲੇ ਅਮਰੀਕੀਆਂ ਨੂੰ ਮਿਲਦੇ ਸਨ 28-28 ਲੱਖ ਰੁਪਏ; ਵਕੀਲਾਂ ਸਮੇਤ ਪੂਰਾ ਗਿਰੋਹ ਬੇਨਕਾਬ

ਅਮਰੀਕਾ ਵਰਗੇ ਵਿਕਸਤ ਦੇਸ਼ ਵਿੱਚ ਪੱਕੀ ਰਿਹਾਇਸ਼ (ਗ੍ਰੀਨ ਕਾਰਡ) ਪ੍ਰਾਪਤ ਕਰਨ ਦੀ ਅੰਨ੍ਹੀ ਹਵਸ ਨੇ ਇੱਕ ਅਜਿਹੇ ਸੰਗਠਿਤ ਅਪਰਾਧਿਕ ਵਪਾਰ ਨੂੰ ਜਨਮ ਦੇ ਦਿੱਤਾ ਹੈ, ਜਿਸ ਨੇ ਨਾ ਸਿਰਫ਼ ਕੌਮਾਂਤਰੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਢਾਹ ਲਾਈ ਹੈ, ਸਗੋਂ ਵਿਆਹ ਵਰਗੇ ਪਵਿੱਤਰ ਸਮਾਜਿਕ ਬੰਧਨ ਨੂੰ ਵੀ ਮੰਡੀ ਦੀ ਇੱਕ ਵਿਕਾਊ ਵਸਤੂ ਬਣਾ ਕੇ ਰੱਖ ਦਿੱਤਾ ਹੈ। ਅਮਰੀਕੀ ਨਿਆਂ ਵਿਭਾਗ / ਅਤੇ ਹੋਮਲੈਂਡ ਸਿਕਿਓਰਿਟੀ ਵੱਲੋਂ ਨਿਊਯਾਰਕ ਤੋਂ ਸੰਚਾਲਿਤ ਇੱਕ ਹਜ਼ਾਰ ਤੋਂ ਵੱਧ ਜਾਅਲੀ ਵਿਆਹਾਂ ਦੇ ਰੈਕੇਟ ਦਾ ਪਰਦਾਫ਼ਾਸ਼ ਕਰਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਵਿਦੇਸ਼ ਜਾਣ ਅਤੇ ਉੱਥੇ ਪੱਕੇ ਹੋਣ ਦੇ ਨਾਂਅ 'ਤੇ ਕਿਵੇਂ ਕਰੋੜਾਂ ਡਾਲਰਾਂ ਦੀਆਂ ਧੋਖਾਧੜੀਆਂ ਨੂੰ ਪੇਸ਼ੇਵਰ ਢੰਗ ਨਾਲ ਅੰਜਾਮ ਦਿੱਤਾ ਜਾ ਰਿਹਾ ਸੀ। ਇਹ ਖ਼ੁਲਾਸਾ ਸਿਰਫ਼ ਕੁਝ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਉਸ ਗੰਭੀਰ ਸਮਾਜਿਕ ਅਤੇ ਪ੍ਰਣਾਲੀਗਤ ਸੰਕਟ ਦੀ ਨਿਸ਼ਾਨਦੇਹੀ ਕਰਦਾ ਹੈ ਜਿੱਥੇ ਕਾਨੂੰਨੀ ਚੋਰ-ਮੋਰੀਆਂ ਦਾ ਲਾਹਾ ਲੈ ਕੇ ਲੋਕਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ।

**ਇਸ ਧੋਖਾਧੜੀ ਦਾ ਅਸਲ ਜ਼ਿੰਮੇਵਾਰ ਕੌਣ ?**

ਇਸ ਧੋਖਾਧੜੀ ਦੀ ਜੜ੍ਹ ਵਿੱਚ ਕੋਈ ਇਕੱਲਾ ਵਿਅਕਤੀ ਨਹੀਂ, ਸਗੋਂ ਕਾਨੂੰਨੀ ਅਤੇ ਸਮਾਜਿਕ ਖਾਮੀਆਂ ਦਾ ਫ਼ਾਇਦਾ ਉਠਾਉਣ ਵਾਲਾ ਇੱਕ ਸੰਗਠਿਤ ਗਿਰੋਹ ਕੰਮ ਕਰ ਰਿਹਾ ਸੀ। ਅਮਰੀਕੀ ਅਧਿਕਾਰੀਆਂ ਨੇ ਇਸ ਕਾਰਵਾਈ ਤਹਿਤ ਨਿਊਯਾਰਕ ਨਾਲ ਸਬੰਧਤ 11 ਮੁੱਖ ਸਰਗਨਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਨੈੱਟਵਰਕ ਤਿੰਨ ਮੁੱਖ ਧੁਰਿਆਂ 'ਤੇ ਚੱਲਦਾ ਸੀ:

ਮੁੱਖ ਸਾਜ਼ਿਸ਼ਘਾੜੇ ਜਾਂ ਦਲਾਲ ਗਾਹਕਾਂ ਨਾਲ ਸੰਪਰਕ ਕਰਦੇ ਸਨ ਅਤੇ ਪ੍ਰਤੀ ਜਾਅਲੀ ਵਿਆਹ ਲਗਭਗ 100,000 ਡਾਲਰ (ਕਰੀਬ 95 ਲੱਖ ਰੁਪਏ) ਵਸੂਲਦੇ ਸਨ।

ਬੰਦੇ ਲੱਭਣ ਵਾਲੇ ਏਜੰਟ ਲੋਕ ਪੈਸੇ ਦੀ ਤੰਗੀ ਝੱਲ ਰਹੇ ਅਮਰੀਕੀ ਨਾਗਰਿਕਾਂ ਨੂੰ 'ਕਾਗਜ਼ੀ ਜੀਵਨ ਸਾਥੀ' ਬਣਨ ਲਈ ਲਾਲਚ ਦਿੰਦੇ ਸਨ। ਹਰ ਇੱਕ ਅਮਰੀਕੀ ਨਾਗਰਿਕ ਨੂੰ ਵਿਆਹ ਦੇ ਇਕਰਾਰ ਲਈ ਲਗਭਗ 30,000 ਡਾਲਰ (ਕਰੀਬ 28 ਲੱਖ ਰੁਪਏ) ਅਤੇ ਬੰਦੇ ਲੱਭਣ ਵਾਲੇ ਏਜੰਟ ਨੂੰ ਪ੍ਰਤੀ ਵਿਅਕਤੀ 5,000 ਡਾਲਰ (ਕਰੀਬ 4.7 ਲੱਖ ਰੁਪਏ) ਕਮਿਸ਼ਨ ਦਿੱਤਾ ਜਾਂਦਾ ਸੀ।

ਇਸ ਧੋਖੇ ਨੂੰ ਅਸਲੀ ਦਿਖਾਉਣ ਲਈ ਭ੍ਰਿਸ਼ਟ ਵਕੀਲ, ਟੈਕਸ ਸਲਾਹਕਾਰ, ਬੀਮਾ ਏਜੰਟ ਅਤੇ ਇੱਥੋਂ




ਤੱਕ ਕਿ ਵਿਆਹ ਦੇ ਜਾਅਲੀ ਸਰਟੀਫਿਕੇਟ ਜਾਰੀ ਕਰਨ ਵਾਲੇ ਅਧਿਕਾਰੀ ਵੀ ਇਸ ਸਾਜ਼ਿਸ਼ ਦਾ ਹਿੱਸਾ ਬਣੇ ਹੋਏ ਸਨ। 2016 ਤੋਂ ਜੁਲਾਈ 2026 ਤੱਕ ਚੱਲੇ ਇਸ ਰੈਕੇਟ ਦਾ ਘੇਰਾ ਨਿਊਯਾਰਕ, ਕਨੈਕਟੀਕਟ, ਫਲੋਰੀਡਾ, ਜਾਰਜੀਆ ਸਮੇਤ ਕਈ ਅਮਰੀਕੀ ਸੂਬਿਆਂ ਅਤੇ ਸਰਹੱਦੋਂ ਪਾਰ ਚੀਨ ਤੇ ਵੈਨੂਆਟੂ ਤੱਕ ਫੈਲਿਆ ਹੋਇਆ ਸੀ।

**ਰੈਕੇਟ ਦਾ ਪਰਦਾਫ਼ਾਸ਼ ਕਿਸਨੇ ਕੀਤਾ ਅਤੇ ਕਾਨੂੰਨੀ ਸ਼ਿਕੰਜਾ**

ਇਸ ਬਹੁ-ਕਰੋੜੀ ਧੋਖਾਧੜੀ ਦਾ ਪਰਦਾਫ਼ਾਸ਼ ਅਮਰੀਕਾ ਦੀਆਂ ਉੱਚ ਪੱਧਰੀ ਜਾਂਚ ਏਜੰਸੀਆਂ ਦੇ ਇੱਕ ਸਾਂਝੇ ਅਪਰੇਸ਼ਨ ਰਾਹੀਂ ਸੰਭਵ ਹੋਇਆ। ਇਸ ਜਾਂਚ ਵਿੱਚ ਮੁੱਖ ਏਜੰਸੀਆਂ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨਜ਼, ਹਡਸਨ ਵੈਲੀ, ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੀ 'ਸੇਫ਼ ਸਟ੍ਰੀਟਸ ਟਾਸਕ ਫੋਰਸ', ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦਾ ਫਰਾਡ ਡਿਟੈਕਸ਼ਨ ਐਂਡ ਨੈਸ਼ਨਲ ਸਕਿਓਰਿਟੀ ਡਾਇਰੈਕਟੋਰੇਟ, ਯੂ.ਐੱਸ. ਆਰਮੀ ਕ੍ਰਿਮੀਨਲ ਇਨਵੈਸਟੀਗੇਸ਼ਨ ਡਿਵੀਜ਼ਨ ਅਤੇ ਵੈਸਟਚੈਸਟਰ ਕਾਉਂਟੀ ਡਿਸਟ੍ਰਿਕਟ ਅਟਾਰਨੀ ਦਫ਼ਤਰ ਸ਼ਾਮਲ ਸਨ। ਅਮਰੀਕੀ ਅਟਾਰਨੀ ਜਨਰਲ ਟੌਡ ਬਲੈਂਚ ਅਤੇ ਦੱਖਣੀ ਜ਼ਿਲ੍ਹਾ ਨਿਊਯਾਰਕ ਦੇ ਅਟਾਰਨੀ ਜੇਮੀ ਮੈਕਡੋਨਲਡ ਨੇ ਇਸ ਨੂੰ ਅਮਰੀਕੀ ਇਤਿਹਾਸ ਦੇ ਸਭ ਤੋਂ ਵੱਡੇ ਮੈਰਿਜ ਫਰਾਡ ਕੇਸਾਂ ਵਿੱਚੋਂ ਇੱਕ ਗਰਦਾਨਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ 'ਤੇ ਇਮੀਗ੍ਰੇਸ਼ਨ ਧੋਖਾਧੜੀ ਦੀ ਸਾਜ਼ਿਸ਼ ਅਤੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਸ਼ਹਿ ਦੇਣ ਦੇ ਦੋਸ਼ ਆਇਦ ਕੀਤੇ ਗਏ ਹਨ, ਜਿਸ ਤਹਿਤ ਦੋਸ਼ੀ ਪਾਏ ਜਾਣ 'ਤੇ 5 ਤੋਂ 10 ਸਾਲ ਤੱਕ ਦੀ ਸਖ਼ਤ ਕੈਦ ਅਤੇ ਭਾਰੀ ਜੁਰਮਾਨੇ ਹੋ ਸਕਦੇ ਹਨ।

**ਕਿਹੜੇ ਦੇਸ਼ਾਂ ਦੇ ਲੋਕ ਸਭ ਤੋਂ ਵੱਧ ਸ਼ਾਮਲ ਹਨ ?**

ਇਸ ਤਾਜ਼ਾ ਮਾਮਲੇ ਵਿੱਚ ਫਰਜ਼ੀ ਵਿਆਹਾਂ ਰਾਹੀਂ ਕਾਨੂੰਨੀ ਦਰਜਾ ਹਾਸਲ ਕਰਨ ਵਾਲੇ ਜ਼ਿਆਦਾਤਰ ਗਾਹਕ ਚੀਨੀ ਨਾਗਰਿਕ ਸਨ। ਪਰ ਇਹ ਵਰਤਾਰਾ ਸਿਰਫ਼ ਇੱਕ ਦੇਸ਼ ਤੱਕ ਸੀਮਤ ਨਹੀਂ ਹੈ।ਦੁਨੀਆ ਭਰ ਵਿੱਚ ਅਮਰੀਕਾ, ਕੈਨੇਡਾ, ਯੂ.ਕੇ. ਅਤੇ ਆਸਟ੍ਰੇਲੀਆ ਵਰਗੇ ਮੁਲਕਾਂ ਵਿੱਚ ਪੱਕੇ ਹੋਣ ਲਈ ਭਾਰਤ (ਵਿਸ਼ੇਸ਼ ਤੌਰ 'ਤੇ ਪੰਜਾਬ ਅਤੇ ਹਰਿਆਣਾ), ਵੀਅਤਨਾਮ, ਮੈਕਸੀਕੋ ਅਤੇ ਫਿਲੀਪੀਨਜ਼ ਦੇ ਨਾਗਰਿਕ ਵੀ ਵੱਡੀ ਪੱਧਰ 'ਤੇ ਅਜਿਹੇ ਸ਼ਾਰਟਕੱਟਾਂ ਦਾ ਸ਼ਿਕਾਰ ਹੁੰਦੇ ਹਨ।ਕਾਨੂੰਨੀ ਵਰਕ ਵੀਜ਼ਾ ਜਾਂ ਪੱਕੀ ਰਿਹਾਇਸ਼ ਦੇ ਲੰਬੇ ਇੰਤਜ਼ਾਰ ਅਤੇ ਸਖ਼ਤ ਨਿਯਮਾਂ ਤੋਂ ਬਚਣ ਲਈ ਕਈ ਨੌਜਵਾਨ ਅਤੇ ਪਰਿਵਾਰ ਆਪਣੀ ਜ਼ਿੰਦਗੀ ਭਰ ਦੀ ਜਮ੍ਹਾਂ-ਪੂੰਜੀ ਅਤੇ ਜ਼ਮੀਨਾਂ ਵੇਚ ਕੇ ਏਜੰਟਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ। ਇਹ ਮਾਨਸਿਕਤਾ ਉਨ੍ਹਾਂ ਨੂੰ ਅਪਰਾਧਿਕ ਨੈੱਟਵਰਕ ਦਾ ਹਿੱਸਾ ਬਣਾ ਦਿੰਦੀ ਹੈ।

**ਇਹ ਫਰਜ਼ੀ ਜੋੜੇ ਆਖ਼ਰ ਫੜੇ ਕਿਵੇਂ ਜਾਂਦੇ ਹਨ ?**

ਇਮੀਗ੍ਰੇਸ਼ਨ ਵਿਭਾਗ ਅਤੇ ਖ਼ੁਫ਼ੀਆ ਏਜੰਸੀਆਂ ਅਜਿਹੇ ਜਾਅਲੀ ਰਿਸ਼ਤਿਆਂ ਦਾ ਪਰਦਾਫਾਸ਼ ਕਰਨ ਲਈ ਬੇਹੱਦ ਵਿਗਿਆਨਕ, ਤਕਨੀਕੀ ਅਤੇ ਵਿਹਾਰਕ ਤਰੀਕੇ ਅਪਣਾਉਂਦੀਆਂ ਹਨ: ਜਦੋਂ ਅਧਿਕਾਰੀਆਂ ਨੂੰ ਸ਼ੱਕ ਹੁੰਦਾ ਹੈ, ਤਾਂ ਪਤੀ-ਪਤਨੀ ਨੂੰ ਵੱਖ-ਵੱਖ ਕਮਰਿਆਂ ਵਿੱਚ ਬਿਠਾ ਕੇ ਨਿੱਜੀ ਜੀਵਨ ਨਾਲ ਜੁੜੇ ਬਾਰੀਕ ਸਵਾਲ ਪੁੱਛੇ ਜਾਂਦੇ ਹਨ—ਜਿਵੇਂ ਕਿ ਕਮਰੇ ਦੇ ਪਰਦਿਆਂ ਦਾ ਰੰਗ, ਸਵੇਰੇ ਕੌਣ ਪਹਿਲਾਂ ਉੱਠਿਆ, ਜਾਂ ਟੁੱਥਬਰੱਸ਼ ਦਾ ਰੰਗ।ਝੂਠ ਬੋਲਣ ਵਾਲਿਆਂ ਦੇ ਜਵਾਬਾਂ ਵਿੱਚ ਤੁਰੰਤ ਵਿਰੋਧਾਭਾਸ ਸਾਹਮਣੇ ਆ ਜਾਂਦਾ ਹੈ।

**ਵਿੱਤੀ ਅਤੇ ਦਸਤਾਵੇਜ਼ੀ ਫੋਰੈਂਸਿਕ ਜਾਂਚ:** ਏਜੰਟ ਭਾਵੇਂ ਫਰਜ਼ੀ ਸਾਂਝੇ ਬੈਂਕ ਖਾਤੇ, ਟੈਕਸ ਰਿਟਰਨਾਂ, ਕਿਰਾਏਨਾਮੇਅਤੇ ਜੀਵਨ ਬੀਮਾ ਪਾਲਿਸੀਆਂ ਤਿਆਰ ਕਰ ਦਿੰਦੇਹਨ, ਪਰ ਵਿੱਤੀ ਫੋਰੈਂਸਿਕ ਜਾਂਚ ਇਹ ਸਪੱਸ਼ਟ ਕਰ ਦਿੰਦੀ ਹੈ ਕਿ ਖਾਤਿਆਂ ਵਿੱਚੋਂ ਰੋਜ਼ਾਨਾ ਖ਼ਰਚੇ ਹੁੰਦੇ ਹਨ ਜਾਂ ਸਿਰਫ਼ ਕਾਗਜ਼ੀ ਲੈਣ-ਦੇਣ ਦਿਖਾਇਆ ਗਿਆ ਹੈ।

(ਬਾਕੀ ਸਫ਼ਾ 27 'ਤੇ)

# ਟੁੱਟ ਗਿਆ ਪੰਜਾਬੀਆਂ ਦਾ ਅਮੀਰ ਮੁਲਕਾਂ ਵਿਚ ਬਿਹਤਰ ਤੇ ਖ਼ੁਸ਼ਹਾਲ ਜ਼ਿੰਦਗੀ ਬਿਤਾਉਣ ਦਾ ਸੁਪਨਾ

## ਧਨਾਢ ਦੇਸ਼ਾਂ ਨੇ ਭਾਰਤੀ ਪ੍ਰਵਾਸੀਆਂ ਲਈ ਆਪਣੇ ਦਰ ਕੀਤੇ ਅਚਨਚੇਤੀ ਬੰਦ

ਟੋਰਾਂਟੋ/ਏ.ਟੀ.ਨਿਊਜ਼: ਪੱਛਮੀ ਮੁਲਕਾਂ, ਖ਼ਾਸ ਕਰ ਕੇ ਕੈਨੇਡਾ ਤੇ ਅਮਰੀਕਾ ਵੱਲੋਂ ਗ਼ੈਰਕਾਨੂੰਨੀ ਪ੍ਰਵਾਸ ਦੇ ਨਾਂਅ 'ਤੇ ਜਿਸ ਤਰ੍ਹਾਂ ਭਾਰਤੀਆਂ ਨੂੰ ਆਪਣੀ ਭੂਮੀ ਤੋਂ ਬੇਦਖ਼ਲ ਕੀਤਾ ਜਾ ਰਿਹਾ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐਸ.ਏ.) ਦੀ ਹਾਲੀਆ ਰਿਪੋਰਟ ਅਨੁਸਾਰ ਜਨਵਰੀ ਤੋਂ ਜੂਨ ਦੇ ਅੰਤ ਤੱਕ 3,323 ਭਾਰਤੀਆਂ ਨੂੰ ਜਬਰੀ ਭਾਰਤ ਪਰਤਾਇਆ ਗਿਆ। ਇਹ ਸੰਖਿਆ ਸਾਲ 2025 ਦੌਰਾਨ ਭਾਰਤ ਪਰਤਾਏ ਗਏ ਪ੍ਰਵਾਸੀਆਂ ਦੀ ਕੁੱਲ ਗਿਣਤੀ (3,779) ਦਾ 88 ਫ਼ੀਸਦੀ ਬਣਦੀ ਹੈ। ਜ਼ਾਹਿਰ ਹੈ ਕਿ ਪੂਰੇ ਸਾਲ 2026 ਦਾ ਅੰਕੜਾ 2025 ਵਾਲੀ ਗਿਣਤੀ ਨੂੰ ਸਹਿਜੇ ਹੀ ਪਾਰ ਕਰ ਜਾਵੇਗਾ। ਹਾਲਾਂਕਿ ਸੀ.ਬੀ.ਐਸ.ਏ. ਦੇ ਅੰਕੜੇ ਇਹ ਨਹੀਂ ਦੱਸਦੇ ਕਿ ਪਰਤਾਏ ਗਏ ਭਾਰਤੀ ਕਿਹੜੇ ਕਿਹੜੇ ਰਾਜਾਂ ਤੋਂ ਸਨ, ਫਿਰ ਵੀ ਕੈਨੇਡੀਅਨ ਮੀਡੀਆ ਸੰਸਥਾ 'ਗਲੋਬਲ ਨਿਊਜ਼' ਨੇ ਸੰਕੇਤ ਦਿਤਾ ਹੈ ਕਿ ਭਾਰਤ ਪਰਤਾਏ ਗਏ ਪ੍ਰਵਾਸੀਆਂ ਵਿਚੋਂ 2200 ਤੋਂ ਵੱਧ ਪੰਜਾਬੀ ਸਨ। ਇਸ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਪੰਜਾਬੀ ਪ੍ਰਵਾਸੀ, ਕੈਨੇਡੀਅਨ ਸਰਹੱਦੀ ਅਤੇ ਅੰਦਰੂਨੀ ਸੁਰੱਖਿਆ ਏਜੰਸੀਆਂ ਦੇ ਖ਼ਾਸ ਤੌਰ 'ਤੇ ਨਿਸ਼ਾਨੇ ਉੱਤੇ ਹਨ।



ਮੀਡੀਆ ਰਿਪੋਰਟਾਂ ਤੋਂ ਇਸ ਹਕੀਕਤ ਦਾ ਵੀ ਇਜ਼ਹਾਰ ਹੁੰਦਾ ਹੈ ਕਿ ਡੋਨਾਲਡ ਟਰੰਪ ਵਾਲੇ ਅਮਰੀਕਾ ਵਿੱਚ ਗ਼ੈਰਕਾਨੂੰਨੀ ਪ੍ਰਵਾਸ ਰੋਕਣ ਦੇ ਮਕਸਦ ਨਾਲ ਲਾਤੀਨੀ ਅਮਰੀਕੀਆਂ ਤੇ ਅਰਬਾਂ ਤੋਂ ਬਾਅਦ ਭਾਰਤੀਆਂ ਉੱਤੇ ਵੀ ਉਚੇਚੀ ਨਜ਼ਰ ਰੱਖੀ ਜਾ ਰਹੀ ਹੈ। ਅਜਿਹੇ ਰੁਝਾਨ ਦੇ ਬਾਵਜੂਦ ਇਸ ਸਾਲ ਜਨਵਰੀ ਤੋਂ ਜੁਲਾਈ ਤਕ ਅਮਰੀਕਾ ਤੋਂ ਬੇਦਖ਼ਲ ਕੀਤੇ ਭਾਰਤੀਆਂ ਦੀ ਗਿਣਤੀ 1273 ਬਣਦੀ ਹੈ, ਜੋ ਬਹੁਤੀ ਵੱਡੀ ਨਹੀਂ। ਇਸ ਅੰਕੜੇ ਦੇ ਉਲਟ ਕੈਨੇਡਾ ਤੋਂ ਛੇ ਮਹੀਨਿਆਂ ਦੇ ਅੰਦਰ ਜਬਰਨ ਬੇਦਖ਼ਲ ਕੀਤੇ ਗਏ ਭਾਰਤੀਆਂ ਦੀ ਤਾਦਾਦ ਤਿੰਨ ਗੁਣਾਂ ਵੱਧ ਹੈ। ਜ਼ਾਹਿਰ ਹੈ ਕਿ ਉਸ ਮੁਲਕ ਨੂੰ ਵੀ ਭਾਰਤੀਆਂ, ਖ਼ਾਸ ਕਰ ਕੇ ਪੰਜਾਬੀਆਂ ਦਾ ਬੇਲੋੜਾ ਪ੍ਰਵਾਸ ਹੁਣ ਚੁੱਭਣ ਲੱਗਾ ਹੈ। ਧਨਾਢ ਦੇਸ਼ਾਂ ਵੱਲੋਂ ਭਾਰਤੀ ਪ੍ਰਵਾਸੀਆਂ ਲਈ ਅਪਣੇ ਦਰ ਅਚਨਚੇਤੀ ਬੰਦ ਕੀਤੇ ਜਾਣਾ ਉਨ੍ਹਾਂ ਭਾਰਤੀਆਂ ਜਾਂ ਪੰਜਾਬੀਆਂ ਲਈ ਵੱਡੇ ਸਦਮੇ ਵਾਂਗ ਹੈ ਜੋ ਉੱਤਰ ਅਮਰੀਕੀ ਮਹਾਂਦੀਪ ਜਾਂ ਯੂਰੋਪ ਦੇ ਅਮੀਰ ਮੁਲਕਾਂ ਵਿੱਚ ਬਿਹਤਰ ਤੇ ਖ਼ੁਸ਼ਹਾਲ ਜ਼ਿੰਦਗੀ ਬਿਤਾਉਣ ਦੇ ਸੁਪਨੇ ਲੈਂਦੇ ਆ ਰਹੇ ਸਨ। ਅਮਰੀਕਾ ਜਾਂ ਇੰਗਲੈਂਡ ਦੇ ਮੁਕਾਬਲੇ ਕੈਨੇਡਾ ਵੱਧ ਉਦਾਰਵਾਦੀ ਮੁਲਕ ਹੈ ਪਰ ਆਰਥਿਕ ਖ਼ੁਸ਼ਹਾਲੀ ਤੇ ਮਾਇਕ ਸਰੋਤਾਂ ਪੱਖੋਂ ਉਹ ਅਮਰੀਕਾ ਜਾਂ ਆਸਟ੍ਰੇਲੀਆ ਜਾਂ ਜਰਮਨੀ ਦੇ ਹਾਣ ਦਾ ਨਹੀਂ। ਭੂਗੋਲਿਕ ਤੌਰ 'ਤੇ ਅਮਰੀਕਾ ਤੋਂ ਵੱਡਾ ਹੋਣ ਦੇ ਬਾਵਜੂਦ ਉਸ ਦਾ ਅਰਥਚਾਰਾ, ਅਮਰੀਕੀ ਆਰਥਿਕਤਾ ਤੋਂ 13 ਗੁਣਾਂ ਛੋਟਾ ਹੈ। ਕੁਲ ਕੌਮੀ ਵਸੋਂ 4.15 ਕਰੋੜ ਦੇ ਆਸ-ਪਾਸ ਹੈ, ਪਰ ਵਸੋਂ ਵਿਚ ਵਾਧੇ ਦੀ ਦਰ ਨਾਂਹਮੁਖੀ ਹੋਣ ਕਾਰਨ ਉਸ ਨੂੰ ਪ੍ਰਵਾਸੀਆਂ ਦੀ ਆਮਦ ਦੀ ਅਜੇ ਵੀ ਜ਼ਰੂਰਤ ਹੈ। ਉਸ ਦੀ ਇਹ ਜ਼ਰੂਰਤ ਚੀਨ, ਭਾਰਤ ਤੇ ਮੱਧ-ਪੂਰਬ ਤੋਂ ਆਏ ਪ੍ਰਵਾਸੀ ਕਈ ਦਸ਼ਕਾਂ ਤੋਂ ਪੂਰੀ ਕਰਦੇ ਆ ਰਹੇ ਸਨ। ਪਰ ਅਰਥਚਾਰੇ ਦੇ ਵਿਕਾਸ ਦੀ ਦਰ ਸੁਸਤ ਰਹਿਣ ਅਤੇ ਵਿਦੇਸ਼ੀਆਂ ਦੇ ਨੇਮਬੰਦ ਆਵਾਸ ਦੀ ਥਾਂ ਗ਼ੈਰਕਾਨੂੰਨੀ ਆਵਾਸ ਦੀ ਵਿਆਪਕਤਾ ਨੇ ਉਸ ਮੁਲਕ ਲਈ ਨਵੀਆਂ ਨਵੀਆਂ ਸਿਰਦਰਦੀਆਂ ਪੈਦਾ ਕਰ ਦਿਤੀਆਂ। ਅਜਿਹੀ ਸਥਿਤੀ ਨੇ ਪਿਛਲੇ ਦੋ-ਢਾਈ ਵਰ੍ਹਿਆਂ ਤੋਂ ਸਖ਼ਤੀ ਦਾ ਦੌਰ ਉਪਜਾਇਆ ਜਿਸ ਦੀ ਗਾਜ਼ ਹੁਣ ਭਾਰਤੀਆਂ, ਖ਼ਾਸ ਕਰ ਕੇ ਪੰਜਾਬੀਆਂ ਉੱਤੇ ਡਿੱਗ ਰਹੀ ਹੈ।

ਇਸ ਸੂਰਤੇਹਾਲ ਲਈ ਭਾਰਤੀ ਵੀ ਇੱਕ ਹੱਦ ਤੱਕ ਜ਼ਿੰਮੇਵਾਰ ਹਨ। ਕੁਝ ਸਾਲ ਪਹਿਲਾਂ ਤੱਕ ਉਨ੍ਹਾਂ ਦੀਆਂ ਪ੍ਰਾਪਤੀਆਂ ਜਾਂ ਕੀਰਤੀਮਾਨ ਅਮਰੀਕਨ-ਕੈਨੇਡੀਅਨ ਮੀਡੀਆ ਵਿੱਚ ਸਾਰਥਿਕ ਤੌਰ 'ਤੇ ਚਰਚਿਤ ਹੁੰਦੇ ਸਨ।ਹੁਣ ਉਨ੍ਹਾਂ ਦੀ ਥਾਂ ਅਪਰਾਧ ਤੇ ਕੁਕਰਮ ਲੈਣ ਲੱਗੇ ਹਨ। ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਦਾ ਹੈ ਜਦੋਂ ਕਿਸੇ ਭਾਰਤੀ ਦੇ ਅਪਰਾਧਾਂ ਨਾਲ ਜੁੜੀ ਖ਼ਬਰ, ਮੀਡੀਆ ਮੰਚਾਂ ਦੀਆਂ ਸੁਰਖ਼ੀਆਂ ਦਾ ਹਿੱਸਾ ਨਾ ਬਣੀ ਹੋਵੇ। ਇਹ ਮੰਦਭਾਗੀ ਸਥਿਤੀ ਹੈ।

(ਬਾਕੀ ਸਫ਼ਾ 27 'ਤੇ)

# ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤਾ ਟੁੱਟਣ ਕਾਰਨ ਚਲੀਆਂ ਜਾਣਗੀਆਂ 1 ਲੱਖ ਕੈਨੇਡੀਅਨ ਨੌਕਰੀਆਂ



ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤੇ ਦਾ ਭਵਿੱਖ ਹੁਣ ਸਿਰਫ਼ ਵਪਾਰਕ ਮੁੱਦਾ ਨਹੀਂ ਰਿਹਾ, ਸਗੋਂ ਹਜ਼ਾਰਾਂ ਕੈਨੇਡੀਅਨ ਕਾਮਿਆਂ ਦੀ ਰੋਜ਼ੀ-ਰੋਟੀ ਨਾਲ ਜੁੜਿਆ ਸਵਾਲ ਬਣ ਗਿਆ ਹੈ। 'ਕੈਨੇਡੀਅਨ ਅਮਰੀਕਨ ਬਿਜ਼ਨਸ ਕੌਂਸਲ' ਲਈ ਆਕਸਫੋਰਡ ਇਕਨਾਮਿਕਸ ਦੀ ਤਾਜ਼ਾ ਰਿਪੋਰਟ ਅਨੁਸਾਰ, ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤਾ ਟੁੱਟਣ ਦੀ ਸੂਰਤ ਵਿੱਚ ਕੈਨੇਡਾ ਨੂੰ 1,02,000 ਨੌਕਰੀਆਂ ਦਾ ਨੁਕਸਾਨ ਹੋ ਸਕਦਾ ਹੈ, ਜਦਕਿ ਦੋਵਾਂ ਦੇਸ਼ਾਂ ਵਿੱਚ ਕਰੀਬ 2,14,000 ਨੌਕਰੀਆਂ ਪ੍ਰਭਾਵਿਤ ਹੋਣ ਦਾ ਅੰਦਾਜ਼ਾ ਹੈ।

ਸਭ ਤੋਂ ਵੱਡੀ ਚਿੰਤਾ ਉਨ੍ਹਾਂ ਉਦਯੋਗਾਂ ਨੂੰ ਲੈ ਕੇ ਹੈ ਜਿਨ੍ਹਾਂ ਦੀਆਂ ਸਪਲਾਈ ਚੇਨਾਂ ਦਹਾਕਿਆਂ ਤੋਂ ਸਰਹੱਦ ਪਾਰ ਵਪਾਰ ਨਾਲ ਜੁੜੀਆਂ ਹਨ। ਆਟੋਮੋਬਾਇਲ, ਧਾਤੂ, ਮਸ਼ੀਨਰੀ, ਇਲੈਕਟ੍ਰੋਨਿਕਸ, ਕੈਮੀਕਲ ਅਤੇ ਲੱਕੜ-ਕਾਗ਼ਜ਼ ਉਦਯੋਗਾਂ ਉੱਤੇ ਇਸ ਦਾ ਸਿੱਧਾ ਅਸਰ ਪੈ ਸਕਦਾ ਹੈ। ਓਨਟਾਰੀਓ, ਕਿਊਬਿਕ, ਮੈਨੀਟੋਬਾ ਅਤੇ ਨਿਊ ਬ੍ਰੰਜ਼ਵਿਕ ਸਭ ਤੋਂ ਵੱਧ ਪ੍ਰਭਾਵਿਤ ਸੂਬਿਆਂ ਵਿੱਚ ਸ਼ਾਮਲ ਹਨ।

ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 19 ਅਗਸਤ ਤੋਂ ਕੈਨੇਡੀਅਨ ਵਸਤੂਆਂ ਉੱਤੇ ਨਵੇਂ 50 ਫ਼ੀਸਦੀ ਟੈਰਿਫ਼ ਦੀ ਧਮਕੀ ਨੇ ਓਟਾਵਾ ਲਈ ਸਮਾਂ ਹੋਰ ਘੱਟ ਕਰ ਦਿੱਤਾ ਹੈ।

ਕੰਜ਼ਰਵੇਟਿਵ ਆਗੂ ਪਿਏਰੇ ਪੋਇਲਿਵਰੇ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਸਰਕਾਰ ਨੂੰ ਅਮਰੀਕੀ ਮੰਗਾਂ ਅੱਗੇ 'ਹੋਰ ਨਾ ਝੁਕਣ' ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਓਟਾਵਾ ਪਹਿਲਾਂ ਹੀ ਕਈ ਮਾਮਲਿਆਂ ਵਿੱਚ ਰਿਆਇਤਾਂ ਦੇ ਚੁੱਕਾ ਹੈ। ਪੋਇਲਿਵਰੇ ਨੇ ਕੈਨੇਡੀਅਨ ਸਟੀਲ, ਐਲੂਮੀਨੀਅਮ, ਲੱਕੜ ਅਤੇ ਆਟੋ ਸੈਕਟਰ ਲਈ ਜ਼ੀਰੋ-ਟੈਰਿਫ਼ ਪਹੁੰਚ ਅਤੇ 'ਬਾਏ ਅਮਰੀਕਨ' ਨਿਯਮਾਂ ਤੋਂ ਕੈਨੇਡਾ ਨੂੰ ਛੋਟ ਦੀ ਮੰਗ ਕੀਤੀ ਹੈ।

ਸਰਕਾਰ ਲਈ ਚੁਣੌਤੀ ਦੋਹਰੀ ਹੈ—ਇੱਕ ਪਾਸੇ ਅਮਰੀਕੀ ਬਾਜ਼ਾਰ ਤੱਕ ਪਹੁੰਚ ਬਚਾਉਣੀ ਅਤੇ ਦੂਜੇ ਪਾਸੇ ਅਜਿਹੀਆਂ ਰਿਆਇਤਾਂ ਤੋਂ ਬਚਣਾ ਹੈ ਜੋ ਲੰਮੇ ਸਮੇਂ ਵਿੱਚ ਕੈਨੇਡੀਅਨ ਉਦਯੋਗ ਅਤੇ ਕਾਮਿਆਂ ਨੂੰ ਕਮਜ਼ੋਰ ਕਰ ਸਕਦੀਆਂ ਹਨ।

ਆਕਸਫੋਰਡ ਇਕਨਾਮਿਕਸ ਦਾ ਅੰਦਾਜ਼ਾ ਹੈ ਕਿ ਜੇ ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤੇ ਨੂੰ ਕਾਇਮ ਰੱਖਣ ਅਤੇ ਵਪਾਰਕ ਰੁਕਾਵਟਾਂ ਘਟਾਉਣ ਵਿੱਚ ਸਫ਼ਲਤਾ ਮਿਲਦੀ ਹੈ ਤਾਂ ਕੈਨੇਡਾ ਵਿੱਚ ਕਰੀਬ 98,000 ਨਵੀਆਂ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਇਸ ਲਈ ਆਉਣ ਵਾਲੇ ਦਿਨਾਂ ਦੀ ਵਾਰਤਾ ਕੈਨੇਡਾ ਦੀ ਅਰਥਵਿਵਸਥਾ ਲਈ ਨਿਰਣਾਇਕ ਸਾਬਤ ਹੋ ਸਕਦੀ ਹੈ।

# ਸਿਆਸੀ ਆਗੂਆਂ ’ਤੇ ਹਮਲੇ, ਖ਼ਤਰਨਾਕ ਰੁਝਾਨ

## ਸਹੀ ਨਹੀਂ ਹੈ ਧਾਰਮਿਕ ਸਥਾਨਾਂ ’ਤੇ ਹਿੰਸਕ ਕਾਰਵਾਈਆਂ ਕਰਨਾ

## ਸੁਖਬੀਰ ਬਾਦਲ ’ਤੇ ਜਾਨਲੇਵਾ ਹਮਲੇ ਨੇ ਖੜ੍ਹੇ ਕੀਤੇ ਵੱਡੇ ਸਵਾਲ

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ ਪਵਿੱਤਰ ਧਰਤੀ ’ਤੇ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਨੇੜੇ ਲੰਘੇ ਦਿਨੀਂ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ’ਤੇ ਨਿਹੰਗ ਬਾਣੇ ਵਿੱਚ ਆਏ ਇੱਕ ਵਿਅਕਤੀ ਵੱਲੋਂ ਕੀਤਾ ਗਿਆ ਜਾਨਲੇਵਾ ਹਮਲਾ ਆਪਣੇ ਪਿੱਛੇ ਵੱਡੇ ਸਵਾਲ ਛੱਡ ਗਿਆ ਹੈ। ਸੁਖਬੀਰ ਬਾਦਲ ਉੱਪਰ ਪਿਛਲੇ ਦੋ ਸਾਲਾਂ ਵਿੱਚ ਕੀਤਾ ਗਿਆ ਇਹ ਦੂਜਾ ਹਮਲਾ ਹੈ। ਧਾਰਮਿਕ ਸਥਾਨਾਂ ’ਤੇ ਇੱਕੋ ਹੀ ਸਿਆਸੀ ਆਗੂ ਉੱਪਰ ਦੋ ਵਾਰ ਹਮਲਾ ਹੋਣਾ ਸਾਧਾਰਨ ਗੱਲ ਨਹੀਂ ਸਗੋਂ ਇਹ ਹਮਲੇ ਡੂੰਘੇ ਅਰਥ ਰੱਖਦੇ ਹਨ। ਸੁਖਬੀਰ ਬਾਦਲ ਸਿਰਫ਼ ਸਿਆਸੀ ਆਗੂ ਹੀ ਨਹੀਂ ਸਗੋਂ ਪੰਥਕ ਆਗੂ ਵੀ ਹਨ। ਪੰਜਾਬ ਦੀ ਪੰਥਕ ਸਿਆਸਤ ਵਿੱਚ ਉਹਨਾਂ ਦਾ ਉੱਘਾ ਨਾਂਅ ਹੈ। ਉਹ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਗਵਾਈ ਕਰ ਰਹੇ ਹਨ, ਜਿਸ ਨੂੰ ਲੰਬਾ ਸਮਾਂ ਪੰਜਾਬ ਦੀ ਮੁੱਖ ‘ਪੰਥਕ ਜਥੇਬੰਦੀ’ ਹੋਣ ਦਾ ਮਾਣ ਪ੍ਰਾਪਤ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ ਅਤੇ ਇਹ ਪਾਰਟੀ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਹੈ।

ਜੇ ਹੁਣ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਅੱਜ ਦੇ ਪੰਜਾਬ ਦਾ ਸਮਾਜ ਆਪਣਾ ਰੂਪ ਬਦਲ ਰਿਹਾ ਹੈ, ਪਰ ਇਸ ਬਦਲਾਅ ਨੂੰ ਸਿਹਤਮੰਦ ਨਹੀਂ ਕਿਹਾ ਜਾ ਸਕਦਾ। ਇੱਕ ਪਾਸੇ ਉੱਚ ਸਿੱਖਿਆ, ਵਿਦੇਸ਼ੀ ਪਰਵਾਸ, ਸੋਸ਼ਲ ਮੀਡੀਆ ਅਤੇ ਆਧੁਨਿਕਤਾ ਹੈ, ਦੂਜੇ ਪਾਸੇ ਬੇਰੁਜ਼ਗਾਰੀ, ਨਸ਼ੇ, ਖੇਤੀ ਦਾ ਸੰਕਟ, ਵੱਧਦਾ ਕਰਜ਼ਾ ਅਤੇ ਇੱਕ ਗਹਿਰੀ ਅਸੰਤੁਸ਼ਟੀ ਹੈ। ਇਸ ਸਮੇਂ ਪੰਜਾਬ ਦੇ ਨੌਜਵਾਨਾਂ ਵਿੱਚ ਇੱਕ ਅਜੀਬ ਤਰ੍ਹਾਂ ਦਾ ਗੁੱਸਾ ਉੱਠ ਰਿਹਾ ਹੈ। ਉਹ ਮਹਿਸੂਸ ਕਰ ਰਹੇ ਹਨ ਕਿ ‘ਸਿਸਟਮ’ ਉਹਨਾਂ ਨਾਲ ਇਨਸਾਫ਼ ਨਹੀਂ ਕਰ ਰਿਹਾ। ਪੰਜਾਬ ਵਿੱਚ ਪੰਜਾਬੀਆਂ ਨੂੰ ਰੁਜ਼ਗਾਰ ਘੱਟ ਮਿਲ ਰਿਹਾ ਹੈ, ਜਦੋਂ ਕਿ ਦੂਜੇ ਸੂਬਿਆਂ ਦੇ ਲੋਕ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਅਤੇ ਹੋਰ ਕੰਮ ਧੰਦੇ ਸਫ਼ਲਤਾ ਨਾਲ ਕਰ ਰਹੇ ਹਨ, ਖੇਤੀ ਲਾਹੇਵੰਦ ਨਹੀਂ ਰਹੀ ਅਤੇ ਸਿਆਸਤ ਵਿੱਚ ਨੌਜਵਾਨਾਂ ਨੂੰ ਆਪਣੀ ਆਵਾਜ਼ ਨਹੀਂ ਲੱਭ ਰਹੀ। ਅੱਜ ਇਸ ਨਿਰਾਸ਼ਾ ਨੂੰ ਜਦੋਂ ਧਾਰਮਿਕ ਪਛਾਣ, ਇਤਿਹਾਸਿਕ ਯਾਦਾਂ ਅਤੇ ਸਿਆਸੀ ਧਰੁਵੀਕਰਨ ਨਾਲ ਜੋੜਿਆ ਜਾਂਦਾ ਹੈ ਤਾਂ ਇਹ ਗੁੱਸਾ ਹਿੰਸਾ ਦਾ ਰੂਪ ਧਾਰਨ ਕਰ ਲੈਂਦਾ ਹੈ। ਪਿਛਲੇ ਸਮੇਂ ਦੌਰਾਨ ਵੱਖ- ਵੱਖ ਇਲਾਕਿਆਂ ਵਿੱਚ ਨਿਹੰਗ ਸਿੰਘਾਂ ਅਤੇ ਹੋਰਨਾਂ ਲੋਕਾਂ ਵਿਚਾਲੇ ਹੋਈਆਂ ਝੜਪਾਂ ਪੰਜਾਬੀ ਨੌਜਵਾਨਾਂ ਦੇ ਇਸ ਗੁੱਸੇ ਨੂੰ ਪ੍ਰਗਟਾਉਂਦੀਆਂ ਹਨ। ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਹੋਰ ਸੂਬਿਆਂ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਨਾਲ ਧੱਕਾ ਅਤੇ ਕੁੱਟਮਾਰ ਦੀਆਂ ਘਟਨਾਵਾਂ ਤੋਂ ਬਾਅਦ ਉੱਥੇ ਜਾ ਕੇ ਨਿਹੰਗ ਸਿੰਘਾਂ ਵੱਲੋਂ ਬਦਲਾ ਲੈਣ ਦੀਆਂ ਕਾਰਵਾਈਆਂ ਕਰਨ ਦਾ ਯਤਨ ਕਰਨਾ ਇਸ ਗੱਲ ਨੂੰ ਪ੍ਰਗਟਾਉਂਦਾ ਹੈ ਕਿ ਹੁਣ ਪੰਜਾਬ ਦੇ ਨੌਜਵਾਨ ਹਰ ਧੱਕੇਸ਼ਾਹੀ ਅਤੇ ਹਰ ਗੱਲ ਦਾ ਜਵਾਬ ਹਿੰਸਾ ਨਾਲ ਦੇਣ ਦਾ ਯਤਨ ਕਰਦੇ ਹਨ। ਸੁਖਬੀਰ ਬਾਦਲ ’ਤੇ ਨੰਦੇੜ ਸਾਹਿਬ ਵਿਖੇ ਕੀਤਾ ਗਿਆ ਹਮਲਾ ਵੀ ਪੰਜਾਬ ਦੇ ਨੌਜਵਾਨਾਂ ਦੇ ਇਸ ਗੁੱਸੇ ਦਾ ਪ੍ਰਤੀਕ ਹੈ।

ਪੰਜਾਬੀ ਨੌਜਵਾਨਾਂ ਦਾ ਇਹ ਗੁੱਸਾ ਸਿਰਫ਼ ਸਿਆਸੀ ਨਹੀਂ ਹੈ, ਸਗੋਂ ਮਨੋਵਿਗਿਆਨਕ ਵੀ ਹੈ। ਇੱਕ ਪਾਸੇ ਪੰਜਾਬੀ ਨੌਜਵਾਨ ਆਪਣੀ ਵੀਰਤਾ, ਬਹਾਦਰੀ ਅਤੇ ਸ਼ਹੀਦੀ ਗਾਥਾਵਾਂ ’ਤੇ ਮਾਣ ਮਹਿਸੂਸ ਕਰਦੇ ਹਨ, ਦੂਜੇ ਪਾਸੇ ਉਹਨਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਹਨਾਂ ਦੀ ਆਵਾਜ਼ ਨੂੰ ਹਰ ਤਰੀਕੇ ਨਾਲ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਜਦੋਂ ਪੰਥ ਦੇ ਸਿਰਮੌਰ ਪੰਥਕ ਆਗੂਆਂ ਵੱਲੋਂ ਇੱਕ ਸਿਆਸੀ ਧਿਰ ਨੂੰ ‘ਪੰਥ ਦੇ ਰਾਖੇ’ ਅਤੇ ‘ਸੱਚਾ ਸਿੱਖ’ ਜਦੋਂਕਿ ਦੂਜੀ ਸਿਆਸੀ ਧਿਰ ਨੂੰ ‘ਗੱਦਾਰ’ ਕਿਹਾ ਜਾਂਦਾ ਹੈ ਤਾਂ ਨੌਜਵਾਨਾਂ ਵਿੱਚ ਗੁੱਸਾ ਫੁੱਟ ਪੈਣਾ ਸੁਭਾਵਿਕ ਹੈ। ਗੁੱਸੇ ਵਿੱਚ ਆ ਕੇ ਨੌਜਵਾਨ ਹਿੰਸਾ ਦਾ ਰਸਤਾ ਚੁਣਦੇ ਹਨ। ਪੰਜਾਬ ਵਿੱਚ ਲੰਬਾ ਸਮਾਂ ਰਿਹਾ ‘ਕਾਲੇ ਦੌਰ’ ਦਾ ਵੱਡਾ ਕਾਰਨ ਨੌਜਵਾਨਾਂ ਵਿੱਚ ਫੈਲਿਆ ਗੁੱਸਾ ਹੀ ਸੀ। ਹੁਣ ਇੱਕ ਵਾਰ ਫੇਰ ਅੱਸੀ ਅਤੇ ਨੱਬੇ ਦੇ ਦਹਾਕਿਆਂ ਵਾਲੇ ਹਾਲਾਤ ਬਣਦੇ ਜਾ ਰਹੇ ਹਨ ਅਤੇ ਨੌਜਵਾਨਾਂ ਵਿੱਚ ਪਹਿਲਾਂ ਵਾਂਗ ਸਿਸਟਮ ਦੇ ਖ਼ਿਲਾਫ਼ ਮੁੜ ਗੁੱਸਾ ਫੈਲ ਰਿਹਾ ਹੈ।

ਕੁਝ ਸਿਆਸੀ ਮਾਹਿਰ ਕਹਿੰਦੇ ਹਨ ਕਿ ਪੰਜਾਬ ਵਿੱਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ ਅਤੇ ਦੋ ਸਿੱਖ ਨੌਜਵਾਨ ਪੰਜਾਬ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਸਨ, ਤਾਂ ਉਸ ਸਮੇਂ ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਰਾਜ ਕਰ ਰਹੀ ਸੀ ਅਤੇ ਸੁਖਬੀਰ ਬਾਦਲ ਉਸ ਸਮੇਂ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸਨ। ਕੁੱਝ ਪੰਥਕ ਆਗੂ ਖਾਸ ਕਰਕੇ ਸੁਖਬੀਰ ਬਾਦਲ ਦੇ ਵਿਰੋਧੀ ਆਗੂ ਵਾਰ ਵਾਰ ਬੇਅਦਬੀਆਂ ਅਤੇ ਸ਼ਹੀਦ ਸਿੱਖ ਨੌਜਵਾਨਾਂ ਲਈ ਸੁਖਬੀਰ ਬਾਦਲ ਨੂੰ ਕਸੂਰਵਾਰ ਠਹਿਰਾਉਂਦੇ ਹਨ, ਜਦੋਂ ਕਿ ਕਿਸੇ ਵੀ ਅਦਾਲਤ ਵੱਲੋਂ ਸੁਖਬੀਰ ਬਾਦਲ ਨੂੰ ਇਨ੍ਹਾਂ ਮਾਮਲਿਆਂ ਵਿੱਚ ਅਜੇ ਤੱਕ ਦੋਸ਼ੀ ਨਹੀਂ ਠਹਿਰਾਇਆ ਗਿਆ

> ਧਾਰਮਿਕ ਸਥਾਨ ਸ਼ਰਧਾ ਅਤੇ ਆਸਥਾ ਦਾ ਕੇਂਦਰ ਹਨ, ਉਥੇ ਕੀਤੀ ਜਾਂਦੀ ਹਿੰਸਾ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ। ਸਿੱਖ ਧਰਮ ਸੇਵਾ, ਹਿੰਮਤ ਅਤੇ ਸ਼ਾਂਤੀ ਦਾ ਪ੍ਰਤੀਕ ਹੈ, ਹਿੰਸਾ ਦਾ ਨਹੀਂ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇੱਕ ਹੈ, ਜਿੱਥੇ ਲੱਖਾਂ ਸਿੱਖ ਸ਼ਰਧਾ ਨਾਲ ਨਤਮਸਤਕ ਹੁੰਦੇ ਹਨ। ਇਸ ਧਰਤੀ ’ਤੇ ਹਮਲਾ ਹੋਣਾ ਨਾ ਸਿਰਫ਼ ਕਾਨੂੰਨੀ ਅਪਰਾਧ ਹੈ, ਸਗੋਂ ਧਾਰਮਿਕ ਸੰਸਕਾਰਾਂ ਦੀ ਉਲੰਘਣਾ ਵੀ ਹੈ। ਸ੍ਰੀ ਨੰਦੇੜ ਸਾਹਿਬ ਵਿਖੇ ਜਿਸ ਨਿਹੰਗ ਵਿਅਕਤੀ ਨੇ ਸੁਖਬੀਰ ਬਾਦਲ ’ਤੇ ਹਮਲਾ ਕੀਤਾ ਹੈ, ਉਹ ਨਿਹੰਗ ਕਾਫ਼ੀ ਪੜ੍ਹਿਆ ਲਿਖਿਆ ਅਤੇ ਵਕੀਲ ਹੈ, ਜਿਸ ਕਰਕੇ ਅਜਿਹੇ ਪੜ੍ਹੇ ਲਿਖੇ ਅਤੇ ਅੱਧਖੜ ਉਮਰ ਦੇ ਵਿਅਕਤੀ ਨੂੰ ਕੋਈ ਵੀ ਸ਼ਕਤੀ ਛੇਤੀ ਕੀਤੇ ਵਰਗਲਾਅ ਨਹੀਂ ਸਕਦੀ। ਇਸ ਵੇਲੇ ਉਨ੍ਹਾਂ ਕਾਰਨਾਂ ਦਾ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਕਰਕੇ ਸੁਖਬੀਰ ਬਾਦਲ ’ਤੇ ਵਾਰ ਵਾਰ ਹਮਲੇ ਹੋ ਰਹੇ ਹਨ।

ਸੁਖਬੀਰ ਬਾਦਲ ’ਤੇ ਹਮਲੇ ਨੂੰ ਕੁਝ ਲੋਕ ਸਿਆਸੀ ਵਿਰੋਧ ਤੇ ਅੰਦਰੂਨੀ ਵੈਰ ਦਾ ਨਤੀਜਾ ਵੀ ਕਹਿ ਰਹੇ ਹਨ। ਕੁਝ ਇਸ ਨੂੰ ਉਸ ਗੁੱਸੇ ਨਾਲ ਜੋੜਨ ਦਾ ਯਤਨ ਕਰ ਰਹੇ ਹਨ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਅਤੇ ਬਾਦਲ ਪਰਿਵਾਰ ਦੀ ਰਾਜਨੀਤਿਕ ਵਿਰਾਸਤ ਨਾਲ ਜੁੜਿਆ ਹੋਇਆ ਹੈ। ਇਹ ਹਮਲਾ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਮਾਹੌਲ ਨੂੰ ਹੋਰ ਤਣਾਅਪੂਰਨ ਬਣਾ ਸਕਦਾ ਹੈ। ਇਸ ਹਮਲੇ ਤੋਂ ਕੁਝ ਸਿਆਸੀ ਪਾਰਟੀਆਂ ਸਿਆਸੀ ਲਾਹਾ ਲੈਣ ਦਾ ਯਤਨ ਵੀ ਕਰਨਗੀਆਂ।

ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਬਹੁਤ ਸਾਰੇ ਸਿਆਸੀ ਆਗੂਆਂ ’ਤੇ ਹਮਲੇ ਹੋ ਚੁੱਕੇ ਹਨ। 31 ਅਗਸਤ 1995 ਨੂੰ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਦਾ ਦਿਨ ਦਿਹਾੜੇ ਸਖ਼ਤ ਸੁਰੱਖਿਆ ਪਹਿਰੇ ਦੌਰਾਨ ਵੀ ਕਤਲ ਕਰ ਦਿੱਤਾ ਗਿਆ ਸੀ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਜਦੋਂ ਮੁੱਖ ਮੰਤਰੀ ਸਨ, ਤਾਂ ਇੱਕ ਰੈਲੀ ਦੌਰਾਨ ਇੱਕ ਵਿਅਕਤੀ ਵੱਲੋਂ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਸੁੱਟ ਦਿੱਤੀ ਗਈ ਸੀ। ਹੁਣ ਸੁਖਬੀਰ ਬਾਦਲ ਉੱਪਰ ਹੋਏ ਹਮਲੇ ਨੇ ਸਿਆਸੀ ਆਗੂਆਂ ’ਤੇ ਹੋ ਰਹੇ ਹਮਲਿਆਂ ਦਾ ਮੁੱਦਾ ਮੁੜ ਭਖਾ ਦਿੱਤਾ ਹੈ। ਪੰਜਾਬ ਦੇ ਸਿਆਸੀ ਆਗੂਆਂ ’ਤੇ ਹੋ ਰਹੇ ਹਮਲਿਆਂ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ। ਇਹ ਠੀਕ ਹੈ ਕਿ ਪੰਜਾਬੀ ਨੌਜਵਾਨਾਂ ਦਾ ਗੁੱਸਾ ਆਪਣੀ ਥਾਂ ਜਾਇਜ਼ ਹੈ, ਪਰ ਉਹਨਾਂ ਨੂੰ ਹਿੰਸਾ ਦਾ ਰਸਤਾ ਨਹੀਂ ਅਪਣਾਉਣਾ ਚਾਹੀਦਾ ਅਤੇ ਹਰ ਮਸਲੇ ਦਾ ਹੱਲ ਦੁਵੱਲੀ ਗੱਲਬਾਤ ਰਾਹੀਂ ਕੱਢਣਾ ਚਾਹੀਦਾ ਹੈ। ਗੱਲਬਾਤ ਰਾਹੀਂ ਵੱਡੀਆਂ ਜੰਗਾਂ ਦੇ ਮਸਲੇ ਵੀ ਹੱਲ ਹੋ ਜਾਂਦੇ ਹਨ। ਇਸ ਲਈ ਨੌਜਵਾਨਾਂ ਅਤੇ ਸਿਆਸੀ ਆਗੂਆਂ ਦੇ ਵਿਰੋਧੀਆਂ ਨੂੰ ਹਿੰਸਾ ਦਾ ਰਾਹ ਅਪਨਾਉਣ ਦੀ ਥਾਂ ਗੱਲਬਾਤ ਦੀ ਟੇਬਲ ’ਤੇ ਆਉਣਾ ਚਾਹੀਦਾ ਹੈ ਅਤੇ ਆਪਣਾ ਪੱਖ ਸਹੀ ਤਰੀਕੇ ਨਾਲ ਰੱਖਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਅਮਨ-ਸ਼ਾਂਤੀ ਨੂੰ ਕੋਈ ਖਤਰਾ ਨਾ ਪੈਦਾ ਹੋ ਸਕੇ। ਪੰਜਾਬੀਆਂ ਦੇ ਖਾੜਕੂਵਾਦ ਸਮੇਂ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ, ਇਸ ਲਈ ਇਨ੍ਹਾਂ ਜ਼ਖ਼ਮਾਂ ਨੂੰ ਮੁੜ ਕੁਰੇਦਨ ਦੀ ਥਾਂ ਇਨ੍ਹਾਂ ’ਤੇ ਮਲ੍ਹੱਮ ਲਗਾਉਣ ਦੇ ਯਤਨ ਕਰਨੇ ਚਾਹੀਦੇ ਹਨ।

# ਧੂਰੀ ਤੋਂ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਚੋਣ ਲੜਨ ਦੀ ਤਿਆਰੀ ਵਿੱਚ ਸਾਂਸਦ ਅੰਮ੍ਰਿਤਪਾਲ ਸਿੰਘ

## ਬੇਹੱਦ ਰੋਮਾਂਚਕ ਅਤੇ ਬਹੁ-ਕੋਣੀ ਹੋ ਜਾਵੇਗਾ ਧੂਰੀ ਦਾ ਚੋਣ ਮੁਕਾਬਲਾ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੀ ਸਿਆਸਤ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਨਵੇਂ ਸਿਆਸੀ ਸਮੀਕਰਨ ਬਣਨੇ ਸ਼ੁਰੂ ਹੋ ਗਏ ਹਨ। ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਧੂਰੀ ਤੋਂ ਸਿੱਧੀ ਚੋਣ ਲੜਨ ਦੀ ਸੰਭਾਵਨਾ ’ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਜੇਕਰ ਇਸ ਸਿਆਸੀ ਰਣਨੀਤੀ ਨੂੰ ਅੰਤਿਮ ਰੂਪ ਮਿਲਦਾ ਹੈ ਤਾਂ ਧੂਰੀ ਵਿਧਾਨ ਸਭਾ ਹਲਕਾ ਸੂਬੇ ਦੇ ਸਭ ਤੋਂ ਵੱਡੇ ਅਤੇ ਦਿਲਚਸਪ ਸਿਆਸੀ ਮੁਕਾਬਲੇ ਦਾ ਗਵਾਹ ਬਣੇਗਾ, ਜਿਸ ਨਾਲ ਇਹ ਸੀਟ ਪੰਜਾਬ ਦੀ ਸਭ ਤੋਂ ਹੌਟ ਸੀਟ ਵਿੱਚ ਤਬਦੀਲ ਹੋ ਸਕਦੀ ਹੈ।

ਸਿਆਸੀ ਹਲਕਿਆਂ ਅਤੇ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਸਿੰਘ ਦੇ ਨਜ਼ਦੀਕੀ ਸਾਥੀ, ਪਰਿਵਾਰਕ ਮੈਂਬਰ ਅਤੇ ਸਹਿਯੋਗੀ ਇਸ ਵਿਸ਼ੇ ’ਤੇ ਡੂੰਘਾਈ ਨਾਲ ਮੰਥਨ ਕਰ ਰਹੇ ਹਨ ਕਿ ਮੁੱਖ ਮੰਤਰੀ ਦੇ ਆਪਣੇ ਗ੍ਰਹਿ ਜ਼ਿਲ੍ਹੇ ਸੰਗਰੂਰ ਦੇ ਹਲਕਾ ਧੂਰੀ ਤੋਂ ਹੀ ਉਨ੍ਹਾਂ ਨੂੰ ਸਿੱਧੀ ਚੁਣੌਤੀ ਦਿੱਤੀ ਜਾਵੇ। ਇਸ ਕਦਮ ਪਿੱਛੇ ਮੁੱਖ ਮਕਸਦ ਸੂਬੇ ਦੇ ਸਿਆਸੀ ਦ੍ਰਿਸ਼ ਵਿੱਚ ਸਿੱਧੀ ਟੱਕਰ ਦਿਖਾਉਣਾ ਅਤੇ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਕੇਂਦਰਿਤ ਕਰਨਾ ਦੱਸਿਆ ਜਾ ਰਿਹਾ ਹੈ।

ਵਰਨਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੁੰਦਿਆਂ ਹੀ ਆਜ਼ਾਦ ਉਮੀਦਵਾਰ ਵਜੋਂ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਵੱਡੇ ਫ਼ਰਕ ਨਾਲ ਜਿੱਤ ਦਰਜ ਕੀਤੀ ਸੀ। ਉਸ ਜਿੱਤ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਅਤੇ ਪੰਥਕ ਧਿਰਾਂ ਵੱਲੋਂ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਮਜ਼ਬੂਤ ਹਾਜ਼ਰੀ ਦਰਜ ਕਰਵਾਉਣ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਧੂਰੀ ਹਲਕੇ ਤੋਂ ਵੱਡੀ ਲੀਡ ਹਾਸਲ ਕਰਕੇ ਇਤਿਹਾਸਕ ਜਿੱਤ ਦਰਜ ਕੀਤੀ ਸੀ ਅਤੇ ਇਹ ਹਲਕਾ ਆਮ ਆਦਮੀ ਪਾਰਟੀ ਦਾ ਇੱਕ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਧੂਰੀ ਤੋਂ ਖ਼ੁਦ ਚੋਣ ਮੈਦਾਨ ਵਿੱਚ ਨਿੱਤਰਦੇ ਹਨ ਜਾਂ ਆਪਣੀ ਅਗਵਾਈ ਹੇਠ ਕਿਸੇ ਪ੍ਰਮੁੱਖ ਚਿਹਰੇ ਨੂੰ ਉਤਾਰਦੇ ਹਨ, ਤਾਂ ਇੱਥੇ ਮੁਕਾਬਲਾ ਬੇਹੱਦ ਰੋਮਾਂਚਕ ਅਤੇ ਬਹੁ-ਕੋਣੀ ਹੋ ਜਾਵੇਗਾ। (ਬਾਕੀ ਸਫ਼ਾ 26 ’ਤੇ)

# ਮਿਲਕਫੈੱਡ ’ਚ 500 ਕਰੋੜ ਦੇ ‘ਬੀਜ ਅਤੇ ਸਬਸਿਡੀ ਘੁਟਾਲੇ’ ਮਾਮਲੇ ’ਚ ਹਾਈ ਕੋਰਟ ਵੱਲੋਂ ਨੋਟਿਸ ਜਾਰੀ

## ਮਾਮਲੇ ’ਤੇ ਅਗਲੀ ਸੁਣਵਾਈ 28 ਸਤੰਬਰ ਨੂੰ ਹੋਵੇਗੀ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਸਹਿਕਾਰਤਾ ਵਿਭਾਗ ਅਤੇ ਮਿਲਕਫੈੱਡ ਵਿੱਚ ਹੋਏ ਕਥਿਤ 500 ਕਰੋੜ ਰੁਪਏ ਦੇ ‘ਬੀਜ ਅਤੇ ਸਬਸਿਡੀ ਘੁਟਾਲੇ’ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਖਲ ਕੀਤੀ ਗਈ ਹੈ। ਪਿਛਲੇ ਦਿਨੀਂ ਇਸ ਮਾਮਲੇ ’ਤੇ ਹਾਈ ਕੋਰਟ ਵਿੱਚ ਸੁਣਵਾਈ ਹੋਈ। ਅਦਾਲਤ ਨੇ ਮਾਮਲੇ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਸਮੇਤ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ ਅਤੇ ਕੇਸ ਦੀ ਅਗਲੀ ਸੁਣਵਾਈ 28 ਸਤੰਬਰ ਲਈ ਨਿਸ਼ਚਿਤ ਕੀਤੀ ਹੈ।

ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਰਾਜ ਦੀਆਂ 6,300 ਤੋਂ ਵੱਧ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਵਿੱਚ ਹਾਈਬ੍ਰਿਡ ਬੀਜਾਂ ਦੀ ਖਰੀਦ ਅਤੇ ਸਬਸਿਡੀ ਵੰਡ ਵਿੱਚ ਜਾਲ੍ਹੀ ਬਿੱਲ, ਗਲਤ ਟੈਂਡਰ ਪ੍ਰਕਿਰਿਆ ਅਤੇ ਮਨੀ ਲਾਂਡਰਿੰਗ ਰਾਹੀਂ ਸਰਕਾਰੀ ਖਜ਼ਾਨੇ ਨੂੰ 500 ਕਰੋੜ ਰੁਪਏ ਤੋਂ ਵੱਧ ਦਾ ਚੂਨਾ ਲਾਇਆ ਗਿਆ ਹੈ। ਪਟੀਸ਼ਨਕਰਤਾਵਾਂ ਨੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਐਫ.ਆਈ.ਆਰ. ਦਰਜ ਨਾ ਕਰਨ ਦਾ ਦੋਸ਼ ਲਾਉਂਦਿਆਂ ਇਸ ਪੂਰੇ ਮਾਮਲੇ ਦੀ ਜਾਂਚ ਕੇਂਦਰੀ ਤਫਤੀਸ਼ੀ ਏਜੰਸੀ ਜਾਂ ਕਿਸੇ ਹੋਰ ਸੁਤੰਤਰ ਏਜੰਸੀ ਤੋਂ ਅਦਾਲਤ ਦੀ ਨਿਗਰਾਨੀ ਹੇਠ ਕਰਵਾਉਣ ਦੀ ਮੰਗ ਕੀਤੀ ਹੈ। ਪਟੀਸ਼ਨ ’ਚ ਦਾਅਵਾ ਕੀਤਾ ਗਿਆ ਹੈ ਕਿ ਇਸ ਵਿਆਪਕ ਸਾਜ਼ਿਸ਼ ਵਿੱਚ ਕਈ ਸੀਨੀਅਰ ਨੇਤਾ ਅਤੇ ਸਰਕਾਰੀ ਅਧਿਕਾਰੀ ਸ਼ਾਮਲ ਹਨ। ਇਸ ਦੇ ਨਾਲ ਹੀ ਵਿਜੀਲੈਂਸ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਹਾਈ ਕੋਰਟ ਦੇ ਨੋਟਿਸ ਤੋਂ ਬਾਅਦ ਹੁਣ ਸਾਰੇ ਪ੍ਰਮੁੱਖ ਜਵਾਬਦੇਹ ਧਿਰਾਂ ਨੂੰ ਅਗਲੀ ਤਰੀਕ (28 ਸਤੰਬਰ) ਤੱਕ ਆਪਣੇ ਜਵਾਬ ਅਦਾਲਤ ਵਿੱਚ ਦਾਖਲ ਕਰਨੇ ਪੈਣਗੇ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ 7500 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਣ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਉੱਚ ਪੱਧਰੀ ਵਫ਼ਦ ਨੇ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਮੁੱਖ ਅਧਿਕਾਰੀ ਜਨਾਬ ਸ਼ਾਇਦ ਅਹਿਮਦ ਵੜੈਚ ਨਾਲ ਮੁਲਾਕਾਤ ਕਰਕੇ ਨਵੰਬਰ ਮਹੀਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਜਾਣ ਵਾਲੇ ਜਥੇ ਲਈ ਸ਼ਰਧਾਲੂਆਂ ਨੂੰ ਖੁੱਲ੍ਹਦਿਲੀ ਨਾਲ ਵੀਜ਼ਾ ਦੇਣ ਲਈ ਆਖਿਆ ਹੈ। ਉਨ੍ਹਾਂ ਹਾਈ ਕਮਿਸ਼ਨਰ ਨੂੰ ਇਸ ਬਾਰੇ ਇਕ ਲਿਖਤੀ ਪੱਤਰ ਵੀ ਸੌਂਪਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ.ਕੇ., ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਮੈਨੇਜਰ ਰਜਿੰਦਰ ਸਿੰਘ ਰੂਬੀ ਵੀ ਹਾਜ਼ਰ ਸਨ।

(ਬਾਕੀ ਸਫ਼ਾ 26 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਹੜ੍ਹ ਅਤੇ ਧਰਤੀ ਹੇਠਲਾ ਪਾਣੀ

ਚੰਡੀਗੜ੍ਹ ਦੇ ਸੈਕਟਰ-17 ਸਥਿਤ ਹਯਾਤ ਸੈਂਟ੍ਰਿਕ ਵਿੱਚ ਭਾਰਤ-ਅਮਰੀਕਾ ਵਿਗਿਆਨਕ ਵਰਕਸ਼ਾਪ ਦੌਰਾਨ ਭਾਰਤ ਅਤੇ ਅਮਰੀਕਾ ਦੇ ਕਰੀਬ 40 ਖੋਜ-ਕਰਤਾ, ਨੀਤੀ ਨਿਰਮਾਤਾ, ਇੰਜੀਨੀਅਰ ਅਤੇ ਭਾਈਚਾਰੇ ਨਾਲ ਜੁੜੇ ਮਾਹਿਰਾਂ ਨੇ ਇਸ ਗੱਲ 'ਤੇ ਗੰਭੀਰ ਮੰਥਨ ਕੀਤਾ ਕਿ ਪੰਜਾਬ ਵਿੱਚ ਹੜ੍ਹਾਂ ਦੌਰਾਨ ਆਉਣ ਵਾਲੇ ਵਾਧੂ ਪਾਣੀ ਨੂੰ ਧਰਤੀ ਹੇਠਾਂ ਪਹੁੰਚਾ ਕੇ ਲਗਾਤਾਰ ਡਿੱਗ ਰਹੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਸੰਭਾਲਣ ਦੀ ਦਿਸ਼ਾ ਵਿੱਚ ਵੱਡੇ ਉਪਰਾਲੇ ਕਿਵੇਂ ਕੀਤੇ ਜਾਣ? 'ਸਮਾਰਟ ਗਰਾਊਂਡ ਵਾਟਰ ਰੀਚਾਰਜ : ਏ ਟ੍ਰਾਂਸਡਿਸਿਪਲਿਨਰੀ ਯੂ.ਐੱਸ.ਏ.-ਇੰਡੀਆ ਫ਼ਰੇਮਵਰਕ' ਨਾਮਕ ਵਰਕਸ਼ਾਪ ਦੀ ਅਗਵਾਈ ਅਮਰੀਕਾ ਦੀ ਓਰੇਗਨ ਸਟੇਟ ਯੂਨੀਵਰਸਿਟੀ ਨੇ ਕੀਤੀ। ਇਸ ਵਿੱਚ ਨੈਸ਼ਨਲ ਇੰਸਟੀਚਿਊਟ ਆਫ਼ ਹਾਈਡਰੋਲੋਜੀ (ਐੱਨ.ਆਈ.ਐੱਚ.), ਰੁੜਕੀ, ਆਈ.ਆਈ.ਟੀ. ਰੁੜਕੀ, ਆਈ.ਆਈ.ਟੀ. ਭੁਵਨੇਸ਼ਵਰ, ਆਈ.ਆਈ.ਟੀ. ਗਾਂਧੀਨਗਰ, ਸੀ.ਡਬਲਿਊ.ਆਰ.ਡੀ.ਐੱਮ. ਕੋਝੀਕੋਡ ਅਤੇ ਐੱਨ.ਆਈ.ਟੀ. ਤਿਰੁਚਿਰਾਪੱਲੀ ਸਮੇਤ ਕਈ ਸੰਸਥਾਵਾਂ ਨੇ ਹਿੱਸਾ ਲਿਆ। ਇਸ ਵਰਕਸ਼ਾਪ ਵਿੱਚ 'ਮੈਨੇਜਡ ਐਕੁਈਫ਼ਰ ਰੀਚਾਰਜ' (ਐੱਮ.ਏ.ਆਰ.) 'ਤੇ ਵਿਸ਼ੇਸ਼ ਚਰਚਾ ਹੋਈ। ਇਸ ਤਕਨੀਕ ਰਾਹੀਂ ਮਾਨਸੂਨ ਅਤੇ ਹੜ੍ਹਾਂ ਦੌਰਾਨ ਮਿਲਣ ਵਾਲੇ ਵਾਧੂ ਪਾਣੀ ਨੂੰ ਡਰਾਈਵੈੱਲ ਵਰਗੀਆਂ ਬਣਤਰਾਂ ਰਾਹੀਂ ਧਰਤੀ ਦੇ ਅੰਦਰ ਪਹੁੰਚਾ ਕੇ ਪਾਣੀ ਦੇ ਭੰਡਾਰਾਂ ਵਿੱਚ ਸੰਭਾਲਿਆ ਜਾਵੇਗਾ। ਲੋੜ ਪੈਣ 'ਤੇ ਇਸ ਪਾਣੀ ਦੀ ਵਰਤੋਂ ਕੀਤੀ ਜਾ ਸਕੇਗੀ। ਇਸ ਨਾਲ ਹੜ੍ਹਾਂ ਦੇ ਪਾਣੀ ਨੂੰ ਸੰਭਾਲਣ ਦੇ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਸੁਧਾਰਨ ਵਿੱਚ ਵੀ ਮਦਦ ਮਿਲਣ ਦੀ ਉਮੀਦ ਹੈ। ਦੋਵੇਂ ਦੇਸ਼ਾਂ ਦੇ ਮਾਹਿਰ ਮਿਲ ਕੇ ਭਵਿੱਖ ਦੀ ਪਾਣੀ ਸੁਰੱਖਿਆ ਲਈ ਹੱਲ ਅਤੇ ਸਾਂਝੇਦਾਰੀ ਤਿਆਰ ਕਰ ਰਹੇ ਹਨ।

ਪੰਜਾਬ ਇਸ ਸਮੇਂ ਦੋਹਰੀ ਮਾਰ ਸਹਿ ਰਿਹਾ ਹੈ। ਇੱਕ ਪਾਸੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋਂ ਦਿਨ ਹੇਠਾਂ ਡਿੱਗਦਾ ਜਾ ਰਿਹਾ ਹੈ ਅਤੇ ਧਰਤੀ ਹੇਠਲੇ ਪਾਣੀ ਦੇ ਖਤਮ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਦੂਜੇ ਪਾਸੇ ਪੰਜਾਬ ਨੂੰ ਹਰ ਸਾਲ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਹੜ੍ਹਾਂ ਕਾਰਨ ਕਰੀਬ ਹਰ ਸਾਲ ਪੰਜਾਬ ਵਿੱਚ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਅਤੇ ਵੱਡੀ ਗਿਣਤੀ ਲੋਕਾਂ ਨੂੰ ਬੇਘਰ ਅਤੇ ਬੇਰੁਜ਼ਗਾਰ ਹੋਣਾ ਪੈਂਦਾ ਹੈ। ਇਹ ਹੜ੍ਹ ਪੰਜਾਬੀਆਂ ਨੂੰ ਲੰਬੇ ਸਮੇਂ ਦੇ ਜ਼ਖ਼ਮ ਦੇ ਜਾਂਦਾ ਹੈ, ਜਦੋਂ ਇਹ ਜ਼ਖ਼ਮ ਭਰਨ ਲੱਗਦੇ ਹਨ ਤਾਂ ਮੁੜ ਹੜ੍ਹ ਆਉਣ ਨਾਲ ਇਹ ਜ਼ਖ਼ਮ ਹੋਰ ਡੂੰਘੇ ਹੋ ਜਾਂਦੇ ਹਨ। ਪੰਜਾਬ ਦੇ ਕਈ ਇਲਾਕੇ ਅਜਿਹੇ ਹਨ, ਜੋ ਕਿ ਹਰ ਸਾਲ ਹੀ ਹੜ੍ਹਾਂ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਦੇ ਹਨ।

ਪੰਜਾਬ ਵਿੱਚ ਲੰਬੇ ਸਮੇਂ ਤੋਂ ਕਈ ਪੱਧਰਾਂ 'ਤੇ ਹੜ੍ਹਾਂ ਦੇ ਪਾਣੀ ਦੀ ਸੰਭਾਲ ਕਰਕੇ ਉਸ ਪਾਣੀ ਨੂੰ ਖੇਤੀ ਲਈ ਵਰਤਣ ਦੀ ਆਵਾਜ਼ ਉੱਠਦੀ ਰਹੀ ਹੈ ਪਰ ਠੋਸ ਰੂਪ ਵਿੱਚ ਕੁਝ ਨਹੀਂ ਸੀ ਹੋਇਆ। ਹੁਣ ਅਮਰੀਕਾ ਅਤੇ ਭਾਰਤ ਦੇ ਵਿਗਿਆਨੀ ਅਤੇ ਹੋਰ ਮਾਹਿਰ ਹੜ੍ਹਾਂ ਦੀ ਸਮੱਸਿਆ ਦੇ ਹੱਲ ਲਈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਸਾਂਝੇ ਉਪਰਾਲੇ ਕਰਨ ਲੱਗੇ ਹਨ ਅਤੇ ਇਹ ਯਤਨ ਕਰ ਰਹੇ ਹਨ ਕਿ ਅਜਿਹੀ ਯੋਜਨਾ ਅਮਲ ਵਿੱਚ ਲਿਆਂਦੀ ਜਾਵੇ, ਜਿਸ ਨਾਲ ਹੜ੍ਹਾਂ ਦਾ ਸਾਰਾ ਪਾਣੀ ਧਰਤੀ ਹੇਠਾਂ ਭੇਜਿਆ ਜਾ ਸਕੇ। ਇਸ ਤਰੀਕੇ ਨਾਲ ਪੰਜਾਬ ਨੂੰ ਹੜ੍ਹਾਂ ਕਾਰਨ ਨੁਕਸਾਨ ਵੀ ਨਹੀਂ ਹੋਵੇਗਾ ਅਤੇ ਧਰਤੀ ਹੇਠਾਂ ਪਾਣੀ ਰਿਚਾਰਜ਼ ਹੋਣ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਉੱਚਾ ਚੁੱਕਿਆ ਜਾਵੇਗਾ। ਇਸ ਤਰ੍ਹਾਂ ਧਰਤੀ ਹੇਠਲੇ ਪਾਣੀ ਦਾ ਖਤਮ ਹੋਣ ਦਾ ਖਤਰਾ ਵੀ ਟਲ ਜਾਵੇਗਾ।

ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਡਿੱਗਣ ਦਾ ਮੁੱਖ ਕਾਰਨ 'ਝੋਨੇ' ਦੀ ਫ਼ਸਲ ਨੂੰ ਮੰਨਿਆ ਜਾਂਦਾ ਹੈ। ਖੇਤੀ ਮਾਹਿਰ ਕਹਿੰਦੇ ਹਨ ਕਿ ਝੋਨੇ ਦੀ ਫ਼ਸਲ ਬਹੁਤ ਪਾਣੀ ਪੀਂਦੀ ਹੈ। ਇਸ ਲਈ ਕਿਸਾਨਾਂ ਨੂੰ ਕਣਕ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਵਿਚੋਂ ਨਿਕਲ ਕੇ ਫ਼ਸਲੀ ਵਿਭਿੰਨਤਾ ਨੂੰ ਅਪਣਾਉਣਾ ਚਾਹੀਦਾ ਹੈ। ਵਿਗਿਆਨੀ ਅਤੇ ਖੇਤੀ ਮਾਹਿਰ ਕਹਿੰਦੇ ਹਨ ਕਿ ਜੇ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਇਸੇ ਤਰ੍ਹਾਂ ਜਾਰੀ ਰਹੀ ਤਾਂ ਪੰਜਾਬ ਦੀ ਧਰਤੀ ਇੱਕ ਦਿਨ ਬੰਜਰ ਹੋ ਜਾਵੇਗੀ ਅਤੇ ਪੰਜਾਬ ਰੇਗਿਸਤਾਨ ਬਣ ਜਾਵੇਗਾ। ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਵਿੱਚ ਬਰਸਾਤ ਅਤੇ ਹੜ੍ਹਾਂ ਦੇ ਪਾਣੀ ਦੀ ਉਚਿਤ ਸੰਭਾਲ ਕੀਤੀ ਜਾਵੇ।

ਹੜ੍ਹਾਂ ਦੇ ਪਾਣੀ ਦੀ ਸੰਭਾਲ ਅਤੇ ਉਸ ਨੂੰ ਧਰਤੀ ਹੇਠਾਂ ਭੇਜਣ ਦੀਆਂ ਗੱਲਾਂ ਕਰਨੀਆਂ ਬਹੁਤ ਸੌਖਾਲੀਆਂ ਹਨ ਪਰ ਅਮਲੀ ਰੂਪ ਵਿੱਚ ਇਸ ਕੰਮ ਨੂੰ ਸੁਚਾਰੂ ਰੂਪ ਵਿੱਚ ਕਰਨਾ ਬਹੁਤ ਮੁਸ਼ਕਿਲ ਅਤੇ ਔਖਾ ਹੈ ਪਰ ਜਦੋਂ ਇਰਾਦੇ ਬੁਲੰਦ ਹੋਣ ਤਾਂ ਹਰ ਅਸੰਭਵ ਕੰਮ ਮੁਮਕਿਨ ਹੋ ਜਾਂਦਾ ਹੈ। ਹੁਣ ਵਿਗਿਆਨੀ ਅਜਿਹੀਆਂ ਵਿਧੀਆਂ ਦੀ ਖੋਜ ਕਰ ਚੁੱਕੇ ਹਨ ਜਿਨ੍ਹਾਂ ਨਾਲ ਹੜ੍ਹਾਂ ਦੇ ਪਾਣੀ ਨੂੰ ਧਰਤੀ ਹੇਠਾਂ ਭੇਜਿਆ ਜਾ ਸਕਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਭਾਰਤ-ਅਮਰੀਕਾ ਵਿਗਿਆਨਕ ਵਰਕਸ਼ਾਪ ਦੌਰਾਨ ਭਾਰਤ ਅਤੇ ਅਮਰੀਕਾ ਦੇ ਵਿਗਿਆਨੀਆਂ ਅਤੇ ਮਾਹਿਰਾਂ ਵੱਲੋਂ ਸੁਝਾਏ ਗਏ ਸੁਝਾਅ ਅਤੇ ਦੱਸੀ ਗਈ ਤਕਨੀਕ ਦੀ ਵਰਤੋਂ ਕਰਕੇ ਪੰਜਾਬ ਵਿੱਚ ਆਉਂਦੇ ਹੜ੍ਹਾਂ ਦੇ ਪਾਣੀ ਨੂੰ ਧਰਤੀ ਹੇਠਾਂ ਭੇਜਣ ਦੀ ਕਾਰਵਾਈ ਤੁਰੰਤ ਸ਼ੁਰੂ ਕਰੇ ਤਾਂ ਕਿ ਪੰਜਾਬ ਦਾ ਹੜ੍ਹਾਂ ਤੋਂ ਵੀ ਬਚਾਓ ਹੋ ਸਕੇ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਉੱਚਾ ਹੋ ਸਕੇ।

# ਏਕਾਧਿਕਾਰਵਾਦੀ ਮੋਦੀ ਰਾਜਨੀਤੀ ਖ਼ਿਲਾਫ਼ ਜਨਤਾ ਦਾ ਸੰਦੇਸ਼



ਦਰਬਾਰਾ ਸਿੰਘ ਕਾਹਲੋਂ



ਸ਼ਾਇਦ ਭਾਰਤ ਦੇ ਰਾਜਨੀਤਿਕ ਪੰਡਤਾਂ ਦੇ ਚਿੱਤ ਚੇਤੇ ਵਿੱਚ ਵੀ ਨਾ ਹੋਵੇ ਕਿ ਬਿਹਾਰ ਪ੍ਰਦੇਸ਼ ਦੇ ਬਾਂਕੀਪੁਰ ਵਿਧਾਨ ਸਭਾ ਉਪ ਚੋਣ ਵਿੱਚ ਜਨ ਸੁਰਾਜ ਪਾਰਟੀ ਦਾ ਸੁਪਰੀਮੋ ਪ੍ਰਸ਼ਾਂਤ ਕਿਸ਼ੋਰ, ਜੋ ਪੂਰੇ ਦੇਸ਼ ਵਿੱਚ ਰਣਨੀਤਕ ਚੋਣਕਾਰ ਵਿਸ਼ੇਸ਼ਗ ਵਜੋਂ ਮਸ਼ਹੂਰ ਹੈ, ਦੇਸ਼ ਦੀ ਕੇਂਦਰੀ ਅਤੇ ਬਿਹਾਰ ਸੱਤਾ ਦੀ ਅਗਵਾਈ ਕਰ ਰਹੀ ਭਾਜਪਾ ਦੇ ਉਮੀਦਵਾਰ ਨੂੰ ਹਰਾ ਦੇਵੇਗਾ। ਵੈਸੇ ਵੀ ਦੇਸ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਬੰਧੀ ਮੋਦੀ ਹੈ ਤੋਂ ਮੁਮਕਿਨ ਹੈ ਅਤੇ ਭਾਜਪਾ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਚਾਣਕੀਯਵਾਦੀ ਚੋਣ ਚੱਕਰਵਿਊ ਨੂੰ ਤੋੜਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਅਜੇ ਨਵੰਬਰ 2025 ਨੂੰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਗੱਠਜੋੜ ਨੇ 243 ਮੈਂਬਰੀ ਵਿਧਾਨ ਸਭਾ ਵਿੱਚ 201 ਸੀਟਾਂ ਜਿੱਤ ਕੇ ਵੱਡੀ ਜਿੱਤ ਪ੍ਰਾਪਤ ਕੀਤੀ ਸੀ।

ਪ੍ਰਸ਼ਾਂਤ ਕਿਸ਼ੋਰ ਦੀ ਅਗਵਾਈ ਵਾਲੀ ਜਨ ਸੁਰਾਜ ਪਾਰਟੀ ਨੇ ਇਨ੍ਹਾਂ ਚੋਣਾਂ ਵਿੱਚ 238 ਉਮੀਦਵਾਰ ਖੜ੍ਹੇ ਕੀਤੇ ਸਨ, ਜੋ ਸਭ ਹਾਰ ਗਏ ਅਤੇ 236 ਉਮੀਦਵਾਰਾਂ ਦੀਆਂ ਜਮਾਨਤਾਂ ਜ਼ਬਤ ਹੋ ਗਈਆਂ। ਇਸ ਪਾਰਟੀ ਨੂੰ ਮਸਾਂ 3.5 ਪ੍ਰਤੀਸ਼ਤ ਵੋਟਾਂ ਹਾਸਲ ਹੋਈਆਂ। ਪ੍ਰਸ਼ਾਂਤ ਕਿਸ਼ੋਰ ਦਾ ਸਾਰੇ ਬਿਹਾਰ ਦਾ ਦੌਰਾ, ਭੂਤ ਵਿੱਚ ਸਨ 2014 ਵਿੱਚ ਸ੍ਰੀ ਨਰਿੰਦਰ ਮੋਦੀ ਅਤੇ ਦੇਸ਼ ਦੇ 12 ਮੁੱਖ ਮੰਤਰੀਆਂ ਦੇ ਚੋਣ ਰਣਨੀਤੀਕਾਰ ਦਾ ਵੱਡਾ ਤਜਰਬਾ ਕੋਈ ਜਲਵਾ ਨਾ ਦਿਖਾ ਸਕਿਆ।

3 ਅਗਸਤ, 2026 ਨੂੰ ਬਿਹਾਰ ਵਿੱਚ ਬਾਂਕੀਪੁਰ, ਮੱਧ ਪ੍ਰਦੇਸ਼ ਵਿੱਚ ਦਾਤੀਆ ਅਤੇ ਗੁਜਰਾਤ ਵਿੱਚ ਮੰਜ਼ਿਲਪੁਰ ਵਿਧਾਨ ਸਭਾ ਹਲਕਿਆਂ ਵਿੱਚ ਭਾਰਤੀ ਚੋਣ ਕਮਿਸ਼ਨ ਵੱਲੋਂ ਉਪ ਚੋਣਾਂ ਕਰਵਾਈਆਂ ਗਈਆਂ। ਗੁਜਰਾਤ ਦੇ ਮੰਜ਼ਿਲਪੁਰ ਵਿਧਾਨ ਸਭਾ ਹਲਕੇ ਵਿੱਚ ਭਾਜਪਾ ਦੇ ਉਮੀਦਵਾਰ ਸਤੀਸ਼ ਕੁਮਾਰ ਨੇ ਕਾਂਗਰਸ ਦੇ ਉਮੀਦਵਾਰ ਭਿਖਾ ਭਾਈ ਰਬਾਰੀ ਨੂੰ 30 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਮੱਧ ਪ੍ਰਦੇਸ਼ ਵਿੱਚ ਦਾਤੀਆ ਵਿਧਾਨ ਸਭਾ ਉਪਚੋਣ ਵਿੱਚ ਭਾਜਪਾ ਦੇ ਆਸ਼ੂਤੋਸ਼ ਤਿਵਾੜੀ ਨੂੰ ਕਾਂਗਰਸ ਪਾਰਟੀ ਦੇ ਉਮੀਦਵਾਰ ਕੁੰਵਰ ਘਨਸ਼ਾਮ ਸਿੰਘ ਨੇ 6016 ਵੋਟਾਂ ਨਾਲ ਹਰਾ ਦਿੱਤਾ। ਘਨਸ਼ਾਮ ਸਿੰਘ ਨੂੰ 66 ਹਜ਼ਾਰ 757 ਜਦਕਿ ਆਸ਼ੂਤੋਸ਼ ਤਿਵਾੜੀ ਨੂੰ 60 ਹਜ਼ਾਰ 741 ਵੋਟਾਂ ਪ੍ਰਾਪਤ ਹੋਈਆਂ। ਸੰਨ 2023 ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਰਜਿੰਦਰ ਭਾਰਤੀ ਨੇ ਭਾਜਪਾ ਦੀ ਸਰਕਾਰ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੂੰ ਹਰਾਇਆ ਸੀ। ਲੇਕਿਨ ਰਜਿੰਦਰ ਭਾਰਤੀ ਨੂੰ ਅਦਾਲਤ ਨੇ 28 ਸਾਲ ਤੋਂ ਚੱਲ ਰਹੇ ਇੱਕ ਬੈਂਕ ਫਰਾਡ ਦੇ ਕੇਸ ਵਿੱਚ ਦੋਸ਼ੀ ਠਹਿਰਾਉਂਦੇ ਤਿੰਨ ਸਾਲ ਦੀ ਕੈਦ ਸੁਣਾਈ, ਜਿਸ ਕਰਕੇ ਉਸ ਨੂੰ ਵਿਧਾਨ ਸਭਾ ਦੇ ਮੈਂਬਰ ਵਜੋਂ ਅਯੋਗ ਠਹਿਰਾਇਆ ਗਿਆ। ਇਸ ਵਜਾਹ ਕਰਕੇ ਇਹ ਉਪ ਚੋਣ ਕਰਵਾਈ ਗਈ ਸੀ। ਲੇਕਿਨ ਸਿਤਮ ਦੀ ਗੱਲ ਇਹ ਹੈ ਕਿ ਬਿਹਾਰ ਵਿੱਚ ਬਾਂਕੀਪੁਰ ਵਿਧਾਨ ਸਭਾ ਹਲਕੇ ਦੀ ਉਪ ਚੋਣ ਵਿੱਚ ਪ੍ਰਸ਼ਾਂਤ ਕਿਸ਼ੋਰ ਨੇ ਭਾਜਪਾ ਦੇ ਉਮੀਦਵਾਰ ਨੀਰਜ ਕੁਮਾਰ ਸਿਨਹਾ ਨੂੰ 19 ਹਜ਼ਾਰ 324 ਵੋਟਾਂ ਨਾਲ ਸ਼ਿਕਸਤ ਦੇ ਦਿੱਤੀ। ਪ੍ਰਸ਼ਾਂਤ ਕਿਸ਼ੋਰ ਨੇ 64 ਹਜ਼ਾਰ 151 ਵੋਟ ਪ੍ਰਾਪਤ ਕੀਤੇ ਜਦਕਿ ਭਾਜਪਾ ਦੇ ਉਮੀਦਵਾਰ ਨੀਰਜ ਕੁਮਾਰ ਸਿਨਹਾ ਨੇ 44 ਹਜ਼ਾਰ 827 ਵੋਟ ਪ੍ਰਾਪਤ ਕੀਤੇ। ਮਜ਼ੇ ਦੀ ਗੱਲ ਇਹ ਹੈ ਕਿ ਅਜੇ ਨਵੰਬਰ, 2025 ਨੂੰ ਹੋਈਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਇਸ ਸੀਟ ਨੂੰ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਨ ਨਾਬੀਨ ਨੇ 51 ਹਜ਼ਾਰ 936 ਦੇ ਫਰਕ ਨਾਲ ਜਿੱਤਿਆ ਸੀ। ਇਹ ਸੀਟ ਸਨ 1995 ਤੋਂ ਹੀ ਭਾਜਪਾ ਦਾ ਗੜ੍ਹ ਰਹੀ ਹੈ। ਚਾਰ ਵਾਰ ਇਸ ਸੀਟ ਤੋਂ ਨਿਤਨ ਨਬੀਨ ਦੇ ਪਿਤਾ ਅਤੇ ਸੰਨ 2010 ਤੋਂ ਉਹ ਖੁਦ ਪੰਜ ਵਾਰੀ ਜੇਤੂ ਰਹੇ।

ਬਿਹਾਰ ਵਿੱਚ ਬਾਂਕੀਪੁਰ ਸੀਟ ਤੋਂ ਭਾਜਪਾ ਨੂੰ ਜਿੱਤਣ ਦੀ 100 ਪ੍ਰਤੀਸ਼ਤ ਉਮੀਦ ਸੀ। ਇਹ ਸੀਟ ਨਿਤਨ ਨਾਬੀਨ ਨੂੰ ਰਾਸ਼ਟਰੀ ਪ੍ਰਧਾਨ ਬਣਾਏ ਜਾਣ ਕਰਕੇ ਖਾਲੀ ਹੋਈ ਸੀ। ਸੋ ਵਿਸ਼ਵ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਦੇ ਪ੍ਰਧਾਨ ਦੀ ਸੀਟ ਕਿਵੇਂ ਹਾਰੀ ਜਾ ਸਕਦੀ ਸੀ? ਜਿਸ ਪਾਰਟੀ ਦਾ ਦਿਓਕਦ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਵੇ ਅਤੇ ਮੋਰੀਆ ਕਾਲ ਦੇ ਪ੍ਰਸਿੱਧ ਅਰਥ ਸ਼ਾਸਤਰੀ ਚਾਣਕੀਯ ਵਾਗੂੰ ਜਾਣਿਆ ਜਾਂਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਹੋਵੇ, ਰਾਜ ਵਿੱਚ ਬਹੁਬਲੀ ਰਾਜਨੀਤੀਵਾਨ ਸਮਰਾਟ ਚੌਧਰੀ ਮੁੱਖ ਮੰਤਰੀ ਹੋਵੇ ਉਸਦਾ ਉਮੀਦਵਾਰ ਕਿਵੇਂ ਹਾਰ ਸਕਦਾ ਸੀ?

ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਮੂੰਹ ਫੱਟ ਬਿਆਨਬਾਜ਼ੀ ਕਰਦਿਆਂ ਐਲਾਨ ਕੀਤਾ ਸੀ ਕਿ ਬਾਂਕੀਪੁਰ ਸੀਟ ਤੋਂ ਜੇ ਭਾਜਪਾ ਕਿਸੇ ਕੁੱਤੇ-ਬਿੱਲੇ ਨੂੰ ਵੀ ਟਿਕਟ ਦੇ ਦੇਵੇ ਤਾਂ ਉਹ ਜਿੱਤ ਜਾਵੇਗਾ। ਭਾਵੇਂ ਉਹ ਬਾਅਦ ਵਿੱਚ ਇਸ ਬਿਆਨ ਤੋਂ ਮੁੱਕਰ ਗਏ ਸਨ। ਪਰ ਅਜਿਹੇ ਦਾਅਵੇ ਤੋਂ ਸਪਸ਼ਟ ਹੁੰਦਾ ਹੈ ਕਿ ਭਾਜਪਾ ਨੂੰ ਇਸ ਸੀਟ 'ਤੇ ਜਿੱਤ ਦਾ ਪੂਰਾ ਵਿਸ਼ਵਾਸ ਸੀ। ਲੇਕਿਨ ਹੋਇਆ ਇਹ, ਜਿਨ ਸਫੀਨੋ ਨੇ ਕਬੀ ਤੋੜਾ ਥਾ ਮੌਜੋਂ ਕਾ ਗਰੂਰ, ਉਸ ਜਗ੍ਹਾ ਡੂਬੇ ਜਹਾਂ ਦਰਿਆ ਮੇ ਤੁਗਿਆਨੀ ਨਾ ਥੀ।

ਇਸ ਹਲਕੇ ਦੇ ਹਰ ਵਰਗ, ਹਰ ਜਾਤ, ਹਰ ਮਜ਼ਹਬ ਅਤੇ ਹਰ ਉਮਰ ਦੇ ਲੋਕਾਂ ਨੇ ਭਾਜਪਾ ਤੋਂ ਮੂੰਹ ਮੋੜ ਲਿਆ ਅਤੇ ਦਲੇਰੀ ਨਾਲ ਪ੍ਰਸ਼ਾਂਤ ਕਿਸ਼ੋਰ ਨੂੰ ਵੋਟਾਂ ਪਾਈਆਂ ਹਨ। ਹਲਕੇ ਦੇ ਬ੍ਰਾਹਮਣ, ਕੁਰਮੀ, ਵੈਸ਼ ਅਤੇ ਦਲਿਤਾਂ ਨੇ ਉਸਦਾ ਸਾਥ ਦਿੱਤਾ ਹਾਲਾਂਕਿ ਉਨ੍ਹਾਂ ਨੂੰ ਇਹ ਪਤਾ ਸੀ ਕਿ ਇੱਕ ਵਿਅਕਤੀ ਦੇ ਜਿੱਤਣ ਨਾਲ ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੂੰ ਰਾਜ ਵਿੱਚ ਕੋਈ ਫਰਕ ਨਹੀਂ ਪੈਣ ਵਾਲਾ। ਲੇਕਿਨ ਬਾਂਕੀਪੁਰ ਦੇ ਲੋਕ ਕੇਂਦਰ ਅਤੇ ਰਾਜ ਵਿੱਚ ਏਕਾਧਿਕਾਰਵਾਦੀ ਭਾਜਪਾ ਸ਼ਾਸਕਾਂ ਨੂੰ ਇੱਕ ਰਾਜਨੀਤਿਕ ਝਟਕਾ ਦੇਣ ਦਾ ਮਨ ਬਣਾਈ ਬੈਠੇ ਸਨ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਉਹ ਭਾਜਪਾ ਦੇ ਬੰਧੂਆ ਵੋਟਰ ਨਹੀਂ ਹਨ। ਉਨ੍ਹਾਂ ਦਰਸਾ ਦਿੱਤਾ ਕਿ ਹੁਣ ਭਾਜਪਾ ਦੇ ਖੌਫਨਾਕਵਾਦੀ ਰਾਜਨੀਤੀ ਦੇ ਦਿਨ ਲੱਦ ਚੁੱਕੇ ਹਨ। ਹੁਣ ਇਹ ਨਹੀਂ ਹੋਵੇਗਾ ਕਿ ਭਾਜਪਾ ਜਿਸ ਮਰਜ਼ੀ ਐਰੇ ਗੈਰੇ ਨੱਥੂ ਖੈਰੇ ਨੂੰ ਚੋਣ ਮੈਦਾਨ ਵਿੱਚ ਉਤਾਰ ਦੇਵੇ ਅਤੇ ਉਹ ਜਿੱਤ ਜਾਵੇਗਾ। ਹਾਲਤ ਇਹ ਸੀ ਕਿ ਭਾਜਪਾ ਦੇ ਉਮੀਦਵਾਰ ਨੂੰ ਜਦੋਂ ਇਹ ਸਵਾਲ ਪੁੱਛਿਆ ਕਿ ਉਨ੍ਹਾਂ ਦੀ ਲੜਾਈ ਕਿਸ ਨਾਲ ਹੈ ਤਾਂ ਉਹ ਕੋਈ ਜਵਾਬ ਨਾ ਦੇ ਸਕਿਆ।

ਜਨ ਸੁਰਾਜ ਪਾਰਟੀ ਸੁਪਰੀਮੋ ਪ੍ਰਸ਼ਾਂਤ ਕਿਸ਼ੋਰ ਅਜੇ ਤਕ ਖੁਦ ਚੋਣ ਮੈਦਾਨ ਵਿੱਚ ਨਹੀਂ ਸੀ ਉੱਤਰਿਆ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਰਾਰੀ ਹਾਰ ਬਾਅਦ ਉਸਨੇ ਨਿਸ਼ਚਾ ਕੀਤਾ ਕਿ ਜਿੰਨਾ ਚਿਰ ਕਿਸੇ ਫੌਜ ਦਾ ਜਰਨੈਲ ਰਣ ਤੱਤੇ ਵਿੱਚ ਨਾ ਉੱਤਰੇ, ਫੌਜਾਂ ਦਾ ਜਿੱਤਣਾ ਸੰਭਵ ਨਹੀਂ ਹੁੰਦਾ। ਇਸ ਲਈ ਉਸਨੇ ਬਾਂਕੀਪੁਰ ਉਪ ਚੋਣ ਲੜਨ ਦਾ ਫੈਸਲਾ ਕੀਤਾ ਅਤੇ ਬਿਹਾਰ ਵਿਧਾਨ ਸਭਾ ਵਿੱਚ ਰਾਜ ਦੇ ਲੋਕਾਂ ਦੇ ਅਸਲ ਮੁੱਦੇ, ਮਸਲੇ ਅਤੇ ਸਮੱਸਿਆਵਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਉਣ ਲਈ ਅੱਗੇ ਆਉਣ ਦਾ ਫੈਸਲਾ ਕੀਤਾ। ਉਸਦਾ ਇਹ ਫੈਸਲਾ ਸਮੇਂ, ਕਾਲ ਅਤੇ ਰਾਜਨੀਤਕ ਤੌਰ 'ਤੇ ਸਹੀ ਸਾਬਤ ਹੋਇਆ।

ਪ੍ਰਸ਼ਾਂਤ ਕਿਸ਼ੋਰ ਨੇ ਕਰੀਬ ਇੱਕ ਸਾਲ ਪੂਰੇ ਬਿਹਾਰ ਦਾ ਦੌਰਾ ਕਰਕੇ ਇਸ ਰਾਜ ਦੀਆਂ ਸਮੱਸਿਆਵਾਂ ਦੀ ਜੜ੍ਹ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਬੈਲਗਾੜੀ ਚਲਾਉਣ ਵਾਲੇ ਪਿਤਾ ਦਾ ਪੁੱਤਰ, ਜੋ ਪਿੰਡ ਦੇ ਸਕੂਲ ਤੋਂ ਪੜ੍ਹ ਕੇ ਵਿਦੇਸ਼ ਤੋਂ ਡਿਗਰੀ ਲੈ ਕੇ ਵਾਪਸ ਆਇਆ ਸੀ, ਨੇ ਆਪਣੀ ਵਿਦਵਤਾ ਰਾਹੀਂ ਬਿਹਾਰ ਦੀ ਅਜੋਕੀ ਦੁਰਦਸ਼ਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਸਨੇ ਬਿਹਾਰ ਦੀ ਤਕਦੀਰ ਬਦਲਣ ਲਈ 1. ਸਿੱਖਿਆ 2. ਸਿਹਤ 3. ਰੁਜ਼ਗਾਰ 4. ਗੁਰਬਤ ਸੰਬੰਧੀ ਏਜੰਡਾ ਲੋਕਾਂ ਸਾਹਮਣੇ ਰੱਖਿਆ। ਉਸਨੇ ਵਾਅਦਾ ਕੀਤਾ ਕਿ ਉਹ ਉਨਾ ਚਿਰ ਚੈਨ ਨਾਲ ਨਹੀਂ ਬੈਠੇਗਾ ਜਿੰਨਾ ਚਿਰ ਉਹ ਇੱਕ ਅਜਿਹਾ ਖੁਸ਼ਹਾਲ ਬਿਹਾਰ ਨਹੀਂ ਸਿਰਜ ਲੈਂਦਾ ਜਿੱਥੇ ਹਰਿਆਣਾ, ਪੰਜਾਬ, ਮੁੰਬਈ ਆਦਿ ਦੇ ਲੋਕ ਕੰਮ ਕਰਨ ਲਈ ਆਉਣ ਦੀ ਚੇਸ਼ਟਾ ਰੱਖਣ। ਉਹ ਬਿਹਾਰ ਨੂੰ ਜਾਤੀਵਾਦ ਦੀ ਜਿੱਲ੍ਹਣ ਭਰੀ ਰਾਜਨੀਤੀ ਵਿੱਚੋਂ ਬਾਹਰ ਕੱਢਣਾ ਚਾਹੁੰਦਾ ਹੈ।

ਇਸ ਚੋਣ ਦੀ ਵਿਡੰਬਨਾ ਇਹ ਵੀ ਰਹੀ ਕਿ ਇਸ ਵਿੱਚੋਂ ਜਨਤਾ ਦਲ ਯੂ ਦੇ ਸਾਬਕਾ ਮੁੱਖ ਮੰਤਰੀ ਨਤੀਸ਼ ਕੁਮਾਰ ਅਤੇ ਆਰਜੇ ਡੀ ਆਗੂ ਤੇਜਸਵੀ ਯਾਦਵ ਗਾਇਬ ਰਹੇ। ਆਰਜੇ ਡੀ ਆਗੂ ਤੇਜਸਵੀ ਯਾਦਵ ਨੇ ਇਹ ਚੋਣ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਥਿਆਰ ਸੁੱਟ ਦਿੱਤੇ ਸਨ। ਬਿਹਾਰ ਦੇ ਲੋਕਾਂ ਨੂੰ ਹੁਣ ਲਾਲੂ ਕਨਬੇ ਦੀ ਥਾਂ ਪ੍ਰਸ਼ਾਂਤ ਕਿਸ਼ੋਰ ਵਰਗਾ ਦੂਰ ਅੰਦੇਸ਼ ਅਤੇ ਦਮਦਾਰ ਆਗੂ ਮਿਲ ਗਿਆ ਹੈ। ਜਿਵੇਂ 1994 ਵਿੱਚ ਰਾਜ ਵਿੱਚ ਸਮਤਾ ਪਾਰਟੀ ਜਾਰਜ ਫਰਨਾਡਿਸ ਅਤੇ ਨਿਤੀਸ਼ ਕੁਮਾਰ ਦੀ ਅਗਵਾਈ ਵਿੱਚ ਤੀਸਰੀ ਸ਼ਕਤੀ ਵਜੋਂ ਉੱਭਰੀ ਸੀ, ਕੁਝ ਅਜਿਹਾ ਹੀ ਇਨਕਲਾਬ ਪ੍ਰਸ਼ਾਂਤ ਕਿਸ਼ੋਰ ਦੀ ਅਗਵਾਈ ਵਿੱਚ ਆਉਣ ਵਾਲਾ ਲਗਦਾ ਹੈ।

ਅਪਰੇਸ਼ਨ ਸੰਧੂਰ, ਰਾਮ ਮੰਦਰ ਚੋਰੀ, ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਪ੍ਰਧਾਨ ਮੰਤਰੀ ਮੋਦੀ ਨੂੰ ਬਾਰ ਬਾਰ ਡਿਕਟੇਸ਼ਨਾਂ, ਖੇਤੀ ਸੈਕਟਰ ਵਿੱਚ ਅਮਰੀਕੀ ਘੁਸਪੈਠ, ਡਾਲਰ ਮੁਕਾਬਲੇ ਭਾਰਤੀ ਰੁਪਏ ਦਾ ਗਿਰਨਾ, ਨੀਟ ਪੇਪਰ ਲੀਕ, ਕਾਕਰੋਚ ਜਨਤਾ ਪਾਰਟੀ ਅੰਦੋਲਨ ਕਰਕੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਅਤੇ ਜੈਨ ਜ਼ੈੱਡ ਅੰਦੋਲਨਕਾਰੀਆਂ ਉੱਤੇ ਅਣਮਨੁੱਖੀ ਪੁਲਿਸ ਤਸ਼ੱਦਦ ਨੇ ਮੋਦੀ ਅਤੇ ਰਾਜ ਭਾਜਪਾ ਸਰਕਾਰਾਂ ਦੀ ਛਵੀ ਨੂੰ ਵੱਡੀ ਠੇਸ ਪਹੁੰਚਾਈ ਹੈ। ਅਜਿਹੀ ਸਥਿਤੀ ਵਿੱਚ ਦੇਸ਼ ਦੀ ਨਿਆਂਪਾਲਿਕਾ ਅਤੇ ਮੀਡੀਆ ਨੇ ਦੇਸ਼ ਅਤੇ ਲੋਕਾਂ ਪ੍ਰਤੀ ਆਪੋ ਆਪਣੀ ਜ਼ਿੰਮੇਵਾਰੀ ਨੂੰ ਪਛਾਣਦਿਆ ਮੁੜ ਬੇਖੌਫ ਖੜ੍ਹੇ ਹੋਣ ਦਾ ਨਿਸ਼ਚਾ ਕੀਤਾ ਹੈ। ਇਹ ਬਹੁਤ ਵੱਡੀ ਤਬਦੀਲੀ ਦਾ ਸੰਕੇਤ ਹੈ। ਭਾਵੇਂ ਪ੍ਰਸ਼ਾਂਤ ਕਿਸ਼ੋਰ ਦੀ ਜਿੱਤ ਨਾਲ ਹਾਲ ਦੀ ਘੜੀ ਕੋਈ ਵੱਡਾ ਫਰਕ ਨਹੀਂ ਪੈਣ ਵਾਲਾ ਪਰ ਸਮਝਿਆ ਜਾ ਰਿਹਾ ਹੈ ਕਿ ਇਸ ਵਿੱਚ ਬਿਹਾਰ ਦਾ ਮੁੱਖ ਮੰਤਰੀ, ਭਾਜਪਾ ਰਾਸ਼ਟਰੀ ਪ੍ਰਧਾਨ, ਭਾਜਪਾ ਰਾਜਨੀਤੀ ਦਾ ਚਾਣਕੀਯ ਅਤੇ ਸਰਵਉੱਚ ਆਗੂ ਹਾਰਿਆ ਹੈ। ਸੋ ਭਵਿੱਖ ਵਿੱਚ ਰਾਜਨੀਤਿਕ ਤਬਦੀਲੀ ਦਾ ਸਪਸ਼ਟ ਸੰਦੇਸ਼ ਦਿਖਾਈ ਦੇ ਰਿਹਾ ਹੈ।

ਆਤਮਾ ਸਿੰਘ ਪਮਾਰ

# ਪੰਜਾਬ ਨੂੰ ਦਰਪੇਸ਼ ਚੁਣੌਤੀਆਂ

## ਸਿਆਸੀ ਸਿਧਾਂਤਹੀਣਤਾ ਅਤੇ ਸੱਤਾ ਦੀ ਭੁੱਖ

ਭਾਰਤ ਨੂੰ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ। ਇੱਥੇ ਸੰਘੀ ਪ੍ਰਣਾਲੀ ਲਾਗੂ ਹੋਣ ਕਾਰਨ ਕੇਂਦਰੀ ਸਰਕਾਰ ਤੋਂ ਇਲਾਵਾ ਸੂਬਿਆਂ ਦੀਆਂ ਸਰਕਾਰਾਂ ਦੀ ਵੀ ਆਪਣੇ ਪੱਧਰ ’ਤੇ ਅਲੱਗ ਸਥਾਪਤੀ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਕੁੱਝ ਕੇਂਦਰ ਸ਼ਾਸਤ ਪ੍ਰਦੇਸ਼ ਵੀ ਹਨ, ਜਿੱਥੇ ਸਿੱਧਾ ਕੇਂਦਰ ਸਰਕਾਰ ਦਾ ਨਿਯੰਤ੍ਰਣ ਹੁੰਦਾ ਹੈ। ਦੇਸ਼ ਦੇ ਕੁੱਲ 28 ਸੂਬੇ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ ਹਨ। ਸੂਬਿਆਂ ਦੀਆਂ ਭਾਸ਼ਾਵਾਂ, ਪਹਿਰਾਵਾ, ਖਾਣ ਪੀਣ, ਸੱਭਿਆਚਾਰ, ਬੋਲੀ ਆਦਿ ਵੱਖ-ਵੱਖ ਤੋਂ ਇਲਾਵਾ ਵਰਣਵਿਵਸਥਾ ਹੋਣ ਦੇ ਬਾਵਜੂਦ ਵੀ ਭਾਰਤ ਇੱਕ ਗੁਲਦਸਤੇ ਵਾਂਗ ਹੈ, ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਦਾ ਸੁਮੇਲ ਹੁੰਦਾ ਹੈ। ਇਹ ਵੀ ਸੱਚ ਹੈ ਕਿ ਇਨ੍ਹਾਂ ਸੂਬਿਆਂ ਵਿੱਚੋਂ ਪੰਜਾਬ ਦੀ ਇੱਕ ਵੱਖਰੀ ਪਛਾਣ ਅਤੇ ਦਿੱਖ ਹੁੰਦੀ ਸੀ। ਇਸ ਤੋਂ ਇਲਾਵਾ ਪੰਜਾਬ ਨੂੰ ਗੁਰੂ ਸਾਹਿਬਾਨਾਂ, ਪੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ, ਯੋਧਿਆਂ, ਬਲਵਾਨਾਂ ਅਤੇ ਸ਼ਹੀਦਾਂ ਦੀ ਧਰਤੀ ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ। ਵੱਖ- ਵੱਖ ਲੇਖਕਾਂ ਅਤੇ ਸ਼ਾਇਰਾਂ ਵੱਲੋਂ ਇਸ ਨੂੰ ਅਲੱਗ ਅਲੱਗ ਵਿਸ਼ੇਸ਼ਣਾਂ ਅਤੇ ਅਲੰਕਾਰਾਂ ਨਾਲ ਵੀ ਨਿਵਾਜ਼ਿਆ ਗਿਆ ਹੈ। ਕਿਸੇ ਨੇ ‘ਪੰਜਾਬ ਵਸਦਾ ਗੁਰਾਂ ਦੇ ਨਾਮ ’ਤੇ’, ਕਿਸੇ ਦੂਸਰੇ ਨੇ ‘ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ ਅਤੇ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ’ ਅਤੇ ਕਿਸੇ ਹੋਰ ਨੇ ਸੋਨੇ ਦੀ ਚਿੜੀ ਹੋਣ ਦਾ ਖਿਤਾਬ ਵੀ ਦਿੱਤਾ ਹੈ। ਕਹਿਣ ਦਾ ਭਾਵ ਹੈ ਕਿ ਪੰਜਾਬ ਦੀ ਹਰ ਪੱਖੋਂ ਇੱਕ ਵਿਲੱਖਣ ਦਿੱਖ, ਅਪਣੱਤ ਅਤੇ ਗੂੜ੍ਹੀ ਭਾਈਚਾਰਕ ਸਾਂਝ ਨੂੰ ਸਿਰਫ ਭਾਰਤ ਵਿੱਚ ਹੀ ਨਹੀਂ ਸਗੋਂ ਸੰਸਾਰ ਪੱਧਰ ’ਤੇ ਵੀ ਜਾਣਿਆ ਜਾਂਦਾ ਸੀ। ਪ੍ਰੰਤੂ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਪਤਾ ਨਹੀਂ ਪੰਜਾਬ ਨੂੰ ਕਿਸ ਚੰਦਰੇ ਦੀ ਨਜ਼ਰ ਲੱਗ ਗਈ ਹੈ, ਜਿਸ ਖੇਤਰ ਵਿੱਚ ਵੀ ਝਾਤ ਮਾਰਦੇ ਹਾਂ, ਉਸਦਾ ਪਹਿਲਾਂ ਵਾਲਾ ਮੂੰਹ ਮੁਹਾਂਦਰਾ, ਅਪਣੱਤ, ਭਾਈਚਾਰਕ ਸਾਂਝ ਅਤੇ ਹਮਦਰਦੀ ਕਿਤੇ ਨਾ ਕਿਤੇ ਅਲੋਪ ਹੋਈ ਦਿਖਾਈ ਦਿੰਦੀ ਹੈ। ਅਜੋਕੇ ਦੌਰ ਵਿੱਚ ਵੱਖ ਵੱਖ ਖੇਤਰਾਂ ਉੱਤੇ ਘੋਖਵੀਂ ਨਜ਼ਰ ਮਾਰਿਆਂ ਇਨ੍ਹਾਂ ਦੀ ਸਥਿਤੀ ਚਿੱਟੇ ਦਿਨ ਵਾਂਗ ਸਾਫ ਹੋ ਜਾਂਦੀ ਹੈ। ਪੰਜਾਬ ਦਾ ਸ਼ਾਨਾਮੱਤਾ ਸੱਭਿਆਚਾਰ, ਰੀਤੀ ਰਿਵਾਜ਼ ਅਤੇ ਸੰਸਕ੍ਰਿਤੀ ਇਸ ਸਮੇਂ ਪੂਰੀ ਤਰ੍ਹਾਂ ਪੱਛਮੀ ਰੰਗ ਵਿੱਚ ਰੰਗੀ ਜਾ ਚੁੱਕੀ ਹੈ। ਨੇੜਲੇ ਅਤੇ ਖੂਨ ਤੱਕ ਦੇ ਰਿਸ਼ਤਿਆਂ ਨੂੰ ਵੀ ਅਣਗੌਲੇ ਕੀਤਾ ਜਾ ਰਿਹਾ ਹੈ। ਰਿਸ਼ਤਿਆਂ ਵਿਚਲੇ ਮੋਹ, ਪ੍ਰਚਲਿਤ ਪਰੰਪਰਾਵਾਂ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰਕੇ ਆਪਣੀ ਮਨਮਰਜ਼ੀ ਨਾਲ ਜਿਊਣ ਨੂੰ ਹੀ ਫਖਰ ਸਮਝਿਆ ਜਾ ਰਿਹਾ ਹੈ। ਅਖੌਤੀ ਰਹਿਣ ਸਹਿਣ ਦੀ ਖੁੱਲ੍ਹ ਅਤੇ ਪਿਆਰ ਵਿਆਹ ਦੇ ਨਾਂਅ ’ਤੇ ਨੇੜਲੇ ਰਿਸ਼ਤਿਆਂ ਤੋਂ ਇਲਾਵਾ ਗ਼ੈਰ ਬਰਬਾਰੀ ਵਾਲੀ ਸਮਾਜਿਕ ਅਤੇ ਆਰਥਿਕ ਦਸ਼ਾ ਨੂੰ ਦਰਕਿਨਾਰ ਕਰਕੇ ਬਗੈਰ ਕਿਸੇ ਭਵਿੱਖੀ ਯੋਜਨਾ ਤੋਂ ਹੀ ਭਾਵੁਕਤਾ ਵੱਸ ਫੈਸਲੇ ਲੈ ਕੇ ਰਿਸ਼ਤੇ ਜੋੜੇ ਜਾ ਰਹੇ ਹਨ; ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਉਮਰ ਥੋੜ੍ਹਚਿਰੀ ਹੀ ਹੁੰਦੀ ਹੈ। ਪਤੀ ਪਤਨੀ, ਪਿਉ ਪੁੱਤਰ, ਮਾਂ, ਭੈਣ ਆਦਿ ਵਰਗੇ ਜਜ਼ਬਾਤੀ ਅਤੇ ਸੰਵੇਦਨਸ਼ੀਲ ਰਿਸ਼ਤੇ, ਜਾਪਦਾ ਹੈ ਜਿਵੇਂ ਖੰਭ ਲਾ ਕੇ ਉਡ ਗਏ ਹੋਣ।




ਇਸੇ ਤਰ੍ਹਾਂ ਹੀ ਰਾਜਨੀਤਕ ਖੇਤਰ ਵਿੱਚ ਵੀ ਆਗੂਆਂ ਵਿੱਚ ਲੋਕਾਂ ਪ੍ਰਤੀ ਪਹਿਲਾਂ ਵਾਲਾ ਮੋਹ, ਸਤਿਕਾਰ ਅਤੇ ਅਪਣੱਤ ਵੀ ਕਿਧਰੇ ਨਜ਼ਰੀਂ ਨਹੀਂ ਪੈਂਦੀ। ਇੱਕ ਵੀ ਅਜਿਹਾ ਰਾਜਨੀਤਕ ਦਲ ਦਿਖਾਈ ਨਹੀਂ ਦਿੰਦਾ ਜੋ ਆਪਣੀ ਪਾਰਟੀ ਦੀਆਂ ਨੀਤੀਆਂ ਅਤੇ ਸਿਧਾਂਤਾਂ ਲਈ ਸੁਹਿਰਦ ਅਤੇ ਪ੍ਰਤੀਬੱਧ ਹੋਵੇ। ਇਹ ਵੀ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦਲਾਂ ਦੇ ਵੱਡੀ ਗਿਣਤੀ ਦੂਸਰੀ ਕਤਾਰ ਦੇ ਆਗੂਆਂ ਅਤੇ ਵਰਕਰਾਂ ਨੂੰ ਆਪਣੀ ਪਾਰਟੀ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਦੀ ਨਾ ਤਾਂ ਪੂਰੀ ਤਰ੍ਹਾਂ ਜਾਣਕਾਰੀ, ਹੈ ਅਤੇ ਨਾ ਹੀ ਸਮਝ। ਕਰੀਬ ਸਾਰੀਆਂ ਪਾਰਟੀਆਂ ਦਾ ਇੱਕ ਨੁਕਾਤੀ ਪ੍ਰੋਗਰਾਮ ਹੈ ਕਿ ਕਿਵੇਂ ਨਾ ਕਿਵੇਂ ਸੱਤਾ ਹਥਿਆਈ ਜਾਵੇ। ਵਿਚਾਰਧਾਰਾ ਨੂੰ ਤਿਆਗ ਕੇ ਚੋਣਾਂ ਇੱਕ ਤਰ੍ਹਾਂ ਨਾਲ ਮੈਨੇਜ ਹੀ ਹੋ ਰਹੀਆਂ ਹਨ, ਜਿਸ ਕਰਕੇ ਲੋਕ ਭਲਾਈ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਵਿਰੋਧੀ ਧਿਰਾਂ ਵੀ ਸੜਕਾਂ ਦੀ ਲੜਾਈ ਤੋਂ ਹਟਕੇ ਸਿਰਫ ਟਵੀਟ ਕਰਨ, ਅਤੇ ਪੱਤਰ ਵਿਵਹਾਰ ਤਕ ਸੀਮਿਤ ਹੋ ਕੇ ਰਹਿ ਗਈਆਂ ਹਨ।

ਇਸੇ ਤਰ੍ਹਾਂ ਹੀ ਵੋਟਰਾਂ ਦੇ ਇੱਕ ਵੱਡੇ ਹਿੱਸੇ ਵੱਲੋਂ ਵੀ ਸਮੂਹਿਕ ਕਾਰਜਾਂ ਅਤੇ ਵਿਕਾਸ ਦੀਆਂ ਮੰਗਾਂ ਨੂੰ ਛੱਡ ਕੇ ਮੁਫਤ ਦੀਆਂ ਰਿਉੜੀਆਂ ਅਤੇ ਨਿੱਜੀ ਕੰਮਾਂ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ। ਜ਼ਿਆਦਾਤਰ ਵੋਟਰਾਂ ਵੱਲੋਂ ਨਸ਼ਿਆਂ ਅਤੇ ਨਿਗੂਣੇ ਪੈਸਿਆਂ ਦੀ ਖਾਤਰ ਅਯੋਗ ਅਤੇ ਕਿਰਦਾਰ ਵਿਹੂਣੇ ਉਮੀਦਵਾਰਾਂ ਨੂੰ ਵਿਧਾਨ ਸਭਾ ਅਤੇ ਲੋਕ ਸਭਾ ਲਈ ਚੁਣ ਕੇ ਭੇਜਿਆ ਜਾ ਰਿਹਾ ਹੈ; ਜਿਸਦਾ ਖਮਿਆਜ਼ਾ ਆਮ ਲੋਕ ਪਿਛਲੇ ਲੰਬੇ ਸਮੇਂ ਤੋਂ ਭੁਗਤ ਰਹੇ ਹਨ। ਸਿੱਟੇ ਵਜੋਂ ਪੰਜਾਬ ਰੰਗਲੇ ਤੋਂ ਕੰਗਲਾ ਬਣਨ ਵੱਲ ਵਧ ਰਿਹਾ ਹੈ।

ਜੇਕਰ ਪੰਜਾਬ ਦੇ ਧਾਰਮਿਕ ਖੇਤਰ ਦੀ ਗੱਲ ਕਰੀਏ ਤਾਂ ਪੰਜਾਬ ਦੀ ਅਬਾਦੀ ਦਾ ਇੱਕ ਵੱਡਾ ਹਿੱਸਾ ਧਾਰਮਿਕ ਬਿਰਤੀ ਵਾਲਾ ਹੈ। ਭਾਰਤੀ ਸੰਵਿਧਾਨ ਅਨੁਸਾਰ ਰਾਜ ਦਾ ਆਪਣਾ ਕੋਈ ਵਿਸ਼ੇਸ਼ ਧਰਮ ਨਹੀਂ ਹੈ, ਨਾਗਰਿਕਾਂ ਨੂੰ ਕਿਸੇ ਵੀ ਧਰਮ ਨੂੰ ਅਪਣਾਉਣ ਜਾਂ ਤਿਆਗਣ ਦੀ ਖੁੱਲ੍ਹ ਹੈ। ਸੂਬੇ ਦੀ ਵੱਡੀ ਅਬਾਦੀ ਸਿੱਖ ਕਮਿਉਨਿਟੀ ਨਾਲ ਸਬੰਧਿਤ ਹੋਣ ਕਾਰਨ ਇੱਥੇ ਜ਼ਿਆਦਾਤਰ ਸਿੱਖ ਧਰਮ ਦਾ ਹੀ ਜ਼ਿਕਰ ਹੁੰਦਾ ਹੈ। ਲੰਘੇ 2015 ਸਾਲ ਦੌਰਾਨ ਪੰਜਾਬ ਦੀ ਇਸ ਪਵਿੱਤਰ ਧਰਤੀ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਅਤੇ ਇਸ ਦੌਰਾਨ ਦੋ ਸਿੰਘਾਂ ਦੀ ਸ਼ਹੀਦੀ ਦਾ ਮਸਲਾ ਤਿੰਨ ਸਰਕਾਰਾਂ ਬਦਲਣ ਦੇ ਬਾਵਜੂਦ ਵੀ ਕਿਸੇ ਤਣ ਪੱਤਣ ਲਗਦਾ ਦਿਖਾਈ ਨਹੀਂ ਦਿੰਦਾ। ਸਿੱਖ ਸੰਗਤਾਂ ਵੱਲੋਂ ਭਾਵੇਂ ਇਸ ਬੇਅਦਬੀ ਲਈ ਤਤਕਾਲੀ ਅਕਾਲੀ ਭਾਜਪਾ ਸਰਕਾਰ ਨੂੰ ਕਥਿਤ ਤੌਰ ’ਤੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਸੀ। ਇਸੇ ਤਰ੍ਹਾਂ ਹੀ ਇਸ ਕੇਸ ਦੀ ਬਰੀਕੀ ਨਾਲ ਪੜਤਾਲ ਕਰਨ ਲਈ ਸਮੇਂ ਸਮੇਂ ’ਤੇ ਵੱਖ ਵੱਖ ਸਪੈਸ਼ਲ ਜਾਂਚ ਪੜਤਾਲ ਟੀਮਾਂ ਵੀ ਗਠਿਤ ਕੀਤੀਆਂ ਗਈਆਂ ਪ੍ਰੰਤੂ ਕੋਈ ਜ਼ਿਕਰਯੋਗ ਪ੍ਰਾਪਤੀ ਅਜੇ ਤਕ ਸਾਹਮਣੇ ਨਹੀਂ ਆ ਸਕੀ। ਇਸ ਤੋਂ ਇਲਾਵਾ ਪਿਛਲੇ ਕੁਝ ਮਹੀਨਿਆਂ ਤੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਨੂੰ ਲੈ ਕੇ ਵੀ ਇਸ ਸਮੇਂ ਪੰਜਾਬ ਸਰਕਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਚਕਾਰ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਐਕਟ ਵਿਚਲੀਆਂ ਕੁਝ ਧਾਰਾਵਾਂ ’ਤੇ ਇਤਰਾਜ਼ ਸੀ, ਜਿਸ ਕਾਰਨ ਐਕਟ ਵਿੱਚ ਕੁਝ ਸੋਧਾਂ ਨੂੰ ਲੈ ਕੇ ਲੰਘੀ 29 ਜੂਨ ਨੂੰ ਸੂਬੇ ਦੇ ਸਮੁੱਚੇ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ’ਤੇ ਬੁਲਾਇਆ ਗਿਆ ਸੀ, ਜਿੱਥੇ ਉਕਤ ਐਕਟ ਵਿੱਚ ਸੋਧਾਂ ਨੂੰ ਲੈ ਕੇ ਸੁਹਿਰਦਤਾ ਨਾਲ ਚਰਚਾ ਵੀ ਹੋਈ, ਅਤੇ ਸੋਧ ਕਰਨ ਲਈ ਇੱਕ ਮਹੀਨੇ ਦਾ ਸਮਾਂ ਵੀ ਦਿੱਤਾ ਗਿਆ। ਇਸ ਉੱਤੇ ਕਾਰਵਾਈ ਕਰਦਿਆਂ ਸਰਕਾਰ ਵੱਲੋਂ ਕੁਝ ਸੋਧਾਂ ਕਰਨ ਉਪਰੰਤ ਪਿਛਲੇ ਦਿਨੀਂ ਆਪਣੇ ਨੁਮਾਇੰਦਿਆਂ ਰਾਹੀਂ ਇੱਕ ਪੱਤਰ ਵੀ ਜਥੇਦਾਰ ਸਾਹਿਬ ਨੂੰ ਸੌਂਪਿਆ ਗਿਆ, ਜਿਸ ’ਤੇ ਜਥੇਦਾਰ ਸਾਹਿਬ ਸੰਤੁਸ਼ਟ ਦਿਖਾਈ ਨਹੀਂ ਦੇ ਰਹੇ। ਉਨ੍ਹਾਂ ਵੱਲੋਂ ਇਸ ਸੰਬੰਧੀ ਇੱਕ ਪ੍ਰੈੱਸ ਕਾਨਫਰੰਸ ਕਰਕੇ ਆਪਣਾ ਪੱਖ ਵੀ ਰੱਖਿਆ ਗਿਆ। ਪਤਾ ਲੱਗਾ ਹੈ ਕਿ ਸਰਕਾਰ ਨੂੰ ਦੋਂਹ ਮਹੀਨਿਆਂ ਦਾ ਹੋਰ ਸਮਾਂ ਦਿੱਤਾ ਗਿਆ ਹੈ। ਇਸ ਕਾਨੂੰਨ ਨੂੰ ਲੈ ਕੇ ਸਰਕਾਰ ਦਾ ਤਰਕ ਹੈ ਕਿ ਐਕਟ ਸੰਗਤ ਦੀ ਮੰਗ ਨੂੰ ਲੈ ਕੇ ਹੀ ਬਣਾਇਆ ਗਿਆ ਸੀ, ਪ੍ਰੰਤੂ ਦੂਜੇ ਪਾਸੇ ਜਥੇਦਾਰ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੰਨਣਾ ਹੈ ਕਿ ਸਰਕਾਰ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ। ਦੋਵੇਂ ਧਿਰਾਂ ਦੇ ਤਰਕਾਂ ਨੂੰ ਦੇਖਦਿਆਂ ਇੱਥੇ ਸਿਰਫ ਇਹੀ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਦੇ ਧਾਰਮਿਕ, ਸੰਵੇਦਨਸ਼ੀਲ ਅਤੇ ਗੰਭੀਰ ਮਸਲਿਆਂ ਦੇ ਹੱਲ ਲਈ ਮਿਲ ਬੈਠ ਕੇ ਧਾਰਮਿਕ ਖੇਤਰ ਵਿੱਚ ਮੁਹਾਰਿਤ ਰੱਖਣ ਵਾਲੇ ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਦੀ ਇੱਕ ਕਮੇਟੀ ਦਾ ਗਠਨ ਕਰਕੇ ਕੋਈ ਢੁਕਵਾਂ ਅਤੇ ਸਾਰਥਿਕ ਹੱਲ ਕੱਢਣ ਵੱਲ ਪਹਿਲ ਕਦਮੀ ਕੀਤੀ ਜਾਵੇ।

(ਬਾਕੀ ਸਫ਼ਾ 27 ’ਤੇ)



ਡਾ. ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫੈਸਰ,
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਵਿਕਸਿਤ ਭਾਰਤ ਬਣਨ ਲਈ ਨੀਤੀਗਤ ਬਦਲਾਅ ਦੀ ਲੋੜ

ਕੇਂਦਰ ’ਚ ਸੱਤਾਧਾਰੀ ਪਾਰਟੀ ਦੇ ਛੋਟੇ-ਵੱਡੇ ਨੇਤਾ ਹਰ ਸਰਕਾਰੀ ਤੇ ਪਾਰਟੀ ਮੰਚਾਂ ’ਤੇ ਦੇਸ਼ ਦੇ 2047 ਤੱਕ ਵਿਕਸਿਤ ਹੋਣ ਦਾ ਦਾਅਵਾ ਤੇ ਪ੍ਰਚਾਰ ਕਰਨਾ ਨਹੀਂ ਭੁੱਲਦੇ । ਕੇਂਦਰ ’ਚ ਸੱਤਾਧਾਰੀ ਪਾਰਟੀ ਦੇ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀ ਵੀ ਆਪੋ-ਆਪਣੇ ਸੂਬੇ ਨੂੰ ਵਿਕਸਿਤ ਸੂਬਾ ਬਣਾਉਣ ਲਈ ਪ੍ਰਚਾਰ ਕਰਦਿਆਂ ਕਈ ਤਾਂ ਵਿਕਸਿਤ ਕਹਿ ਕੇ ਹੀ ਸੰਬੋਧਨ ਕਰਦੇ ਹਨ । ਇਹ ਪ੍ਰਚਾਰ ਇੰਨਾ ਜ਼ਬਰਦਸਤ ਹੈ ਕਿ ਕਈ ਵਾਰ ਭੁਲੇਖਾ ਪੈਣ ਲੱਗਦਾ ਹੈ ਕਿ ਜਿਵੇਂ ਭਾਰਤ ਇਕ ਵਿਕਸਿਤ ਦੇਸ਼ ਬਣ ਗਿਆ ਹੋਵੇ । ਹੈਰਾਨੀ ਦੀ ਗੱਲ ਹੈ ਕਿ ਬਹੁਤੇ ਨੇਤਾ ਦੇਸ਼ ਨੂੰ ਵਿਕਸਿਤ ਭਾਰਤ ਕਹਿ ਕੇ ਸੰਬੋਧਨ ਕਰਨ ਲੱਗ ਪਏ ਹਨ । ਕੇਂਦਰੀ ਸਰਕਾਰ ਵਲੋਂ ਦੇਸ਼ ’ਚ ਬਹੁਤ ਸਾਰੇ ਪ੍ਰੋਗਰਾਮ ਤੇ ਸਕੀਮਾਂ ਦੇ ਨਾਂਅ ਵੀ ਵਿਕਸਿਤ ਭਾਰਤ ਦੇ ਨਾਂਅ ਨਾਲ ਹੀ ਸ਼ੁਰੂ ਕੀਤੇ ਗਏ ਹਨ ਤੇ ਇਸੇ ਤਰਜ਼ ’ਤੇ ਸੂਬਿਆਂ ਦੀਆਂ ਸਕੀਮਾਂ ਦਾ ਨਾਮਕਰਨ ਕੀਤਾ ਜਾ ਰਿਹਾ ਹੈ । ਅਜਿਹੇ ’ਚ ਜ਼ਰੂਰੀ ਹੋ ਜਾਂਦਾ ਹੈ ਕਿ ਵੇਖਿਆ ਜਾਵੇ ਕੀ ਸਾਡਾ ਦੇਸ਼ ਸੱਚਮੁੱਚ ਹੀ 2047 ਤੱਕ ਵਿਕਸਿਤ ਦੇਸ਼ਾਂ ਦੀ ਕਤਾਰ ’ਚ ਸ਼ਾਮਿਲ ਹੋ ਜਾਵੇਗਾ ਕਿ ਨਹੀਂ ? ਜਿਥੋਂ ਤੱਕ ਦੇਸ਼ ਦੇ ਵਿਕਸਿਤ ਦੇਸ਼ਾਂ ’ਚ ਸ਼ਾਮਿਲ ਹੋਣ ਦਾ ਸਬੰਧ ਹੈ, ਇਸ ਸੰਬੰਧੀ ਕਾਫ਼ੀ ਵਿਚਾਰ ਚਰਚਾ ਤੇ ਮਹੱਤਵਪੂਰਨ ਤੱਥਾਂ ਦਾ ਵਿਸ਼ਲੇਸ਼ਣ ਕਰਕੇ ਹੀ ਕਿਸੇ ਨਤੀਜੇ ’ਤੇ ਪਹੁੰਚਿਆ ਜਾ ਸਕਦਾ ਹੈ ।

ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਦੇਸ਼ ਕੁੱਲ ਘਰੇਲੂ ਪੈਦਾਵਾਰ ਵਿੱਚ ਦੁਨੀਆ ’ਚ ਤੀਜੇ ਜਾਂ ਪਹਿਲੇ ਨੰਬਰ ’ਤੇ ਆ ਕੇ ਵੀ ਵਿਕਸਿਤ ਦੇਸ਼ ਬਣ ਸਕੇਗਾ ਕਿ ਨਹੀਂ ? ਇਸ ਸੰਬੰਧੀ ਆਰਥਿਕਤਾ ਦੇ ਸਭ ਤੋਂ ਮਹੱਤਵਪੂਰਨ ਸੂਚਕ, ਪ੍ਰਤੀ ਵਿਅਕਤੀ ਆਮਦਨ ਦੇ ਨਾਲ-ਨਾਲ ਕੁਝ ਚੋਣਵੇਂ ਸੂਚਕਾਂ ਜਿਵੇਂ ਕਿ ਮਨੁੱਖੀ ਵਿਕਾਸ ਸੂਚਕ ਅੰਕ, ਖੇਤੀ ’ਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ ਤੇ ਔਰਤਾਂ ਦੀ ਕੰਮ ’ਚ ਹਿੱਸੇਦਾਰੀ ਤੇ ਹੋਰ ਆਰਥਿਕ ਨਾਬਰਾਬਰੀਆ ਦਾ ਦੁਨੀਆ ਦੇ ਚੋਣਵੇਂ ਵਿਕਸਿਤ ਦੇਸ਼ਾਂ, ਜਿਨ੍ਹਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ’ਚ ਪਛਾੜਿਆ ਹੈ ਜਾਂ ਭਵਿੱਖ ’ਚ ਪਛਾੜ ਦੇਵੇਗਾ, ਨਾਲ ਮੁਕਾਬਲਤਨ ਅਧਿਐਨ ਕਰਨ ਦੀ ਲੋੜ ਹੈ । ਵਿਸ਼ਵ ਬੈਂਕ 1987 ਤੋਂ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਦੇ ਹਿਸਾਬ ਨਾਲ ਦੁਨੀਆ ਦੇ ਦੇਸ਼ਾਂ ਨੂੰ ਵੱਖ-ਵੱਖ ਗਰੁੱਪਾਂ- ਉੱਚ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਉਪਰਲੇ-ਮੱਧ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਨੀਵੀਂ-ਮੱਧ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਤੇ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ’ਚ ਵੰਡਦਾ ਆ ਰਿਹਾ ਹੈ । ਭਾਰਤ ਸ਼ੁਰੂ ਤੋਂ ਹੀ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ’ਚ ਸ਼ਾਮਿਲ ਰਿਹਾ ਹੈ, ਜਦੋਂ ਕਿ ਅਮਰੀਕਾ, ਜਪਾਨ, ਫਰਾਂਸ, ਜਰਮਨੀ, ਇੰਗਲੈਂਡ , ਇਟਲੀ ਤੇ ਕੈਨੇਡਾ ਉੱਚੀ ਆਮਦਨ ਵਾਲੇ ਦੇਸ਼ਾਂ ’ਚ ਸ਼ਾਮਿਲ ਹਨ ਤੇ ਇਨ੍ਹਾਂ ਨੂੰ ਵਿਕਸਿਤ ਦੇਸ਼ ਕਿਹਾ ਜਾਂਦਾ ਹੈ । ਭਾਰਤ 2009 ’ਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ’ਚੋਂ ਨਿਕਲ ਕੇ ਨੀਵੀਂ-ਮੱਧ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ’ਚ ਸ਼ਾਮਿਲ ਹੋ ਗਿਆ ਸੀ ਅਤੇ ਹੁਣ ਤੱਕ ਉਸੇ ਗਰੁੱਪ ’ਚ ਸ਼ੁਮਾਰ ਹੈ, ਭਾਵੇਂ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ’ਚ ਵਾਧਾ ਹੋਣ ’ਤੇ ਉਹ ਵਿਸ਼ਵ ਦਰਜਾਬੰਦੀ ’ਚ ਉਪਰ ਆਇਆ ਹੈ ।

ਵਿਸ਼ਵ ਬੈਂਕ ਦੀ ਜਨਵਰੀ 2026 ਦੀ ਤਾਜ਼ਾ ਵੰਡ ਮੁਤਾਬਿਕ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਚਲੰਤ ਕੀਮਤਾਂ ਅਨੁਸਾਰ 14,375 ਡਾਲਰ ਤੋਂ ਵੱਧ ਵਾਲੇ ਦੇਸ਼ ਉੱਚੀ ਆਮਦਨ ਵਾਲੇ ਗਰੁੱਪ ’ਚ ਸ਼ਾਮਿਲ ਹਨ, ਜਿਨ੍ਹਾਂ ਦੀ ਆਮਦਨ 4,536 ਡਾਲਰ ਤੋਂ 14,375 ਡਾਲਰ ਵਿਚਕਾਰ ਹੈ ਉਹ ਉਪਰਲੇ-ਮੱਧ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ’ਚ ਹਨ, ਜਿਨ੍ਹਾਂ ਦੇਸ਼ਾਂ ਦੀ ਆਮਦਨ 1,176 ਡਾਲਰ ਤੋਂ 4,535 ਡਾਲਰ ਵਿਚਕਾਰ ਹੈ, ਉਹ ਨੀਵੀਂ-ਮੱਧ ਆਮਦਨ ਵਾਲੇ ਗਰੁੱਪ ਅਤੇ 1,175 ਡਾਲਰ ਜਾਂ ਇਸ ਤੋਂ ਘੱਟ ਆਮਦਨ ਵਾਲੇ ਦੇਸ਼ ਨੀਵੀਂ ਆਮਦਨ ਵਾਲੇ ਗਰੁੱਪ ’ਚ ਸ਼ਾਮਿਲ ਹਨ । ਦੱਸਣਯੋਗ ਹੈ ਕਿ ਜਿਹੜੇ ਦੇਸ਼ਾਂ ਨਾਲ ਭਾਰਤ ਦਾ ਜੀ.ਡੀ.ਪੀ. ਵਿੱਚ ਮੁਕਾਬਲਾ ਹੈ, ਉਨ੍ਹਾਂ ਸਾਰੇ ਵਿਕਸਿਤ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਤਕਰੀਬਨ 61,420 ਡਾਲਰ ਹੈ ਤੇ ਉਹ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ’ਚ ਸ਼ਾਮਿਲ ਹਨ । ਭਾਰਤ ਦੀ ਕੁੱਲ ਪ੍ਰਤੀ ਵਿਅਕਤੀ ਆਮਦਨ 2,812 ਡਾਲਰ ਹੋਣ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਲੰਮੇ ਸਮੇਂ ਤੋਂ ਆਪਣੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ’ਚ ਵਾਧਾ ਨਹੀਂ ਕਰ ਸਕਿਆ । ਜਦੋਂ ਭਾਰਤ 2013-14 ਵਿਚ ਜੀ.ਡੀ.ਪੀ. ਦੇ ਹਿਸਾਬ ਨਾਲ ਦੁਨੀਆ ’ਚ 9ਵੇਂ ਸਥਾਨ ’ਤੇ ਸੀ ਤਾਂ ਉਸ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਦੁਨੀਆ ’ਚ 147ਵੇਂ ਸਥਾਨ ’ਤੇ ਸੀ । ਜ਼ਿਕਰਯੋਗ ਹੈ ਕਿ ਸਾਡਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ’ਚ ਭਾਰਤ ਤੋਂ ਅੱਗੇ ਹੈ । ਜਦੋਂ ਭਾਰਤ ਜੀ.ਡੀ.ਪੀ. ਮੁਤਾਬਕ 7ਵੇਂ ਸਥਾਨ ’ਤੇ ਆਇਆ ਤਾਂ ਅਸੀਂ ਪ੍ਰਤੀ ਵਿਅਕਤੀ ਆਮਦਨ ਅਨੁਸਾਰ 141ਵੇਂ ’ਤੇ ਸੀ ਅਤੇ ਹੁਣ ਸਾਡੀ ਜੀ.ਡੀ.ਪੀ. 5ਵੇਂ ਸਥਾਨ ’ਤੇ ਪਹੁੰਚਣ ਬਾਅਦ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ 149ਵੇਂ ਸਥਾਨ ’ਤੇ ਹੈ, ਜਿਸ ਤੋਂ ਸਪੱਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ’ਚ ਭਾਰਤ ਬਹੁਤ ਪਿੱਛੇ ਹੈ ।

ਹੁਣ ਭਾਰਤ ਦਾ ਚੋਣਵੇਂ ਵਿਕਸਿਤ ਦੇਸ਼ਾਂ- ਅਮਰੀਕਾ, ਜਪਾਨ, ਫਰਾਂਸ, ਜਰਮਨੀ, ਇੰਗਲੈਂਡ, ਇਟਲੀ ਤੇ ਕੈਨੇਡਾ ਨਾਲ ਕੁਝ ਚੋਣਵੇਂ ਸੂਚਕਾਂ- ਮਨੁੱਖੀ ਵਿਕਾਸ ਸੂਚਕ, ਖੇਤੀ ’ਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ ਤੇ ਔਰਤਾਂ ਦੀ ਕੰਮ ’ਚ ਹਿੱਸੇਦਾਰੀ ਤੇ ਆਰਥਿਕ ਨਾਬਰਾਬਰੀ ਦਾ ਅਧਿਐਨ ਕਰਦੇ ਹਾਂ । ਭਾਰਤ ਦਾ ਮਨੁੱਖੀ ਵਿਕਾਸ ਸੂਚਕ 0.685 ਹੈ, ਜਦਕਿ ਵਿਕਸਿਤ ਦੇਸ਼ਾਂ ਦਾ 0.958 ਤੋਂ ਵੱਧ ਹੈ ਤੇ ਇਨ੍ਹਾਂ ਦੀ ਦੁਨੀਆ ਦੇ ਦੇਸ਼ਾਂ ’ਚ ਮਨੁੱਖੀ ਵਿਕਾਸ ਸੂਚਕ ਦਰਜਾਬੰਦੀ ਵੀ ਉਪਰਲੇ 25 ਦੇਸ਼ਾਂ ’ਚ ਹੈ, ਜਦਕਿ ਭਾਰਤ ਦੀ ਦਰਜਾਬੰਦੀ 130ਵੇਂ ਨੰਬਰ ’ਤੇ ਹੈ । ਸਾਡੇ ਦੇਸ਼ ਦੀ 44 ਫ਼ੀਸਦੀ ਆਬਾਦੀ ਖੇਤੀ ਖੇਤਰ ਤੋਂ ਰੁਜ਼ਗਾਰ ਪਾਉਂਦੀ ਹੈ, ਜੋ ਵਿਕਸਿਤ ਦੇਸ਼ਾਂ ’ਚ ਸਿਰਫ਼ 1 ਤੋਂ 4.1 ਫ਼ੀਸਦੀ ਹੈ । ਭਾਰਤ ਦੀ 13.7 ਫ਼ੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਜਦਕਿ ਵਿਕਸਿਤ ਦੇਸ਼ਾਂ ’ਚ ਇਹ 2.5 ਫ਼ੀਸਦੀ ਤੋਂ 3.2 ਫ਼ੀਸਦੀ ਹੈ। ਚੋਣਵੇਂ ਵਿਕਸਿਤ ਦੇਸ਼ਾਂ ਨੂੰ ਵਿਸ਼ਵ ਵਿਆਪੀ ਭੁੱਖਮਰੀ ਸੂਚਕ ਦੇ ਸਰਵੇ ’ਚ ਸ਼ਾਮਿਲ ਨਹੀਂ ਕੀਤਾ ਜਾਂਦਾ, ਕਿਉਂਕਿ ਇਹ ਦੇਸ਼ ਖ਼ੁਰਾਕ ਪੱਖੋਂ ਸੁਰੱਖਿਅਤ ਹਨ। ਮੌਜੂਦਾ ਸਰਕਾਰ ਨੇ ਜਦੋਂ 2014 ’ਚ ਦੇਸ਼ ਦੀ ਵਾਗਡੋਰ ਸੰਭਾਲੀ ਤਾਂ ਭੁੱਖਮਰੀ ਸੂਚਕ 28.2 ਸੀ ਤੇ ਦੁਨੀਆ ਦੇ ਦੇਸ਼ਾਂ ਵਿਚ ਦਰਜਾ 101ਵਾਂ ਸੀ, ਜਦਕਿ 2022 ’ਚ ਭਾਰਤ ਦਾ ਭੁੱਖਮਰੀ ਸੂਚਕ ਵੱਧ ਕੇ 29.1 ਹੋ ਗਿਆ ਤੇ ਦਰਜਾ ਹੋਰ ਪਿੱਛੇ ਖਿਸਕ ਕੇ 107ਵੇਂ ’ਤੇ ਪਹੁੰਚ ਗਿਆ । 2026 ’ਚ ਭੁੱਖਮਰੀ ਸੂਚਕ 25.8 ਤੇ 102ਵੇਂ ਦਰਜੇ ਨਾਲ ਭਾਰਤ ਗੰਭੀਰ ਭੁੱਖਮਰੀ ਵਾਲੇ ਦੇਸ਼ਾਂ ’ਚ ਸ਼ਾਮਿਲ ਹੈ, ਗੁਆਂਢੀ ਦੇਸ਼- ਪਾਕਿਸਤਾਨ, ਬੰਗਲਾਦੇਸ਼ ਤੇ ਸ੍ਰੀਲੰਕਾ ਭੁੱਖਮਰੀ ਸੂਚਕ ਤੇ ਦਰਜਾਬੰਦੀ ’ਚ ਸਾਡੇ ਨਾਲੋਂ ਵਧੀਆ ਸਥਿਤੀ ’ਚ ਹਨ । ਭਾਰਤ ’ਚ ਜਨਮੇ 1000 ਬੱਚਿਆਂ ’ਚੋਂ 25.8 ਦੀ ਮੌਤ ਜਨਮ ਵੇਲੇ ਹੀ ਹੋ ਜਾਂਦੀ ਹੈ, ਜਦਕਿ ਵਿਕਸਿਤ ਦੇਸ਼ਾਂ ’ਚ ਇਹ ਦਰ 1.7 ਤੋਂ 5.4 ਹੀ ਹੈ । ਭਾਰਤ ’ਚ ਸਿਰਫ਼ 24 ਫ਼ੀਸਦੀ ਔਰਤਾਂ ਕੰਮ ਕਰਦੀਆਂ ਹਨ, ਜਦਕਿ ਵਿਕਸਿਤ ਦੇਸ਼ਾਂ ’ਚ ਇਹ 41 ਤੋਂ 61 ਫ਼ੀਸਦੀ ਹੈ ।

ਉਪਰੋਕਤ ਵਿਸ਼ਲੇਸ਼ਣ ਤੇ ਤੱਥ ਸਪੱਸ਼ਟ ਕਰਦੇ ਹਨ ਕਿ ਭਾਵੇਂ ਭਾਰਤ 2047 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਬਣ ਜਾਵੇ, ਪਰ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਵਿਕਸਿਤ ਦੇਸ਼ਾਂ ਦੇ ਬਰਾਬਰ ਹੋਣਾ ਬਹੁਤ ਮੁਸ਼ਕਿਲ ਹੈ।

(ਬਾਕੀ ਸਫ਼ਾ 27 ’ਤੇ)

# 'ਦਹਿਸ਼ਤੀ ਸਿਸਟਮ' ਦਾ ਟੁੱਟਣਾ ਅਤੇ ਸੰਘ ਦੀ ਸਾਖ ਬਚਾਉਣ ਦੀ ਚੁਣੌਤੀ



ਆਸ਼ੂਤੋਸ਼ ਸੀਨੀਅਰ ਪੱਤਰਕਾਰ

ਇੰਝ ਲੱਗਦਾ ਹੈ ਕਿ ਸੰਘ ਪਰਿਵਾਰ ਇੱਕ ਸੁਪਰਫਾਸਟ ਟ੍ਰੇਨ ਵਾਂਗ ਦੌੜ ਰਿਹਾ ਹੈ ਤੇ ਇਸ ਗੱਲ ਤੋਂ ਬੇਖ਼ਬਰ ਹੈ ਕਿ ਸਾਹਮਣੇ ਆਉਣ ਵਾਲੇ ਪਹਾੜ ਨੂੰ ਦੇਖਦਿਆਂ ਜੇਕਰ ਉਸ ਨੇ ਆਪਣਾ ਟ੍ਰੈਕ (ਪਟੜੀ) ਨਾ ਬਦਲਿਆ ਤਾਂ ਹਾਦਸਾ ਹੋਣਾ ਤੈਅ ਹੈ। ਮੋਹਨ ਭਾਗਵਤ ਇਸ ਗੱਲ ਨੂੰ ਸਮਝਦੇ ਹੋਣ ਕਰਕੇ ਵਾਰ-ਵਾਰ ਸੰਘ ਪਰਿਵਾਰ ਨੂੰ ਪਟੜੀ ਬਦਲਣ ਦੀ ਸਲਾਹ ਦੇ ਰਹੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਸੰਘ ਪਰਿਵਾਰ ਨੂੰ ਲੱਗੇ 'ਸ਼ਾਹੀ ਰੋਗ' ਕਰਕੇ ਇਸ ਦਾ ਪਤਨ ਯਕੀਨੀ ਹੈ। 'ਜੈੱਨ-ਜ਼ੀ' ਅੰਦੋਲਨ ਬਾਰੇ ਭਾਗਵਤ ਦਾ ਹਾਲੀਆ ਬਿਆਨ ਸੱਤਾ ਦੇ ਨਸ਼ੇ 'ਚ ਡੁੱਬੇ ਸੰਘ ਪਰਿਵਾਰ ਲਈ ਇੱਕ ਗੰਭੀਰ ਮਸ਼ਵਰਾ ਹੈ, ਜੋ ਹੁਣ ਤੱਕ ਉਨ੍ਹਾਂ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਦੇ ਦੱਸੇ ਰਸਤੇ 'ਤੇ ਚੱਲਣ ਲਈ ਤਿਆਰ ਨਹੀਂ ਸੀ ਜਾਪਦਾ। ਪਰ ਹੁਣ ਪਾਣੀ ਨੱਕ ਤੱਕ ਪਹੁੰਚ ਗਿਆ ਹੈ। ਭਾਵੇਂ ਭਾਗਵਤ ਨੇ ਕਾਕਰੋਚ ਅੰਦੋਲਨ ਬਾਰੇ ਥੋੜ੍ਹੀ ਦੇਰ ਨਾਲ ਗੱਲ ਕੀਤੀ ਹੈ, ਪਰ ਉਹ ਬਹੁਤ ਸੋਚ-ਸਮਝ ਕੇ ਬੋਲੇ ਹਨ। ਉਨ੍ਹਾਂ 'ਜੈੱਨ-ਜ਼ੀ' ਬਾਰੇ ਗੱਲ ਕਰਦਿਆਂ 3 ਬਹੁਤ ਅਹਿਮ ਗੱਲਾਂ ਕਹਿ ਕੇ ਸੰਘ ਪਰਿਵਾਰ, ਖਾਸ ਕਰਕੇ ਸਰਕਾਰ ਨੂੰ ਸੁਨੇਹਾ ਦੇ ਦਿੱਤਾ ਹੈ ਕਿ ਉਹ ਸਮਾਂ ਆ ਗਿਆ ਹੈ, ਜਦੋਂ ਭਾਜਪਾ ਨੂੰ ਆਪਣਾ ਰਸਤਾ ਬਦਲਣ ਦੀ ਸਖ਼ਤ ਲੋੜ ਹੈ।

ਪਹਿਲਾ, ਭਾਗਵਤ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ 'ਜੈੱਨ-ਜ਼ੀ ਅੰਦੋਲਨ' ਰਾਸ਼ਟਰ ਵਿਰੋਧੀ ਨਹੀਂ ਹੈ, ਇਸ ਮਾਮਲੇ 'ਚ ਉਹ ਸਾਡੇ ਨਾਲੋਂ ਕਿਤੇ ਜ਼ਿਆਦਾ ਇਮਾਨਦਾਰ ਹਨ। ਉਨ੍ਹਾਂ ਦਾ ਇਹ ਬਿਆਨ ਆਰ.ਐਸ.ਐਸ. ਦੇ ਤੀਜੇ ਨੰਬਰ ਦੇ ਨੇਤਾ ਅਤੁਲ ਲਿਮਯੇ ਲਈ ਵੱਡੀ ਫਿਟਕਾਰ ਹੈ, ਜਿਸ ਨੇ ਬੀਤੇ ਦਿਨੀਂ ਜੰਤਰ-ਮੰਤਰ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਤੇ ਸੰਵਿਧਾਨ ਵਿਰੋਧੀ ਕਿਹਾ ਸੀ। ਅਤੁਲ ਲਿਮਯੇ ਨੇ ਆਪਣੇ ਬਿਆਨ 'ਚ ਭਾਜਪਾ, ਸਰਕਾਰ ਤੇ ਸੰਘ ਦੇ ਹੋਰ ਸੰਗਠਨਾਂ ਦੇ ਬਿਆਨਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਲਗਾਤਾਰ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਤੇ ਵਿਦੇਸ਼ੀ ਸਾਜਿਸ਼ ਦੱਸ ਰਹੇ ਸਨ। ਸੰਘ ਵਿੱਚ ਲਿਮਯੇ ਦੇ ਕੱਦ ਦਾ ਨੇਤਾ ਬਹੁਤ ਸੋਚ ਸਮਝ ਕੇ ਬਿਆਨ ਦਿੰਦਾ ਹੈ ਅਤੇ ਫਿਰ ਅਜਿਹੇ ਬਿਆਨ ਦਾ ਕੋਈ ਖੰਡਨ ਵੀ ਨਹੀਂ ਕਰਦਾ। ਅਜਿਹੇ 'ਚ ਸੰਘ ਮੁਖੀ ਭਾਗਵਤ ਦੁਆਰਾ ਲਿਮਯੇ ਦੇ ਬਿਆਨ ਦੇ ਬਿਲਕੁਲ ਉਲਟ, ਪੂਰੇ ਅੰਦੋਲਨ ਨੂੰ ਜਾਇਜ਼ ਠਹਿਰਾਉਣਾ ਸੰਘ ਪਰਿਵਾਰ ਦੇ ਲਈ ਇੱਕ ਵੱਡਾ ਝਟਕਾ ਹੈ। ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਅੰਦੋਲਨ ਨੂੰ ਲੈ ਕੇ ਸੰਘ ਅੰਦਰ ਇੱਕ ਰਾਇ ਨਹੀਂ ਹੈ ਅਤੇ ਸੰਘ ਦੇ ਅੰਦਰ ਇੱਕ ਵੱਡਾ ਤਬਕਾ ਅਜਿਹਾ ਹੈ ਜੋ ਸੱਚਾਈ ਨੂੰ ਵੇਖਣ ਤੋਂ ਇਨਕਾਰੀ ਹੈ ਜਾਂ ਆਪਣੀ ਵਿਚਾਰਧਾਰਾ 'ਚ ਅੰਨ੍ਹਾ ਹੋ ਚੁੱਕਾ ਹੈ। ਦਰਅਸਲ ਭਾਗਵਤ ਦਾ ਬਿਆਨ ਅਜਿਹੇ ਲੋਕਾਂ ਲਈ ਇੱਕ ਸਖ਼ਤ ਚਿਤਾਵਨੀ ਹੈ ਕਿ ਅਜੇ ਵੀ ਸਮਾਂ ਹੈ ਜਾਗ ਜਾਓ, ਨਹੀਂ ਤਾਂ ਸੰਘ ਪਰਿਵਾਰ ਨੂੰ ਕੋਈ ਨਹੀਂ ਬਚਾਅ ਸਕੇਗਾ।




ਦੂਜਾ, ਭਾਗਵਤ ਨੇ ਆਪਣੇ ਬਿਆਨ ਰਾਹੀਂ ਲੋਕਤੰਤਰ ਤੇ ਜਨਤਕ ਅੰਦੋਲਨਾਂ ਦੇ ਰਿਸ਼ਤੇ ਨੂੰ ਬਹੁਤ ਹੀ ਬਾਰੀਕੀ ਨਾਲ ਰੇਖਾਂਕਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ 'ਲੋਕਤੰਤਰ 'ਚ ਵਿਰੋਧ ਪ੍ਰਦਰਸ਼ਨ ਵੀ ਇੱਕ ਗੱਲਬਾਤ ਹੈ, ਜਦੋਂ ਕੋਈ ਨਾ ਸੁਣੇ ਤਾਂ ਚੀਕਣਾ ਪੈਂਦਾ ਹੈ।' ਦਰਅਸਲ ਪਿਛਲੇ 12 ਸਾਲਾਂ ਤੋਂ ਭਾਰਤੀ ਲੋਕਤੰਤਰ 'ਚ ਲਗਾਤਾਰ ਇੱਕ ਬਿਰਤਾਂਤ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਰੋਧ ਪ੍ਰਦਰਸ਼ਨ, ਧਰਨੇ ਤੇ ਅੰਦੋਲਨ ਦੇਸ਼ 'ਚ ਅਸਥਿਰਤਾ ਪੈਦਾ ਕਰ ਕੇ ਅਰਾਜਕਤਾ ਫੈਲਾਉਂਦੇ ਹਨ ਤੇ ਆਮ ਜੀਵਨ ਵਿੱਚ ਵਿਘਨ ਪਾਉਂਦੇ ਹਨ। ਇਸੇ ਲਈ ਹਰ ਅੰਦੋਲਨ ਭਾਵੇਂ ਉਹ ਕਿਸਾਨਾਂ ਦਾ ਜਾਂ ਸ਼ਾਹੀਨ ਬਾਗ ਦਾ ਹੋਵੇ ਉਸ ਦਾ ਵਿਰੋਧ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਵਿਦੇਸ਼ੀ ਸਾਜਿਸ਼ ਦੱਸ ਕੇ ਅੰਦੋਲਨਾਂ ਦੇ ਅਕਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭੁੱਖ ਹੜਤਾਲ ਕਰਨ ਦੇ ਸਿਰਫ਼ ਸ਼ੱਕ ਕਾਰਨ ਪੁਲਿਸ ਲੋਕਾਂ ਦੇ ਘਰਾਂ ਤੱਕ ਪਹੁੰਚ ਜਾਂਦੀ ਹੈ। ਅਜਿਹੇ ਲੋਕਾਂ ਨੂੰ ਗੈਰਕਾਨੂੰਨੀ ਤੌਰ 'ਤੇ ਘੰਟਿਆਂ ਤੱਕ ਥਾਣਿਆਂ ਵਿਚ ਬਿਠਾਇਆ ਜਾਂਦਾ ਹੈ ਜਾਂ ਉਨ੍ਹਾਂ ਦੇ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਕਰਕੇ ਸਖ਼ਤ ਧਾਰਾਵਾਂ ਤਹਿਤ ਵੱਡੀ ਗਿਣਤੀ ਵਿੱਚ ਐਫ.ਆਈ.ਆਰ. ਦਰਜ ਕੀਤੀਆਂ ਜਾਂਦੀਆਂ ਹਨ, ਟੀ.ਵੀ. ਚੈਨਲ ਵਿਰੋਧ ਪ੍ਰਦਰਸ਼ਨਾਂ ਦਾ ਸਮਰਥਨ ਕਰਨ ਦੀ ਬਜਾਏ ਸ਼ਰੇਆਮ ਪੁਲਿਸ, ਸਰਕਾਰ ਤੇ ਸੱਤਾਧਾਰੀ ਪਾਰਟੀ ਦਾ ਪੱਖ ਲੈਂਦੇ ਹਨ। ਇਸੇ ਲਈ ਕਿਸਾਨ ਅੰਦੋਲਨ ਨੂੰ ਖੁੱਲ੍ਹੇਆਮ ਖ਼ਾਲਿਸਤਾਨੀ ਕਿਹਾ ਗਿਆ ਤੇ ਸ਼ਾਹੀਨ ਬਾਗ ਦੇ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਦੱਸਿਆ ਜਾਂਦਾ ਰਿਹਾ ਜਦਕਿ ਹਰ ਕੋਈ ਜਾਣਦਾ ਹੈ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਇਹ ਲੋਕ ਗਾਂਧੀਵਾਦੀ ਤਰੀਕੇ ਨਾਲ ਸੜਕਾਂ 'ਤੇ ਬੈਠੇ ਸਨ। ਉਨ੍ਹਾਂ ਦੇ ਮੁੱਦਿਆਂ 'ਤੇ ਚਰਚਾ ਕਰਨ ਦੀ ਬਜਾਏ ਟੀ.ਵੀ. ਚੈਨਲਾਂ 'ਤੇ ਗਿਣੇ ਮਿੱਥੇ ਢੰਗ ਨਾਲ ਚਰਚਾ ਕਰਵਾ ਕੇ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਦੇਸ਼ ਵਿਚ ਅਸਥਿਰਤਾ ਦਾ ਮਾਹੌਲ ਬਣਾਉਣ ਦੇ ਯਤਨ ਹੋ ਰਹੇ ਹਨ। ਗੁਆਂਢੀ ਦੇਸ਼ਾਂ- ਸ੍ਰੀਲੰਕਾ, ਬੰਗਲਾਦੇਸ਼ ਤੇ ਨਿਪਾਲ 'ਚ ਜੈੱਨ-ਜ਼ੀ ਅੰਦੋਲਨਾਂ ਕਾਰਨ ਸੱਤਾ ਤਬਦੀਲੀ ਹੋਣ ਤੋਂ ਬਾਅਦ ਹਰੇਕ ਵਿਰੋਧ ਪ੍ਰਦਰਸ਼ਨ ਨੂੰ ਵੱਡੀ ਸਾਜਿਸ਼ ਦੱਸ ਕੇ ਲੋਕਾਂ ਨੂੰ ਡਰਾਇਆ ਜਾ ਰਿਹਾ ਹੈ। ਭਾਜਪਾ ਨੇਤਾਵਾਂ ਨੇ ਜੰਤਰ-ਮੰਤਰ 'ਤੇ ਧਰਮਿੰਦਰ ਪ੍ਰਧਾਨ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੂੰ 'ਅੱਤਵਾਦੀਆਂ ਦੀ ਬੀ ਟੀਮ' ਕਿਹਾ ਤਾਂ ਭਾਜਪਾ ਦੇ ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਉਨ੍ਹਾਂ ਨੂੰ 'ਵਾਇਰਸ ਤੇ ਦੇਸ਼ ਦੇ ਟੁਕੜੇ ਕਰਨ ਵਾਲੇ' ਕਰਾਰ ਦਿੱਤਾ। ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਜੈੱਨ-ਜ਼ੀ ਨੂੰ 'ਜੈੱਨ-ਗਟਰ' ਕਿਹਾ ਹੈ। ਆਰ.ਐਸ.ਐਸ. ਦੇ ਵਿਚਾਰਧਾਰਕ ਮੋਹਨਦਾਸ ਨੇ ਤਾਂ ਸਾਰੀਆਂ ਹੱਦਾਂ ਪਾਰ ਕਰਦਿਆਂ ਕਿਹਾ, 'ਮੈਂ ਹੁੰਦਾ ਤਾਂ ਉਸ ਇਲਾਕੇ 'ਚ ਕਰਫਿਊ ਲਾ ਕੇ 3 ਵਾਰ ਵਾਰਨਿੰਗ ਦੇ ਕੇ ਗੋਲੀ ਚਲਵਾ ਦਿੰਦਾ, ਕੁਝ ਲੋਕ ਮਰਦੇ ਤਾਂ ਉਨ੍ਹਾਂ ਨੂੰ ਉਠਵਾ ਕੇ ਹਸਪਤਾਲ ਭੇਜ ਦਿੰਦਾ।' ਪਰ ਭਾਗਵਤ ਨੇ ਵਿਰੋਧ ਪ੍ਰਦਰਸ਼ਨ ਨੂੰ ਜਾਇਜ਼ ਠਹਿਰਾ ਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਕੇ ਇਨ੍ਹਾਂ ਸਾਰਿਆਂ ਦੀ ਬੋਲਤੀ ਬੰਦ ਕਰ ਦਿੱਤੀ ਹੈ।

ਤੀਜਾ, ਮੋਹਨ ਭਾਗਵਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਰਕਾਰ ਦੇ ਸਿਖ਼ਰ 'ਤੇ ਬੈਠੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਪ੍ਰਦਰਸ਼ਨਕਾਰੀਆਂ ਵਿਰੁੱਧ ਜ਼ੁਬਾਨੀ ਹਮਲੇ ਤੇ ਬੇਰਹਿਮੀ ਨਾਲ ਕੀਤੀ ਮਾਰਕੁੱਟ ਸੰਭਵ ਨਹੀਂ ਸੀ। ਇਸ ਲਈ ਭਾਗਵਤ ਨੇ ਉਨ੍ਹਾਂ ਨੂੰ ਵੀ ਨਸੀਹਤ ਦਿੰਦਿਆਂ ਕਿਹਾ ਹੈ ਕਿ ਲੀਡਰਸ਼ਿਪ ਸਿਰਫ਼ ਭਾਸ਼ਨ ਦੇਣ, ਪ੍ਰਚਾਰ ਕਰਨ, ਸਾਹਮਣੇ ਖੜ੍ਹੇ ਹੋਣ ਤੇ ਚੋਣਾਂ ਜਿੱਤਣ ਦਾ ਨਾਂਅ ਨਹੀਂ ਹੈ। ਇਕ ਅਸਲੀ ਨੇਤਾ ਉਹ ਹੁੰਦਾ ਹੈ, ਜੋ ਪਰਦੇ ਪਿੱਛੇ ਰਹਿ ਕੇ ਅੰਦਰੋਂ ਕੰਮ ਕਰਦਾ ਹੈ। ਉਨ੍ਹਾਂ ਦੀ ਇਹ ਟਿੱਪਣੀ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਅਤੇ ਸ਼ਾਹ 'ਤੇ ਨਿਸ਼ਾਨਾ ਹੈ, ਜੋ ਹਰ ਚੀਜ਼ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰਦਿਆਂ ਹਮੇਸ਼ਾ ਦੂਜਿਆਂ ਨੂੰ ਭਾਸ਼ਨ ਦੇਣ ਤੇ ਪ੍ਰਚਾਰ ਕਰਕੇ ਚੋਣਾਂ ਜਿੱਤਣ ਨੂੰ ਹੀ ਲੋਕਤੰਤਰ ਮੰਨਦੇ ਹਨ। ਮੋਹਨ ਭਾਗਵਤ ਨੇ 2024 ਦੀਆਂ ਚੋਣਾਂ ਤੋਂ ਬਾਅਦ ਵੀ ਕਿਹਾ ਸੀ ਕਿ ਵਿਰੋਧੀ ਦੁਸ਼ਮਣ ਨਹੀਂ ਹੁੰਦੇ, ਉਹ ਵਿਰੋਧੀ ਧਿਰ ਹੁੰਦੀ ਹੈ ਅਤੇ ਇੱਕ ਸਵੈ-ਸੇਵਕ 'ਚ ਕੋਈ ਹੰਕਾਰ ਨਹੀਂ ਹੁੰਦਾ। ਅਜੋਕਾ ਬਿਆਨ ਉਸੇ ਬਿਆਨ ਦਾ ਵਿਸਥਾਰ ਹੈ ਅਤੇ ਉਹ ਹੰਕਾਰ ਨਾਲ ਭਰੀ ਭਾਜਪਾ ਲੀਡਰਸ਼ਿਪ ਦੀ ਆਲੋਚਨਾ ਕਰ ਰਹੇ ਹਨ। ਉਹ ਕਿਤੇ ਨਾ ਕਿਤੇ ਮੌਜੂਦਾ ਸੰਕਟ ਲਈ ਮੋਦੀ ਤੇ ਸ਼ਾਹ ਨੂੰ ਦੋਸ਼ੀ ਠਹਿਰਾ ਰਹੇ ਹਨ।

(ਬਾਕੀ ਸਫ਼ਾ 27 'ਤੇ)

# ਸਿਆਸੀ ਬਿਰਤਾਂਤ ਤੋਂ ਚੌਕਸ ਰਹਿਣ ਦੀ ਲੋੜ



ਡਾ. ਅਰੁਣ ਮਿੱਤਰਾ

ਮੈਂ 46 ਸਾਲ ਪਹਿਲਾਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਫ.) ਦੇ 'ਜੋਬ ਜਾਂ ਜੇਲ੍ਹ' ਅੰਦੋਲਨ 'ਚ ਹਿੱਸਾ ਲਿਆ ਸੀ। ਮੇਰੀਆਂ ਯਾਦਾਂ 19 ਜੁਲਾਈ 2026 ਨੂੰ ਮੁੜ ਤਾਜ਼ਾ ਹੋ ਗਈਆਂ, ਜਦੋਂ ਮੈਂ ਜੰਤਰ-ਮੰਤਰ ਵਿਖੇ ਏ.ਆਈ.ਐਸ.ਐਫ. ਸਟਾਲ 'ਤੇ ਵਿਦਿਆਰਥੀਆਂ ਨਾਲ ਲਗਭਗ 4 ਘੰਟੇ ਬਿਤਾਏ, ਜਿੱਥੇ 4 ਵਿਦਿਆਰਥੀ ਭੁੱਖ ਹੜਤਾਲ 'ਤੇ ਬੈਠੇ ਸਨ। ਬਹੁਤ ਗਰਮੀ ਤੇ ਵੱਡੀ ਭੀੜ ਹੋਣ ਕਰਕੇ ਸਾਹ ਲੈਣਾ ਮੁਸ਼ਕਿਲ ਹੋ ਰਿਹਾ ਸੀ, ਜਿਸ ਦੌਰਾਨ ਇੱਕ ਲੜਕੀ 'ਡੀਹਾਈਡਰੇਸ਼ਨ' ਕਾਰਨ ਬੇਹੋਸ਼ ਹੋ ਕੇ ਡਿੱਗ ਪਈ ਤਾਂ ਵਿਦਿਆਰਥੀ ਉਸ ਨੂੰ ਤੁਰੰਤ ਜਾਂਚ ਲਈ ਸਟਾਲ 'ਤੇ ਲੈ ਗਏ। ਮੈਂ ਉਨ੍ਹਾਂ ਨੂੰ ਲੜਕੀ ਦੇ ਜਲਦੀ ਠੀਕ ਹੋਣ ਦਾ ਭਰੋਸਾ ਦਿਵਾਉਂਦਿਆ ਦੱਸਿਆ ਕਿ ਜਦੋਂ ਉਹ ਹੋਸ਼ 'ਚ ਆ ਗਈ, ਤਾਂ ਅਸੀਂ ਉਸ ਲਈ ਓਰਲ ਓ.ਆਰ.ਐਸ. ਦਾ ਪ੍ਰਬੰਧ ਕਰਾਂਗੇ। ਥੋੜ੍ਹੀ ਦੇਰ ਬਾਅਦ ਮੈਡੀਕਲ ਟੀਮ ਨੇ ਉਸ ਦੀ ਦੇਖਭਾਲ ਕੀਤੀ ਤੇ ਜਲਦੀ ਹੀ ਉਸ ਨੂੰ ਹੋਸ਼ ਆ ਗਈ, ਉਹ ਥੋੜ੍ਹਾ ਪਾਣੀ ਪੀ ਕੇ ਦ੍ਰਿੜ੍ਹ ਇਰਾਦੇ ਨਾਲ ਉੱਠ ਕੇ ਬੈਠ ਗਈ, ਪਰ ਮੈਂ ਉਸ ਨੂੰ ਸਹੀ ਜਾਂਚ ਲਈ ਹਸਪਤਾਲ ਜਾਣ ਦੀ ਜ਼ਰੂਰਤ ਬਾਰੇ ਸਮਝਾਇਆ। ਉਹ ਹਸਪਤਾਲ ਤੋਂ ਲਗਭਗ ਇੱਕ ਘੰਟੇ ਬਾਅਦ ਖ਼ੁਦ ਚੱਲ ਕੇ ਵਾਪਸ ਆ ਗਈ।

ਮੈਂ ਇਸ ਘਟਨਾ ਦਾ ਜ਼ਿਕਰ ਇਸ ਲਈ ਕਰ ਰਿਹਾ ਹਾਂ, ਕਿਉਂਕਿ ਉਹ ਲੜਕੀ 18-19 ਸਾਲ ਦੀ ਸਰੀਰਕ ਤੌਰ 'ਤੇ ਕਮਜ਼ੋਰ ਤੇ ਬਹੁਤ ਪਤਲੀ ਸੀ, ਪਰ ਬਹੁਤ ਹੀ ਹਿੰਮਤ ਤੇ ਦ੍ਰਿੜ੍ਹ ਇਰਾਦੇ ਵਾਲੀ ਹੋਣ ਕਰਕੇ ਉਸ ਨੇ ਮੇਰੇ 'ਤੇ ਡੂੰਘੀ ਛਾਪ ਛੱਡੀ। ਉਸ ਨੂੰ ਤੇ ਉੱਥੇ ਇਕੱਠੇ ਹੋਏ ਹਜ਼ਾਰਾਂ ਵਿਦਿਆਰਥੀਆਂ ਨੂੰ ਦੇਖ ਕੇ ਮੈਂ ਉਮੀਦ ਨਾਲ ਭਰ ਗਿਆ, ਕਿਉਂਕਿ ਸਾਲਾਂ ਤੋਂ ਸਾਡੇ 'ਚੋਂ ਬਹੁਤੇ ਸੋਚਦੇ ਸਨ ਕਿ ਅੱਜ ਦੀ ਪੀੜ੍ਹੀ ਇੰਨੀ ਚੁੱਪ ਕਿਉਂ ਹੈ? ਉਸ ਦਿਨ ਇਸ ਸਵਾਲ ਦਾ ਜਵਾਬ ਮਿਲ ਗਿਆ ਕਿ ਨੌਜਵਾਨ ਪੀੜ੍ਹੀ ਚੁੱਪ ਨਹੀਂ ਸੀ, ਉਸ ਦੀ ਆਵਾਜ਼ ਦਬਾ ਦਿੱਤੀ ਗਈ ਸੀ। ਇਹ ਆਵਾਜ਼ ਹਾਲਾਤ ਤੇ ਜ਼ਰੂਰਤ ਪੈਣ 'ਤੇ ਜ਼ਬਰਦਸਤ ਤਾਕਤ ਨਾਲ ਸਾਹਮਣੇ ਆ ਗਈ ਹੈ। ਦਰਅਸਲ ਨੀਟ ਪ੍ਰੀਖਿਆ ਦੇ ਪੇਪਰ ਲੀਕ ਨੇ ਲੱਖਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਕ ਵੱਡਾ ਝਟਕਾ ਦਿੱਤਾ, ਜਿਨ੍ਹਾਂ ਨੇ ਬਿਹਤਰ ਭਵਿੱਖ ਲਈ ਸਾਲਾਂ ਤੋਂ ਸਖ਼ਤ ਮਿਹਨਤ ਕੀਤੀ ਸੀ। ਇਸ ਸਕੈਂਡਲ ਨੇ ਅਣਗਿਣਤ ਨੌਜਵਾਨਾਂ ਦਾ ਵਿਸ਼ਵਾਸ ਤੋੜ ਕੇ ਉਨ੍ਹਾਂ ਨੂੰ ਨਿਰਾਸ਼ ਕਰ ਦਿੱਤਾ, ਡਾਕਟਰ ਬਣਨ ਦੇ ਚਾਹਵਾਨ ਲਗਭਗ 20 ਪ੍ਰੀਖਿਆਰਥੀ ਖੁਦਕੁਸ਼ੀਆਂ ਕਰ ਗਏ। ਮਾਪਿਆਂ ਲਈ ਆਪਣੇ ਬੱਚਿਆਂ ਦੀ ਚਿਤਾ ਨੂੰ ਅੱਗ ਲਗਾਉਣ ਤੋਂ ਵੱਡਾ ਕੋਈ ਦੁੱਖ ਨਹੀਂ ਹੋ ਸਕਦਾ। ਇਹ ਦੁਖਦਾਈ ਘਟਨਾ ਇੱਕ ਪੂਰੀ ਪੀੜ੍ਹੀ ਨੂੰ ਡੂੰਘਾ ਭਾਵਨਾਤਮਿਕ ਜ਼ਖ਼ਮ ਦੇ ਗਈ, ਜੋ ਲੰਬੇ ਸਮੇਂ ਤੋਂ ਆਪਣੇ ਦਰਦ, ਗੁੱਸੇ ਤੇ ਦੱਬੀਆਂ ਹੋਈਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਮੌਕਾ ਲੱਭ ਰਹੀ ਸੀ।

ਇਹ ਗੁੱਸਾ ਉਦੋਂ ਭੜਕਿਆ ਜਦੋਂ ਸਰਬਉੱਚ ਅਦਾਲਤ ਦੇ ਮੁਖੀ ਨੇ ਕਥਿਤ ਤੌਰ 'ਤੇ ਵਿਦਿਆਰਥੀਆਂ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ 'ਕਾਕਰੋਚ' ਕਿਹਾ ਤਾਂ ਇਸ ਦੇ ਜਵਾਬ 'ਚ ਪ੍ਰਤੀਕਾਤਮਿਕ ਤੌਰ 'ਤੇ 'ਕਾਕਰੋਚ ਜਨਤਾ ਪਾਰਟੀ' ਸੀ.ਜੇ.ਪੀ. ਦਾ ਜਨਮ ਹੋਇਆ। ਸਿੱਖਿਆ ਤੇ ਰੁਜ਼ਗਾਰ ਲਈ ਸੰਘਰਸ਼ ਕਰ ਰਹੇ ਨੌਜਵਾਨਾਂ ਦੀ ਤੁਲਨਾ ਅਜਿਹੇ ਜੀਵਾਂ ਨਾਲ ਕਰਨ ਤੋਂ ਵੱਧ ਅਪਮਾਨਜਨਕ ਹੋਰ ਕੁਝ ਨਹੀਂ ਹੋ ਸਕਦਾ, ਕਾਕਰੋਚਾਂ ਨੂੰ ਦੁਨੀਆ ਭਰ 'ਚ ਗੰਦਗੀ ਤੇ ਤਬਾਹੀ ਨਾਲ ਜੋੜਿਆ ਜਾਂਦਾ ਹੈ। ਇਹ ਗੱਲ ਉਸ ਅਪਮਾਨ ਦਾ ਪ੍ਰਤੀਕ ਬਣ ਗਈ, ਜਿਸ ਦਾ ਬਹੁਤ ਸਾਰੇ ਵਿਦਿਆਰਥੀ ਸਾਹਮਣਾ ਕਰ ਰਹੇ ਹਨ। ਜਦੋਂ ਜੰਤਰ-ਮੰਤਰ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਤਾਂ ਬਹੁਤੇ ਲੋਕਾਂ ਨੇ ਸੋਚਿਆ ਕਿ ਬਹੁਤ ਥੋੜ੍ਹੇ ਲੋਕ ਹੀ ਆਉਣਗੇ, ਜ਼ਿਆਦਾਤਰ ਮੁੱਖ ਧਾਰਾ ਦੀ ਮੀਡੀਆ ਤੇ ਸੋਸ਼ਲ ਮੀਡੀਆ ਨੇ ਇਸ ਵਿਰੋਧ ਪ੍ਰਦਰਸ਼ਨ ਨੂੰ ਮਾਮੂਲੀ ਸਮਝ ਕੇ ਖਾਰਜ ਕਰ ਦਿੱਤਾ। ਅੰਦੋਲਨ ਨੂੰ ਉਸ ਸਮੇਂ ਨਵੀਂ ਤਾਕਤ ਮਿਲੀ ਜਦੋਂ ਨਾਮਵਰ ਸਮਾਜਿਕ ਕਾਰਕੁੰਨ ਸੋਨਮ ਵਾਂਗਚੁਕ ਨੇ ਵਿਦਿਆਰਥੀਆਂ ਨਾਲ ਇਕਜੁੱਟਤਾ ਦਿਖਾਉਂਦਿਆਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜਦੋਂ ਵਾਂਗਚੁਕ ਨੂੰ ਸਖ਼ਤੀ ਤੇ ਦਮਨਕਾਰੀ ਢੰਗ ਨਾਲ ਹਿਰਾਸਤ ਵਿਚ ਲਿਆ ਗਿਆ ਤਾਂ ਹਾਲਾਤ ਇਕਦਮ ਬਦਲ ਗਏ, ਜੰਤਰ-ਮੰਤਰ ਤੇ ਦਿੱਲੀ ਦੀਆਂ ਸੜਕਾਂ 'ਤੇ ਨੌਜਵਾਨਾਂ ਦੇ ਵਿਰੋਧ ਦੀ ਲਹਿਰ ਫੈਲ ਗਈ।

ਨਾ ਸਰਕਾਰ, ਨਾ ਜਨਤਾ ਤੇ ਨਾ ਹੀ ਪ੍ਰਬੰਧਕਾਂ ਨੇ ਸੋਚਿਆ ਸੀ ਕਿ 20 ਜੁਲਾਈ ਨੂੰ ਰਾਜਧਾਨੀ 'ਚ ਲੱਖਾਂ ਨੌਜਵਾਨ ਇਕੱਠੇ ਹੋ ਕੇ ਭਿਆਨਕ ਗਰਮੀ ਦੌਰਾਨ ਸ਼ਾਂਤੀਪੂਰਵਕ ਸਰਕਾਰੀ ਦਮਨ ਦਾ ਸਾਹਮਣਾ ਕਰਨਗੇ। ਇਨ੍ਹਾਂ ਵਿਦਿਆਰਥੀਆਂ ਨੂੰ ਅਕਸਰ ਸਿਰਫ਼ ਮੋਬਾਈਲ ਫੋਨ ਤੇ ਸੋਸ਼ਲ ਮੀਡੀਆ 'ਚ ਦਿਲਚਸਪੀ ਰੱਖਣ ਵਾਲੀ ਪੀੜ੍ਹੀ ਮੰਨਿਆ ਜਾਂਦਾ ਸੀ, ਪਰ ਇਨ੍ਹਾਂ ਬਹੁਤ ਹਿੰਮਤ ਨਾਲ ਆਪਣੀ ਜਗ੍ਹਾ 'ਤੇ ਖੜ੍ਹੇ ਰਹਿ ਕੇ ਪੁਲਿਸ ਲਾਠੀਚਾਰਜ ਦਾ ਸਾਹਮਣਾ ਕੀਤਾ। ਇਹ ਵਿਸ਼ਾਲ ਇਕੱਠ ਸਿਰਫ਼ ਕਿਸੇ ਇਕ ਸੰਗਠਨ ਦੀ ਸਫਲਤਾ ਨਹੀਂ ਸੀ, ਸਗੋਂ ਕਈ ਵਿਦਿਆਰਥੀ ਸਮੂਹਾਂ ਤੇ ਯੁਵਾ ਸੰਗਠਨਾਂ ਦੇ ਸਾਂਝੇ ਯਤਨਾਂ ਦਾ ਨਤੀਜਾ ਸੀ। ਉਨ੍ਹਾਂ ਨਾਅਰੇ ਲਗਾਏ, ਪੋਸਟਰ ਬਣਾਏ, ਵੀਡੀਓ ਰਿਕਾਰਡ ਕਰਕੇ ਸੋਸ਼ਲ ਮੀਡੀਆ 'ਤੇ ਸਾਂਝੇ ਕਰਦਿਆਂ ਵਿਰੋਧ ਪ੍ਰਦਰਸ਼ਨ ਨੂੰ ਲੋਕਤੰਤਰੀ ਭਾਗੀਦਾਰੀ ਦੇ ਇੱਕ ਸ਼ਕਤੀਸ਼ਾਲੀ ਪ੍ਰਦਰਸ਼ਨ 'ਚ ਬਦਲ ਦਿੱਤਾ। ਉਨ੍ਹਾਂ ਦੀਆਂ ਮੁੱਖ ਮੰਗਾਂ ਵਿੱਚ ਸਿੱਖਿਆ ਮੰਤਰੀ ਦਾ ਅਸਤੀਫ਼ਾ, ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ 1-1 ਕਰੋੜ ਰੁਪਏ ਦਾ ਮੁਆਵਜ਼ਾ, ਸੋਨਮ ਵਾਂਗਚੁਕ ਦੀ ਰਿਹਾਈ ਤੇ ਦੇਸ਼ ਦੀ ਸਿੱਖਿਆ ਪ੍ਰਣਾਲੀ 'ਚ ਵੱਡੇ ਸੁਧਾਰ ਸ਼ਾਮਿਲ ਸਨ। ਇਨ੍ਹਾਂ ਵਿਦਿਆਰਥੀਆਂ ਨੇ ਵੱਡੀ ਹਿੰਮਤ ਦਿਖਾਉਂਦਿਆਂ ਇੱਕ ਅਜਿਹੇ ਨੇਤਾ ਨੂੰ ਚੁਣੌਤੀ ਦਿੱਤੀ, ਜੋ ਆਪਣੇ ਆਪ ਨੂੰ 'ਗੈਰ-ਜੈਵਿਕ' ਭਾਵ ਮਾਂ ਦੀ ਕੁੱਖ ਤੋਂ ਪੈਦਾ ਨਾ ਹੋਣ ਵਾਲਾ ਦੱਸਦਾ ਸੀ ਅਤੇ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਮਰਜ਼ੀ ਤੋਂ ਬਿਨਾਂ ਕੇਂਦਰ ਸਰਕਾਰ 'ਚ ਪੱਤਾ ਵੀ ਨਹੀਂ ਹਿੱਲਦਾ। ਨੌਜਵਾਨ ਪ੍ਰਦਰਸ਼ਨਕਾਰੀ ਲੜਕੇ- ਲੜਕੀਆਂ ਦਿਨ-ਰਾਤ ਇਕੱਠੇ ਰਹੇ ਤੇ ਫਿਰ ਵੀ ਕੋਈ ਗ਼ਲਤ ਘਟਨਾ ਸਾਹਮਣੇ ਨਹੀਂ ਆਈ। ਕਿਸਾਨ ਅੰਦੋਲਨ ਵਾਂਗ ਇਸ ਵਿਰੋਧ ਪ੍ਰਦਰਸ਼ਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ, ਹਾਲਾਂਕਿ ਉਹ ਸਭ ਅਸਫਲ ਰਹੀਆਂ ਹਨ।

ਇਸ ਅੰਦੋਲਨ ਨੂੰ ਨਾਕਾਮ ਕਰਨ ਲਈ ਮੈਟਰੋ ਸਟੇਸ਼ਨ ਬੰਦ ਕਰਕੇ ਰੇਲਵੇ ਰੂਟ ਤੱਕ ਬਦਲੇ ਗਏ, ਫਿਰ ਵੀ ਦੇਸ਼ ਭਰ ਤੋਂ ਲੱਖਾਂ ਨੌਜਵਾਨਾਂ ਨੇ ਦਿੱਲੀ ਪਹੁੰਚ ਕੇ ਸੰਸਦ ਵੱਲ ਮਾਰਚ ਕੀਤਾ। ਇੱਕ ਵਾਰ ਲੱਗਿਆ ਕਿ ਪੁਲਿਸ ਵੱਲੋਂ ਬੇਰਹਿਮੀ ਨਾਲ ਲਾਠੀਚਾਰਜ, ਅੱਥਰੂ ਗੈਸ, ਪੈਲੇਟ ਗੰਨ ਤੇ ਸ਼ਾਕ ਬੈਟਨ ਦੀ ਵਰਤੋਂ ਕਰ ਕੇ ਜੰਤਰ-ਮੰਤਰ 'ਤੇ ਇਕੱਠੇ ਹੋਏ ਨੌਜਵਾਨਾਂ ਨੂੰ ਖਿੰਡਾਅ ਦਿੱਤਾ ਹੈ, ਪਰ ਵਿਦਿਆਰਥੀਆਂ ਨੇ ਅਡੋਲ ਰਹਿ ਕੇ ਰਾਤ ਹੋਣ ਤੱਕ ਮੁੜ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਹਾਲਾਂਕਿ ਸੋਨਮ ਵਾਂਗਚੁਕ ਨੇ 23 ਜੁਲਾਈ ਨੂੰ 26ਵੇਂ ਦਿਨ ਵਿਸ਼ੇਸ਼ ਹਾਲਤਾਂ 'ਚ ਆਪਣਾ ਵਰਤ ਤੋੜ ਦਿੱਤਾ ਸੀ। ਇਤਿਹਾਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਈਮਨ ਕਮਿਸ਼ਨ ਦੇ ਭਾਰਤ ਆਉਣ ਸਮੇਂ ਲਾਲਾ ਲਾਜਪਤ ਰਾਏ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਜਾਣਾ ਬਸਤੀਵਾਦੀ ਬ੍ਰਿਟਿਸ਼ ਸ਼ਾਸਨ ਦੇ ਤਾਬੂਤ 'ਚ ਆਖਰੀ ਕਿੱਲ ਸਾਬਤ ਹੋਇਆ ਸੀ। ਇਸੇ ਤਰ੍ਹਾਂ ਜੁਲਾਈ ਦੀਆਂ ਘਟਨਾਵਾਂ ਇਤਿਹਾਸ 'ਚ ਸਮਾਨ ਘਟਨਾਵਾਂ ਦੀਆਂ ਯਾਦਾਂ ਨੂੰ ਉਜਾਗਰ ਕਰਦੀਆਂ ਹਨ। ਕੀ ਇਹ ਘਟਨਾਵਾਂ ਵੀ ਮਹੱਤਵਪੂਰਨ ਸਾਬਤ ਹੋਣਗੀਆਂ, ਇਹ ਦੇਖਣਾ ਅਜੇ ਬਾਕੀ ਹੈ। ਇਹ ਸਮਝਣਾ ਮਹੱਤਵਪੂਰਨ ਹੈ ਕਿ ਸੱਤਾ ਵਿਚ ਬੈਠੇ ਲੋਕ ਸਿਆਸੀ ਤੌਰ 'ਤੇ ਚਲਾਕ ਤੇ ਬਿਰਤਾਂਤ ਬਣਾਉਣ 'ਚ ਮਾਹਿਰ, ਗਲਤ ਜਾਣਕਾਰੀ ਫੈਲਾ ਕੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਸਮਰੱਥ ਹਨ, ਇਸ ਲਈ ਚੌਕਸ ਰਹਿਣਾ ਬਹੁਤ ਜ਼ਰੂਰੀ ਹੈ। ਜਦੋਂ ਵੀ ਧਰਮ ਨਿਰਪੱਖਤਾ, ਲੋਕਤੰਤਰ, ਜਾਤੀ ਵਿਤਕਰੇ ਦੇ ਖਾਤਮੇ ਤੇ ਸਮਾਜਿਕ ਦਰਜਾਬੰਦੀ ਜਾਂ ਲਿੰਗ ਸਮਾਨਤਾ ਦੇ ਮੁੱਦੇ ਉਠਾਏ ਜਾਂਦੇ ਹਨ ਤਾਂ ਸਰਕਾਰ ਬੇਚੈਨ ਹੋ ਜਾਂਦੀ ਹੈ।

ਮੌਜੂਦਾ ਵਿਦਿਆਰਥੀ ਅੰਦੋਲਨ ਨੇ ਸੰਵਿਧਾਨਿਕ ਕਦਰਾਂ-ਕੀਮਤਾਂ ਦੀ ਮਹੱਤਤਾ ਨੂੰ ਦਰਸਾਇਆ ਹੈ, ਵੱਖ-ਵੱਖ ਖੇਤਰਾਂ, ਧਰਮਾਂ, ਜਾਤਾਂ ਤੇ ਸਮਾਜਿਕ ਪਿਛੋਕੜਾਂ ਦੇ ਵਿਦਿਆਰਥੀਆਂ ਵਲੋਂ ਦਿਖਾਈ ਏਕਤਾ ਉਸ ਭਾਰਤ ਦੀ ਝਲਕ ਪੇਸ਼ ਕਰਦੀ ਹੈ, ਜੋ ਝੂਠ, ਨਫ਼ਰਤ ਤੇ ਵੰਡ ਦੇ ਵਿਰੁੱਧ ਇਕਜੁੱਟ ਹੋਣ ਦਾ ਚਾਹਵਾਨ ਹੈ। ਅੰਦੋਲਨ ਨੂੰ ਹੁਣ ਸਿੱਖਿਆ ਨੀਤੀ, ਅਕਾਦਮਿਕ ਦਿਆਨਤਦਾਰੀ ਤੇ ਵਿਦਿਆਰਥੀ ਅਧਿਕਾਰਾਂ ਸੰਬੰਧੀ ਸੰਵਾਦ ਨਾਲ ਜੋੜਨਾ ਚਾਹੀਦਾ ਹੈ। ਇਹ ਚਰਚਾ ਦੇਸ਼ ਭਰ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਤੱਕ ਪਹੁੰਚਣੀ ਚਾਹੀਦੀ ਹੈ, ਇਕ ਗੱਲ ਤਾਂ ਸਪੱਸ਼ਟ ਹੋ ਗਈ ਹੈ ਕਿ ਅੱਜ ਦੇ ਵਿਦਿਆਰਥੀ ਸਿਰਫ਼ ਸੁਣਨ ਲਈ ਹੀ ਨਹੀਂ, ਸਗੋਂ ਸੋਚਣ, ਸੰਗਠਿਤ ਹੋ ਕੇ ਕੰਮ ਕਰਨ ਲਈ ਵੀ ਤਿਆਰ ਹਨ।

# ਸਟੱਡੀ ਵੀਜ਼ਾ ਬਨਾਮ ਪੱਕੀ ਨਾਗਰਿਕਤਾ



ਸੁਰਜੀਤ ਸਿੰਘ ਫ਼ਲੌਰਾ



ਕੈਲਗਰੀ ਵਿੱਚ ਲਗਭਗ ਇੱਕ ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਆਈ. ਆਰ. ਸੀ. ਸੀ. ਦੇ ਦਫ਼ਤਰਾਂ ਦੇ ਬਾਹਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀਆਂ ਅਰਜ਼ੀਆਂ ਉਨ੍ਹਾਂ ਪ੍ਰੋਗਰਾਮਾਂ ਕਾਰਨ ਰੱਦ ਹੋਈਆਂ, ਜੋ ਪੋਰਟੇਜ ਕਾਲਜ ਵਰਗੀਆਂ ਸੰਸਥਾਵਾਂ ਵਿੱਚ ਭਾਈਵਾਲ ਸੰਸਥਾਵਾਂ ਰਾਹੀਂ ਚਲਾਏ ਜਾਂਦੇ ਸਨ। ਇੱਕ ਛੋਟੇ ਸਮੂਹ ਨੇ 24 ਘੰਟਿਆਂ ਦੀ ਭੁੱਖ ਹੜਤਾਲ ਸ਼ੁਰੂ ਕੀਤੀ, ਪਰ ਭਾਈਚਾਰੇ ਦੇ ਮੈਂਬਰਾਂ ਨੇ ਸਿਹਤ ਦਾ ਖਿਆਲ ਰੱਖਣ ਦੀ ਅਪੀਲ ਕੀਤੀ ਤਾਂ ਇਹ ਰੋਕ ਦਿੱਤੀ ਗਈ।

ਕੈਨੇਡਾ ਨੇ ਪੰਜਾਬ, ਗੁਜਰਾਤ ਜਾਂ ਭਾਰਤ ਦੇ ਕਿਸੇ ਹੋਰ ਹਿੱਸੇ ਦੇ ਹਰ ਵਿਦਿਆਰਥੀ ਨੂੰ ਸਥਾਈ ਭਵਿੱਖ ਦਾ ਵਾਅਦਾ ਕਦੇ ਨਹੀਂ ਕੀਤਾ ਸੀ। ਪਰ ਨਿੱਜੀ ਏਜੰਟਾਂ ਨੇ ਕੈਨੇਡੀਅਨ ਸਿੱਖਿਆ ਨੂੰ ਅਕਸਰ ਇਸ ਤਰ੍ਹਾਂ ਵੇਚਿਆ, ਜਿਵੇਂ ਇਸ ਨਾਲ ਸਥਾਈ ਨਿਵਾਸ ਦਾ ਰਸਤਾ ਲਗਭਗ ਆਪਣੇ ਆਪ ਖੁੱਲ੍ਹ ਜਾਂਦਾ ਹੋਵੇ। ਪੇਸ਼ਕਸ਼ ਸੌਖੀ ਸੀ: ਫ਼ੀਸ ਭਰੋ, ਸਟੱਡੀ ਪਰਮਿਟ ਲਵੋ, ਨੌਕਰੀ ਕਰੋ ਅਤੇ ਪੀ.ਆਰ. ਹਾਸਲ ਕਰੋ। ਅਸਲ ਪ੍ਰਕਿਰਿਆ ਕਦੇ ਵੀ ਇੰਨੀ ਸੌਖੀ ਨਹੀਂ ਰਹੀ। ਇਸ ਵਿੱਚ ਭਾਸ਼ਾ ਦੇ ਅੰਕ, ਕੰਮ ਦਾ ਤਜਰਬਾ, ਪੇਸ਼ੇ ਨਾਲ ਜੁੜੀਆਂ ਸ਼ਰਤਾਂ, ਸੂਬਾਈ ਪ੍ਰੋਗਰਾਮ, ਐਕਸਪ੍ਰੈੱਸ ਐਂਟਰੀ ਦੇ ਅੰਕ ਅਤੇ ਉਹ ਇੰਮੀਗਰੇਸ਼ਨ ਟੀਚੇ ਸ਼ਾਮਲ ਹਨ ਜੋ ਵਿਦਿਆਰਥੀ ਦੀ ਪੜ੍ਹਾਈ ਪੂਰੀ ਹੋਣ ਤੋਂ ਪਹਿਲਾਂ ਹੀ ਬਦਲ ਸਕਦੇ ਹਨ।

ਸਟੱਡੀ ਪਰਮਿਟ ਸਿਰਫ਼ ਅਸਥਾਈ ਤੌਰ ’ਤੇ ਪੜ੍ਹਾਈ ਕਰਨ ਦੀ ਇਜਾਜ਼ਤ ਹੈ। ਕਾਲਜ ਦਾ ਦਾਖਲਾ ਪੱਤਰ ਨੌਕਰੀ ਦੀ ਪੇਸ਼ਕਸ਼ ਨਹੀਂ ਹੁੰਦਾ ਅਤੇ ਪੜ੍ਹਾਈ ਤੋਂ ਬਾਅਦ ਮਿਲਣ ਵਾਲਾ ਵਰਕ ਪਰਮਿਟ ਵੀ ਸਥਾਈ ਨਿਵਾਸ ਦੀ ਗਰੰਟੀ ਨਹੀਂ ਦਿੰਦਾ। ਹਰ ਪੜਾਅ ਲਈ ਵੱਖਰੀ ਅਰਜ਼ੀ ਅਤੇ ਵੱਖਰਾ ਮੁਲਾਂਕਣ ਹੁੰਦਾ ਹੈ। ਕੋਈ ਵਿਦਿਆਰਥੀ ਸਾਰੇ ਨਿਯਮ ਮੰਨਣ ਦੇ ਬਾਵਜੂਦ ਪਿੱਛੇ ਰਹਿ ਸਕਦਾ ਹੈ, ਕਿਉਂਕਿ ਉਸਦੇ ਅੰਕ ਘੱਟ ਹਨ, ਨੌਕਰੀ ਯੋਗ ਨਹੀਂ ਜਾਂ ਜੇ ਸੂਬਾਈ ਪ੍ਰੋਗਰਾਮ ਬਦਲ ਜਾਵੇ।

ਇਹ ਅਨਿਸ਼ਚਿਤਤਾ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਏਜੈਂਟਾਂ ਅਤੇ ਸਲਾਹਕਾਰਾਂ ਵੱਲੋਂ ਆਪਣੀ ‘ਕਮਾਈ’ ਖਾਤਰ ਲੁਕਾਈ ਜਾਂਦੀ ਰਹੀ। ਪਰਿਵਾਰਾਂ ਨੂੰ ਭਾਰੀ ਕਰਜ਼ਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ, ਕਿਉਂਕਿ ਕੈਨੇਡੀਅਨ ਸਿੱਖਿਆ ਨੂੰ ਵਿਦੇਸ਼ ਵਿੱਚ ਸੁਰੱਖਿਅਤ ਜੀਵਨ ਲਈ ਨਿਵੇਸ਼ ਵਜੋਂ ਪੇਸ਼ ਕੀਤਾ ਗਿਆ। ਜਿਹੜਾ ਪਰਿਵਾਰ ਖਤਰੇ ਸਮਝ ਲੈਂਦਾ, ਉਹ ਸ਼ਾਇਦ ਰੁਕ ਜਾਂਦਾ। ਜਿਹੜੇ ਪਰਿਵਾਰ ਨੂੰ ਆਪਣੇ ਬੱਚੇ ਦੇ ਕੈਨੇਡਾ ਵਿੱਚ ਵਸ ਜਾਣ ਦਾ ਸੁਪਨਾ ਲਗਭਗ ਪੱਕਾ ਦੱਸਦਾ, ਉਹ ਜਲਦੀ ਪੈਸਾ ਦੇਣ ਲਈ ਵਧੇਰੇ ਤਿਆਰ ਹੁੰਦਾ।

ਮੁਨਾਫ਼ਾ ਕਾਲਜਾਂ, ਵਿਦੇਸ਼ੀ ਏਜੰਟਾਂ, ਇੰਮੀਗਰੇਸ਼ਨ ਸਲਾਹਕਾਰਾਂ, ਕਰਜ਼ਾ ਦੇਣ ਵਾਲਿਆਂ, ਭਾਸ਼ਾ ਟੈੱਸਟ ਕੇਂਦਰਾਂ, ਟਰੈਵਲ ਕੰਪਨੀਆਂ ਅਤੇ ਕਿਰਾਏ ਦੇ ਦਲਾਲਾਂ ਵਿੱਚ ਵੰਡਿਆ ਗਿਆ ਪਰ ਵਿੱਤੀ ਖਤਰਾ ਪਰਿਵਾਰ ਦੇ ਹਿੱਸੇ ਆਇਆ। ਕਈਆਂ ਨੇ ਜ਼ਮੀਨ ਵੇਚੀ, ਘਰ ਗਿਰਵੀ ਰੱਖੇ ਜਾਂ ਉੱਚੇ ਵਿਆਜ ਵਾਲੇ ਕਰਜ਼ੇ ਲਏ। ਅਰਜ਼ੀ ਰੱਦ ਹੋਣ ਨਾਲ ਕਰਜ਼ਾ, ਬਰਬਾਦ ਹੋਇਆ ਸਮਾਂ ਅਤੇ ਪੈਸਾ ਵਾਪਸ ਲੈਣ ਦਾ ਕੋਈ ਸਾਫ਼ ਰਸਤਾ ਨਹੀਂ ਬਚਦਾ। ਧੋਖਾਧੜੀ ਨੇ ਸਮੱਸਿਆ ਨੂੰ ਹੋਰ ਗੰਭੀਰ ਕੀਤਾ। ਜਲੰਧਰ ਦੀ ਸਿੱਖਿਆ ਪ੍ਰਵਾਸ ਸੇਵਾਵਾਂ ਨਾਲ ਜੁੜੇ ਏਜੰਟ ਬ੍ਰਿਜੇਸ਼ ਮਿਸ਼ਰਾ ਦੇ ਮਾਮਲੇ ਵਿੱਚ ਝੂਠੇ ਕਾਲਜ ਦਾਖਲਾ ਪੱਤਰ ਸੈਂਕੜੇ ਭਾਰਤੀ ਵਿਦਿਆਰਥੀਆਂ ਨਾਲ ਜੋੜੇ ਗਏ। ਰਿਪੋਰਟਾਂ ਮੁਤਾਬਿਕ ਲਗਭਗ 7 ਸੌ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਕੱਢੇ ਜਾਣ ਦਾ ਖਤਰਾ ਸੀ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਜੂਨ 2023 ਵਿੱਚ ਮਿਸ਼ਰਾ ਖਿਲਾਫ਼ ਮਾਮਲਾ ਦਰਜ ਕੀਤਾ। ਇੰਮੀਗਰੇਸ਼ਨ ਨਾਲ ਜੁੜੇ ਅਪਰਾਧਾਂ ਦਾ ਦੋਸ਼ ਕਬੂਲ ਕਰਨ ਤੋਂ ਬਾਅਦ ਮਈ 2024 ਵਿੱਚ ਉਸਨੂੰ ਕੈਨੇਡਾ ਵਿੱਚ ਤਿੰਨ ਸਾਲ ਜੇਲ੍ਹ ਦੀ ਸਜ਼ਾ ਮਿਲੀ।

ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਨੁਮਾਇੰਦਿਆਂ ਨੇ ਜਾਅਲੀ ਦਸਤਾਵੇਜ਼ ਤਿਆਰ ਕੀਤੇ ਸਨ। ਇਸ ਦਾਅਵੇ ਨੂੰ ਆਪਣੇ ਆਪ ਸੱਚ ਨਹੀਂ ਮੰਨਿਆ ਜਾ ਸਕਦਾ, ਪਰ ਇਸਨੂੰ ਬਿਨਾਂ ਜਾਂਚ ਖਾਰਿਜ ਵੀ ਨਹੀਂ ਕੀਤਾ ਜਾ ਸਕਦਾ। ਜਾਂਚਕਾਰਾਂ ਨੂੰ ਇਹ ਪਤਾ ਲਾਉਣਾ ਪਵੇਗਾ ਕਿ ਕਾਗਜ਼ ਕਿਸਨੇ ਬਣਾਏ, ਕਿਸਨੇ ਜਮ੍ਹਾਂ ਕਰਵਾਏ, ਕਿਸਨੂੰ ਉਨ੍ਹਾਂ ਦੇ ਝੂਠੇ ਹੋਣ ਦੀ ਜਾਣਕਾਰੀ ਸੀ ਅਤੇ ਪੈਸਾ ਕਿਸਨੂੰ ਮਿਲਿਆ।

ਇਹੀ ਸਿਧਾਂਤ ਗੁਜਰਾਤ ਦੀਆਂ ਸ਼ਿਕਾਇਤਾਂ ’ਤੇ ਵੀ ਲਾਗੂ ਹੁੰਦਾ ਹੈ। ਕੈਨੇਡਾ ਦੇ ਵੀਜ਼ੇ, ਨੌਕਰੀਆਂ ਅਤੇ ਪੀ. ਆਰ. ਦੇ ਵਾਅਦਿਆਂ ਨਾਲ ਜੁੜੇ ਮਾਮਲਿਆਂ ਵਿੱਚ ਕਥਿਤ ਨੁਕਸਾਨ 7 ਹਜ਼ਾਰ ਡਾਲਰ ਤੋਂ ਲੈ ਕੇ 50 ਹਜ਼ਾਰ ਡਾਲਰ ਤੋਂ ਵੱਧ ਦੱਸਿਆ ਗਿਆ। ਇਹ ਅੰਕੜੇ ਹਾਲੇ ਦੋਸ਼ ਹਨ, ਅਦਾਲਤੀ ਫ਼ੈਸਲੇ ਨਹੀਂ। ਫ਼ਿਰ ਵੀ ਅਹਿਮਦਾਬਾਦ, ਗਾਂਧੀਨਗਰ ਅਤੇ ਵਡੋਦਰਾ ਵਿੱਚ 17 ਕਨਸਲਟੈਂਸੀ ਫ਼ਰਮਾਂ ’ਤੇ ਪੁਲਿਸ ਦੀਆਂ ਛਾਪੇਮਾਰੀਆਂ ਨੇ ਦੱਸ ਦਿੱਤਾ ਕਿ ਚਿੰਤਾ ਕਿੰਨੀ ਵੱਡੀ ਹੋ ਚੁੱਕੀ ਸੀ।

ਇੱਥੇ ਤਿੰਨ ਸਵਾਲਾਂ ਖੜ੍ਹੇ ਹੁੰਦੇ ਹਨ। ਕੀ ਬਿਨੈਕਾਰ ਨੇ ਜਾਣਬੁੱਝ ਕੇ ਝੂਠੇ ਦਸਤਾਵੇਜ਼ ਜਮ੍ਹਾਂ ਕੀਤੇ? ਕੀ ਏਜੰਟਾਂ ਨੇ ਬਿਨੈਕਾਰ ਨੂੰ ਧੋਖਾ ਦਿੱਤਾ? ਕੀ ਕਾਲਜਾਂ, ਰੈਗੂਲੇਟਰਾਂ ਅਤੇ ਸਰਕਾਰਾਂ ਨੇ ਸਭ ਕੁਝ ਜਾਣਦੇ ਹੋਏ ਵੀ ਅੱਖਾਂ, ਕੰਨ ਆਦਿ ਸਭ ਬੰਦ ਰੱਖਿਆ? ਇਨ੍ਹਾਂ ਸਵਾਲਾਂ ਦੇ ਜਵਾਬ ਕੌਮੀਅਤ ਜਾਂ ਲੋਕਾਂ ਦਾ ਗੁੱਸਾ ਨਹੀਂ ਦੇ ਸਕਦੇ, ਭੁਗਤਾਨ ਦੇ ਰਿਕਾਰਡ, ਸੁਨੇਹੇ, ਅਰਜ਼ੀ ਦੀਆਂ ਫ਼ਾਈਲਾਂ ਅਤੇ ਦਸਤਾਵੇਜ਼ਾਂ ਦਾ ਇਤਿਹਾਸ ਦੇ ਸਕਦੇ ਹਨ।

ਜਾਅਲੀ ਕਾਲਜ ਪੱਤਰਾਂ ਨਾਲ ਜੁੜੇ 108 ਮਾਮਲਿਆਂ ਦੀ ਆਈ ਆਰ ਸੀ ਸੀ ਵੱਲੋਂ ਕੀਤੀ ਸਮੀਖਿਆ ਦੱਸਦੀ ਹੈ ਕਿ ਹਰ ਅਰਜ਼ੀ ਦੀ ਵੱਖਰੇ ਤੌਰ ’ਤੇ ਜਾਂਚ ਕਿਉਂ ਲੋੜੀਂਦੀ ਹੈ। ਕਈ ਅਰਜ਼ੀਆਂ ਅਸਲ ਸਨ ਅਤੇ ਕੁਝ ਬਿਨੈਕਾਰਾਂ ਨੂੰ ਅਸਥਾਈ ਨਿਵਾਸ ਪਰਮਿਟ ਮਿਲੇ। ਇਹ ਪਰਮਿਟ ਸਥਾਈ ਨਿਵਾਸ ਨਹੀਂ ਹੁੰਦਾ, ਪਰ ਸਰਕਾਰ ਨੂੰ ਵਿਅਕਤੀ ਦੇ ਹਾਲਾਤ ਦੀ ਨਿਰਪੱਖ ਜਾਂਚ ਲਈ ਸਮਾਂ ਦੇ ਸਕਦਾ ਹੈ।


ਜ਼ਿੰਮੇਵਾਰੀ ਸਿਰਫ਼ ਵਿਦਿਆਰਥੀਆਂ ਦੀ ਨਹੀਂ, ਕਾਲਜਾਂ ਨੂੰ ਆਪਣੇ ਭਰਤੀ ਭਾਈਵਾਲਾਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਕਮਿਸ਼ਨ ਦੀ ਜਾਣਕਾਰੀ ਜਨਤਕ ਕਰਨੀ ਚਾਹੀਦੀ ਹੈ। ਕਾਲਜ ਆਫ਼ ਇੰਮੀਗਰੇਸ਼ਨ ਐਂਡ ਸਿਟੀਜ਼ਨਸ਼ਿੱਪ ਕੰਸਲਟੈਂਟਸ ਦੇ ਨਿਯਮਾਂ ਹੇਠ ਕੰਮ ਕਰਨ ਵਾਲੇ ਲਾਇਸੰਸਸ਼ੁਦਾ ਸਲਾਹਕਾਰਾਂ ਨੂੰ ਆਪਣੇ ਵੱਲੋਂ ਕੰਮ ਕਰਨ ਵਾਲੇ ਏਜੰਟਾਂ ਲਈ ਜਵਾਬਦੇਹ ਰਹਿਣਾ ਪਵੇਗਾ। ਰੈਗੂਲੇਟਰਾਂ ਨੂੰ ਸਿਰਫ਼ ਲੜੀ ਦੇ ਅਖੀਰ ਵਿੱਚ ਖੜ੍ਹੇ ਵਿਦਿਆਰਥੀ ਦੀ ਜਾਂਚ ਨਹੀਂ ਕਰਨੀ ਚਾਹੀਦੀ, ਉਨ੍ਹਾਂ ਨੂੰ ਠੇਕੇ, ਬੈਂਕ ਲੈਣ-ਦੇਣ ਅਤੇ ਇਸ਼ਤਿਹਾਰਾਂ ਸਮੇਤ ਪੈਸੇ ਦੇ ਪੂਰੇ ਰਸਤੇ ਦੀ ਜਾਂਚ ਕਰਨੀ ਚਾਹੀਦੀ ਹੈ।

ਆਈ.ਆਰ.ਸੀ.ਸੀ. ਸਾਫ਼ ਚਿਤਾਵਣੀ ਦਿੰਦਾ ਹੈ ਕਿ ਕੋਈ ਵੀ ਨੁਮਾਇੰਦਾ ਵੀਜ਼ਾ, ਨੌਕਰੀ, ਵਰਕ ਪਰਮਿਟ ਜਾਂ ਪੀ.ਆਰ. ਦੀ ਗਰੰਟੀ ਨਹੀਂ ਦੇ ਸਕਦਾ। ਇਹ ਫ਼ੈਸਲੇ ਇੰਮੀਗਰੇਸ਼ਨ ਅਧਿਕਾਰੀ, ਸੂਬਾਈ ਸਰਕਾਰਾਂ ਅਤੇ ਨੌਕਰੀ ਦੇਣ ਵਾਲੇ ਕਰਦੇ ਹਨ। ਸਹੀ ਸਲਾਹ ਵਿੱਚ ਯੋਗਤਾ, ਖਰਚਾ ਅਤੇ ਖਤਰੇ ਸਪਸ਼ਟ ਕੀਤੇ ਜਾਂਦੇ ਹਨ। ਇਸ ਵਿੱਚ ਇਹ ਵੀ ਦੱਸਿਆ ਜਾਂਦਾ ਹੈ ਕਿ ਯੋਗ ਨੌਕਰੀ ਨਾ ਮਿਲਣ ਜਾਂ ਨਿਯਮ ਬਦਲ ਜਾਣ ’ਤੇ ਕੀ ਹੋਵੇਗਾ।

ਅਰਜ਼ੀਆਂ ’ਤੇ ਦਸਤਖਤ ਕਰਨ ਅਤੇ ਕਰਜ਼ਾ ਲੈਣ ਵਾਲੇ ਬਾਲਗਾਂ ਦੀ ਆਪਣੀ ਜ਼ਿੰਮੇਵਾਰੀ ਹੈ। ਪਰ ਇਹ ਝੂਠੀ ਇਸ਼ਤਿਹਾਰਬਾਜ਼ੀ, ਜਾਅਲੀ ਦਸਤਾਵੇਜ਼ਾਂ ਜਾਂ ਲੁਕਾਏ ਗਏ ਖਤਰਿਆਂ ਨੂੰ ਜਾਇਜ਼ ਨਹੀਂ ਬਣਾਉਂਦਾ। ਕੈਨੇਡਾ ਨੇ ਹਰ ਪਰਿਵਾਰ ਨੂੰ ਨਿੱਜੀ ਤੌਰ ’ਤੇ ਸਥਾਈ ਨਿਵਾਸ ਦਾ ਵਾਅਦਾ ਨਹੀਂ ਕੀਤਾ ਸੀ, ਪਰ ਕੈਨੇਡੀਅਨ ਸੰਸਥਾਵਾਂ ਨੂੰ ਉਸ ਪ੍ਰਣਾਲੀ ਤੋਂ ਲਾਭ ਮਿਲਿਆ ਜਿਸ ਵਿੱਚ ਇਹ ਵਾਅਦਾ ਹੋਰ ਲੋਕ ਕਰ ਰਹੇ ਸਨ।

ਸਥਾਈ ਨਿਵਾਸ ਇੰਮੀਗਰੇਸ਼ਨ ਦਾ ਫ਼ੈਸਲਾ ਹੈ, ਕਾਲਜ ਦੇ ਦਾਖਲੇ ਨਾਲ ਵੇਚਿਆ ਜਾਣ ਵਾਲਾ ਉਤਪਾਦ ਨਹੀਂ। ਜਦੋਂ ਮੁਨਾਫ਼ੇ ਲਈ ਅਨਿਸ਼ਚਿਤਤਾ ਨੂੰ ਪੱਕੀ ਗੱਲ ਬਣਾਇਆ ਜਾਂਦਾ ਹੈ ਤਾਂ ਇਸਦੀ ਕੀਮਤ ਉਹ ਲੋਕ ਚੁਕਾਉਂਦੇ ਹਨ ਜੋ ਇਸ ਨੁਕਸਾਨ ਨੂੰ ਸਹਿਣ ਦੀ ਸਭ ਤੋਂ ਘੱਟ ਸਮਰੱਥਾ ਰੱਖਦੇ ਹਨ।

# ਬੇਗਾਨੇ ਮੁਲਕਾਂ ’ਚ ਭਟਕਦੇ ਨੌਜਵਾਨ



ਸਿੰਦਰਪਾਲ ਕੌਰ ਸੀਵੀਆ



ਪੰਜਾਬ ਸਿਰਫ਼ ਧਰਤੀ ਦਾ ਇੱਕ ਟੁਕੜਾ ਨਹੀਂ, ਇਹ ਪੰਜਾਬੀਆਂ ਦੀ ਪਛਾਣ, ਭਾਵਨਾਵਾਂ, ਯਾਦਾਂ ਤੇ ਜੜ੍ਹਾਂ ਨਾਲ ਜੁੜਿਆ ਹੋਇਆ ਹੈ। ਕੋਈ ਵੀ ਵਿਅਕਤੀ ਆਪਣਾ ਘਰ, ਮਿੱਟੀ, ਰਿਸ਼ਤੇ ਅਤੇ ਆਪਣਾ ਵਤਨ ਛੱਡ ਕੇ ਦੂਰ ਜਾਣਾ ਨਹੀਂ ਚਾਹੁੰਦਾ। ਫਿਰ ਸਵਾਲ ਇਹ ਹੈ ਕਿ ਆਖ਼ਰ ਪੰਜਾਬ ਦੇ ਲੋਕ ਵੱਡੀ ਗਿਣਤੀ ’ਚ ਵਿਦੇਸ਼ਾਂ ਵੱਲ ਕਿਉਂ ਜਾ ਰਹੇ ਹਨ? ਕੀ ਇਹ ਸਿਰਫ਼ ਵਿਦੇਸ਼ੀ ਚਮਕ ਦੀ ਦੌੜ ਹੈ ਜਾਂ ਇਸ ਦੇ ਪਿੱਛੇ ਕੁਝ ਡੂੰਘੀਆਂ ਮਜਬੂਰੀਆਂ ਵੀ ਹਨ? ਜੇ ਅਸੀਂ ਪਿਛਲੇ ਕੁਝ ਦਹਾਕਿਆਂ ਵੱਲ ਨਜ਼ਰ ਮਾਰੀਏ ਤਾਂ ਇੱਥੇ ਕਈ ਅਜਿਹੇ ਦੌਰ ਆਏ ਜਿਨ੍ਹਾਂ ਨੇ ਲੋਕਾਂ ਦੇ ਮਨਾਂ ਵਿੱਚ ਅਸੁਰੱਖਿਆ ਤੇ ਡਰ ਪੈਦਾ ਕੀਤਾ। ਨਕਸਲਵਾਦ, ਖਾੜਕੂਵਾਦ ਤੇ ਹੋਰ ਹਿੰਸਕ ਦੌਰਾਂ ਨੇ ਪੰਜਾਬ ਦੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕੀਤਾ। ਅੱਜ ਵੀ ਗੈਂਗਸਟਰਵਾਦ ਅਤੇ ਅਪਰਾਧ ਨਾਲ ਜੁੜੀਆਂ ਘਟਨਾਵਾਂ ਮਾਪਿਆਂ ਦੇ ਮਨ ’ਚ ਜਵਾਨ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪੈਦਾ ਕਰਦੀਆਂ ਹਨ। ਕਈ ਮਾਪੇ ਇਹ ਸੋਚਦੇ ਹਨ ਕਿ ਕਿਤੇ ਉਨ੍ਹਾਂ ਦਾ ਬੱਚਾ ਕਿਸੇ ਗ਼ਲਤ ਸੰਗਤ ਜਾਂ ਗ਼ਲਤ ਰਸਤੇ ਨਾ ਪੈ ਜਾਵੇ। ਇਸ ਡਰ ਤੇ ਚਿੰਤਾ ਕਰਕੇ ਵੀ ਕਈ ਪਰਿਵਾਰ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਨੂੰ ਇਕ ਸੁਰੱਖਿਅਤ ਬਦਲ ਸਮਝਦੇ ਹਨ। ਇਸ ਤੋਂ ਬਾਅਦ ਆਉਂਦੀ ਹੈ ਰੁਜ਼ਗਾਰ ਦੀ ਸਮੱਸਿਆ। ਬੱਚੇ ਪੜ੍ਹਾਈ ਕਰਦੇ ਹਨ, ਡਿਗਰੀਆਂ ਲੈਂਦੇ ਹਨ ਪਰ ਉਨ੍ਹਾਂ ਦੀ ਯੋਗਤਾ ਦੇ ਅਨੁਸਾਰ ਰੁਜ਼ਗਾਰ ਦੇ ਮੌਕੇ ਹਰ ਕਿਸੇ ਨੂੰ ਨਹੀਂ ਮਿਲਦੇ। ਪੜ੍ਹੇ-ਲਿਖੇ ਨੌਜਵਾਨਾਂ ਦਾ ਲੰਮਾ ਸਮਾਂ ਬੇਰੁਜ਼ਗਾਰ ਰਹਿਣਾ ਉਨ੍ਹਾਂ ਵਿੱਚ ਨਿਰਾਸ਼ਾ ਪੈਦਾ ਕਰਦਾ ਹੈ। ਕਈ ਮਾਪੇ ਸੋਚਦੇ ਹਨ ਕਿ ਬੱਚਾ ਵਿਦੇਸ਼ ਜਾ ਕੇ ਕੋਈ ਵੀ ਇਮਾਨਦਾਰੀ ਵਾਲਾ ਕੰਮ ਕਰੇਗਾ ਤਾਂ ਘੱਟੋ-ਘੱਟ ਆਪਣੀ ਰੋਜ਼ੀ-ਰੋਟੀ ਤਾਂ ਕਮਾ ਸਕੇਗਾ।

ਸਿਸਟਮ ਪ੍ਰਤੀ ਨਿਰਾਸ਼ਾ ਵੀ ਇਸ ਪਲਾਇਨ ਦਾ ਇਕ ਕਾਰਨ ਹੈ। ਜਦੋਂ ਕੋਈ ਆਮ ਵਿਅਕਤੀ ਕਿਸੇ ਸਰਕਾਰੀ ਜਾਂ ਪ੍ਰਸ਼ਾਸਨਿਕ ਪ੍ਰਕਿਰਿਆ ’ਚ ਫਸ ਜਾਂਦਾ ਹੈ ਤਾਂ ਕਈ ਵਾਰ ਉਸ ਨੂੰ ਇੱਕ ਛੋਟਾ ਜਿਹਾ ਕੰਮ ਕਰਵਾਉਣ ਲਈ ਵੀ ਲੰਮੀ ਪ੍ਰਕਿਰਿਆ, ਕਾਗਜ਼ੀ ਕਾਰਵਾਈ ਅਤੇ ਦਫ਼ਤਰਾਂ ਦੇ ਚੱਕਰ ਕੱਟਣੇ ਪੈਂਦੇ ਹਨ। ਜਦੋਂ ਕਿਸੇ ਵਿਅਕਤੀ ਨੂੰ ਲੱਗਣ ਲੱਗੇ ਕਿ ਉਸ ਦੀ ਗੱਲ ਸੁਣਨ ਵਾਲਾ ਕੋਈ ਨਹੀਂ ਜਾਂ ਉਸ ਦਾ ਕੰਮ ਆਸਾਨੀ ਨਾਲ ਨਹੀਂ ਹੋ ਸਕਦਾ ਤਾਂ ਉਸ ਦੇ ਅੰਦਰ ਪ੍ਰਬੰਧ ਪ੍ਰਤੀ ਨਿਰਾਸ਼ਾ ਪੈਦਾ ਹੁੰਦੀ ਹੈ। ਸਾਡੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਵੀ ਇਸ ਸੋਚ ਨੂੰ ਪ੍ਰਭਾਵਿਤ ਕਰਦੀਆਂ ਹਨ। ਟੁੱਟੀਆਂ ਸੜਕਾਂ, ਟ੍ਰੈਫ਼ਿਕ ਨਿਯਮਾਂ ਦੀ ਅਣਦੇਖੀ, ਗਲੀਆਂ-ਨਾਲੀਆਂ ਦੀ ਸਮੱਸਿਆ, ਗੰਦਗੀ, ਪ੍ਰਦੂਸ਼ਣ ਅਤੇ ਸਾਫ਼ ਪਾਣੀ ਨਾਲ ਜੁੜੀਆਂ ਚਿੰਤਾਵਾਂ-ਇਹ ਸਭ ਲੋਕਾਂ ਦੇ ਜੀਵਨ ਦੀ ਗੁਣਵੱਤਾ ’ਤੇ ਅਸਰ ਪਾਉਂਦੇ ਹਨ। ਜਦੋਂ ਕੋਈ ਵਿਅਕਤੀ ਵਿਦੇਸ਼ਾਂ ’ਚ ਸੁਚੱਜੀ ਟ੍ਰੈਫ਼ਿਕ ਵਿਵਸਥਾ, ਸਾਫ਼-ਸੁਥਰਾ ਵਾਤਾਵਰਨ, ਨਿਯਮਾਂ ਦੀ ਪਾਲਣਾ ਅਤੇ ਬਿਹਤਰ ਜਨਤਕ ਸਹੂਲਤਾਂ ਦੇਖਦਾ ਹੈ ਤਾਂ ਉਸ ਨੂੰ ਆਪਣੇ ਇੱਥੋਂ ਦੀਆਂ ਕਮੀਆਂ ਹੋਰ ਵੀ ਸਪਸ਼ਟ ਦਿਖਾਈ ਦੇਣ ਲੱਗਦੀਆਂ ਹਨ। ਸਿਹਤ ਸਹੂਲਤਾਂ ਦਾ ਮਸਲਾ ਵੀ ਇਸ ਵਿਚਾਰ ਦਾ ਇੱਕ ਹਿੱਸਾ ਹੈ। ਪੰਜਾਬ ਵਿੱਚ ਬਹੁਤ ਵਧੀਆ ਨਿੱਜੀ ਹਸਪਤਾਲ ਅਤੇ ਕਾਬਲ ਡਾਕਟਰ ਮੌਜੂਦ ਹਨ ਅਤੇ ਕਈ ਮਾਮਲਿਆਂ ’ਚ ਇੱਥੇ ਇਲਾਜ ਬਹੁਤ ਉੱਚ ਪੱਧਰ ਦਾ ਹੁੰਦਾ ਹੈ। ਪਰ ਸਵਾਲ ਇਹ ਹੈ ਕਿ ਕੀ ਹਰ ਵਿਅਕਤੀ ਉਸ ਇਲਾਜ ਦਾ ਖ਼ਰਚਾ ਚੁੱਕ ਸਕਦਾ ਹੈ? ਮਹਿੰਗਾ ਇਲਾਜ ਗ਼ਰੀਬ ਅਤੇ ਮੱਧਵਰਗੀ ਪਰਿਵਾਰਾਂ ਲਈ ਵੱਡੀ ਚੁਣੌਤੀ ਬਣ ਜਾਂਦਾ ਹੈ। ਦੂਜੇ ਪਾਸੇ ਸਰਕਾਰੀ ਸਿਹਤ ਸੰਸਥਾਵਾਂ ’ਤੇ ਮਰੀਜ਼ਾਂ ਦਾ ਬੋਝ ਬਹੁਤ ਜ਼ਿਆਦਾ ਹੋਣ ਕਰਕੇ ਹਰ ਮਰੀਜ਼ ਨੂੰ ਲੋੜੀਂਦਾ ਸਮਾਂ ਅਤੇ ਧਿਆਨ ਮਿਲਣਾ ਹਮੇਸ਼ਾ ਸੰਭਵ ਨਹੀਂ ਹੁੰਦਾ। ਸ਼ੁਰੂ ਵਿੱਚ ਸ਼ਾਇਦ ਵਿਦੇਸ਼ ਜਾਣ ਦਾ ਮਕਸਦ ਮਜਬੂਰੀ ਸੀ। ਫਿਰ ਇਹ ਬਿਹਤਰ ਰੁਜ਼ਗਾਰ ਦੀ ਉਮੀਦ ਬਣਿਆ। ਇਸ ਤੋਂ ਬਾਅਦ ਇਹ ਬਿਹਤਰ ਜੀਵਨ-ਸ਼ੈਲੀ ਦੀ ਇੱਛਾ ਬਣੀ ਅਤੇ ਅੰਤ ਵਿੱਚ ਕਈ ਥਾਵਾਂ ’ਤੇ ਇਹ ਇੱਕ ਸਮਾਜਿਕ ਦੌੜ ਦਾ ਰੂਪ ਧਾਰ ਗਿਆ। ਇਕ ਪਰਿਵਾਰ ਦਾ ਬੱਚਾ ਵਿਦੇਸ਼ ਗਿਆ ਤਾਂ ਦੂਜੇ ਪਰਿਵਾਰ ਨੇ ਵੀ ਆਪਣੇ ਬੱਚੇ ਨੂੰ ਭੇਜਣ ਬਾਰੇ ਸੋਚਿਆ। ਹੌਲੀ-ਹੌਲੀ ਇਹ ਧਾਰਨਾ ਬਣ ਗਈ ਕਿ ਜੇ ਬੱਚਾ ਵਿਦੇਸ਼ ਨਹੀਂ ਗਿਆ ਤਾਂ ਸ਼ਾਇਦ ਉਸ ਦਾ ਭਵਿੱਖ ਚੰਗਾ ਨਹੀਂ ਹੋਵੇਗਾ। ਕਈ ਮਾਪੇ ਆਪਣੇ ਬੱਚਿਆਂ ਨੂੰ ਇਸ ਲਈ ਵਿਦੇਸ਼ ਭੇਜਦੇ ਹਨ ਕਿਉਂਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਉਹ ਮੁਸ਼ਕਲਾਂ ਨਾ ਸਹਿਣ ਜੋ ਉਨ੍ਹਾਂ ਨੇ ਆਪਣੀ ਜ਼ਿੰਦਗੀ ’ਚ ਸਹੀਆਂ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਚੰਗੇ ਮੌਕੇ ਮਿਲਣ, ਉਹ ਸੁਰੱਖਿਅਤ ਮਾਹੌਲ ’ਚ ਰਹਿਣ, ਆਪਣੀ ਮਿਹਨਤ ਦਾ ਮੁੱਲ ਪਾਉਣ ਅਤੇ ਉਹ ਸਹੂਲਤਾਂ ਪ੍ਰਾਪਤ ਕਰਨ ਜੋ ਸ਼ਾਇਦ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਨਹੀਂ ਮਿਲ ਸਕੀਆਂ। ਜਿਹੜਾ ਬੱਚਾ ਆਪਣੀ ਜਵਾਨੀ ਦੇ ਦਸ-ਪੰਦਰਾਂ ਸਾਲ ਕਿਸੇ ਵਿਦੇਸ਼ੀ ਧਰਤੀ ’ਤੇ ਲਗਾ ਦਿੰਦਾ ਹੈ, ਉਸ ਲਈ ਮੁੜ ਆਪਣੇ ਦੇਸ਼ ’ਚ ਆ ਕੇ ਪਹਿਲਾਂ ਵਾਲੀ ਜ਼ਿੰਦਗੀ ਸ਼ੁਰੂ ਕਰਨਾ ਆਸਾਨ ਨਹੀਂ ਹੁੰਦਾ। ਉੱਥੇ ਦੀ ਜੀਵਨ-ਸ਼ੈਲੀ, ਕੰਮ ਕਰਨ ਦਾ ਢੰਗ, ਸਹੂਲਤਾਂ ਅਤੇ ਪ੍ਰਬੰਧ ਉਸ ਦੀਆਂ ਆਦਤਾਂ ਬਦਲ ਦਿੰਦੇ ਹਨ। ਦੂਜੇ ਪਾਸੇ ਇੱਥੇ ਉਸ ਦੇ ਮਾਪੇ ਉਮਰ ਦੇ ਉਸ ਪੜਾਅ ਵਿੱਚ ਪਹੁੰਚ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਬੱਚਿਆਂ ਦੀ ਨੇੜਤਾ ਦੀ ਲੋੜ ਹੁੰਦੀ ਹੈ। ਮਾਪਿਆਂ ਅਤੇ ਬੱਚਿਆਂ ਵਿਚਕਾਰ ਦੂਰੀ ਸਿਰਫ਼ ਕਿਲੋਮੀਟਰਾਂ ਦੀ ਨਹੀਂ ਰਹਿੰਦੀ, ਕਈ ਵਾਰ ਇਹ ਭਾਵਨਾਵਾਂ ਦੀ ਦੂਰੀ ਵੀ ਬਣ ਜਾਂਦੀ ਹੈ। ਅੱਜ ਵਿਦੇਸ਼ ਜਾਣ ਵਾਲੇ ਨੌਜਵਾਨਾਂ ਲਈ ਹਾਲਾਤ ਵੀ ਪਹਿਲਾਂ ਵਰਗੇ ਨਹੀਂ ਰਹੇ। ਕਈ ਦੇਸ਼ ਆਪਣੀਆਂ ਆਰਥਿਕ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਬਦਲ ਰਹੇ ਹਨ। ਵਿਦੇਸ਼ ਜਾ ਕੇ ਪੜ੍ਹਾਈ ਕਰਨ ਜਾਂ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਵੀ ਨਵੇਂ ਨਿਯਮਾਂ, ਮਹਿੰਗੀ ਜੀਵਨ-ਸ਼ੈਲੀ, ਰੁਜ਼ਗਾਰ ਦੀ ਅਨਿਸ਼ਚਿਤਤਾ ਅਤੇ ਵਾਪਸੀ ਦੇ ਦਬਾਅ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਇਹ ਮੰਨ ਲੈਣਾ ਵੀ ਠੀਕ ਨਹੀਂ ਕਿ ਵਿਦੇਸ਼ ਜਾਣਾ ਹੀ ਹਰ ਸਮੱਸਿਆ ਦਾ ਹੱਲ ਹੈ। ਅਸਲ ਸਵਾਲ ਇਹ ਨਹੀਂ ਕਿ ਪੰਜਾਬੀ ਵਿਦੇਸ਼ ਕਿਉਂ ਜਾ ਰਹੇ ਹਨ? ਅਸਲ ਸਵਾਲ ਇਹ ਹੈ ਕਿ ਅਸੀਂ ਪੰਜਾਬ ਨੂੰ ਅਜਿਹਾ ਕਿਉਂ ਨਹੀਂ ਬਣਾ ਸਕੇ ਜਿੱਥੇ ਸਾਡੀ ਨੌਜਵਾਨ ਪੀੜ੍ਹੀ ਆਪਣਾ ਭਵਿੱਖ ਇੱਥੇ ਦੇਖ ਸਕੇ? ਸਾਨੂੰ ਨੌਜਵਾਨਾਂ ਨੂੰ ਸਿਰਫ਼ ਇਹ ਕਹਿਣ ਦੀ ਲੋੜ ਨਹੀਂ ਕਿ ਵਿਦੇਸ਼ ਨਾ ਜਾਓ। ਸਾਨੂੰ ਪਹਿਲਾਂ ਉਹ ਕਾਰਨ ਦੂਰ ਕਰਨੇ ਪੈਣਗੇ ਜਿਨ੍ਹਾਂ ਕਰਕੇ ਉਹ ਜਾਣਾ ਚਾਹੁੰਦੇ ਹਨ। ਉਨ੍ਹਾਂ ਨੂੰ ਸੁਰੱਖਿਅਤ ਮਾਹੌਲ, ਪਾਰਦਰਸ਼ੀ ਅਤੇ ਜਵਾਬਦੇਹ ਪ੍ਰਬੰਧ, ਯੋਗਤਾ ਅਨੁਸਾਰ ਰੁਜ਼ਗਾਰ, ਬਿਹਤਰ ਸਿਹਤ ਸਹੂਲਤਾਂ, ਸਾਫ਼ ਵਾਤਾਵਰਨ ਅਤੇ ਆਪਣੀ ਮਿਹਨਤ ਦਾ ਸਨਮਾਨ ਚਾਹੀਦਾ ਹੈ। ਪੰਜਾਬ ਨੂੰ ਖਾਲੀ ਹੋਣ ਤੋਂ ਰੋਕਣ ਲਈ ਪੰਜਾਬੀਆਂ ਨੂੰ ਰੋਕਣ ਦੀ ਨਹੀਂ, ਪੰਜਾਬ ਨੂੰ ਬਦਲਣ ਦੀ ਲੋੜ ਹੈ। ਵਿਦੇਸ਼ ਜਾਣਾ ਆਪਣੇ ਆਪ ਵਿੱਚ ਨਾ ਗ਼ਲਤ ਹੈ ਅਤੇ ਨਾ ਹੀ ਹਰ ਵਿਦੇਸ਼ ਜਾਣ ਵਾਲਾ ਸਿਰਫ਼ ਦੌੜ ਦਾ ਹਿੱਸਾ ਹੈ। ਦੁਨੀਆ ਦੇਖਣਾ, ਉੱਚ ਸਿੱਖਿਆ ਲੈਣਾ, ਨਵੀਆਂ ਸੰਭਾਵਨਾਵਾਂ ਲੱਭਣਾ ਅਤੇ ਆਪਣੇ ਜੀਵਨ ਨੂੰ ਬਿਹਤਰ ਬਣਾਉਣਾ ਹਰ ਵਿਅਕਤੀ ਦਾ ਹੱਕ ਹੈ। ਪਰ ਜੇ ਕੋਈ ਨੌਜਵਾਨ ਆਪਣੇ ਘਰ, ਆਪਣੀ ਮਿੱਟੀ ਅਤੇ ਆਪਣੇ ਪਰਿਵਾਰ ਨੂੰ ਇਸ ਲਈ ਛੱਡਣ ਲਈ ਮਜਬੂਰ ਹੋਵੇ ਕਿ ਉਸ ਨੂੰ ਆਪਣੇ ਹੀ ਸੂਬੇ ਵਿੱਚ ਸੁਰੱਖਿਆ, ਰੁਜ਼ਗਾਰ ਅਤੇ ਇੱਜ਼ਤ ਨਾਲ ਜੀਣ ਦੇ ਮੌਕੇ ਨਹੀਂ ਮਿਲ ਰਹੇ, ਤਾਂ ਇਹ ਸਿਰਫ਼ ਉਸ ਨੌਜਵਾਨ ਦੀ ਸਮੱਸਿਆ ਨਹੀਂ—ਇਹ ਪੂਰੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਕਦੇ ਪੰਜਾਬ ਤੋਂ ਲੋਕ ਮਜਬੂਰੀ ਵਿੱਚ ਬਾਹਰ ਗਏ ਸਨ। ਫਿਰ ਲੋਕ ਮੌਕੇ ਦੀ ਭਾਲ ਵਿੱਚ ਬਾਹਰ ਜਾਣ ਲੱਗੇ। ਅਤੇ ਅੱਜ ਕਈ ਥਾਵਾਂ ’ਤੇ ਲੋਕ ਇੱਕ-ਦੂਜੇ ਨੂੰ ਦੇਖ ਕੇ ਬਾਹਰ ਜਾ ਰਹੇ ਹਨ। ਇਹ ਮਜਬੂਰੀ ਤੋਂ ਦੌੜ ਬਣੀ ਯਾਤਰਾ ਸਾਨੂੰ ਇੱਕ ਵੱਡਾ ਸਵਾਲ ਪੁੱਛ ਰਹੀ ਹੈ— ਕੀ ਅਸੀਂ ਆਪਣੇ ਬੱਚਿਆਂ ਨੂੰ ਵਿਦੇਸ਼ ਜਾਣ ਤੋਂ ਰੋਕਣਾ ਚਾਹੁੰਦੇ ਹਾਂ, ਜਾਂ ਆਪਣੇ ਪੰਜਾਬ ਨੂੰ ਇੰਨਾ ਬਿਹਤਰ ਬਣਾਉਣਾ ਚਾਹੁੰਦੇ ਹਾਂ ਕਿ ਉਹ ਆਪਣੀ ਮਰਜ਼ੀ ਨਾਲ ਇੱਥੇ ਰਹਿਣਾ ਚਾਹੁਣ? ਸ਼ਾਇਦ ਇਸ ਸਵਾਲ ਦਾ ਜਵਾਬ ਹੀ ਪੰਜਾਬ ਦੇ ਭਵਿੱਖ ਦੀ ਦਿਸ਼ਾ ਤੈਅ ਕਰੇਗਾ।







ਜਗਮੋਹਨ ਸਿੰਘ 'ਲੱਕੀ'
9463819174

**ਸਫਲਤਾ ਦੀ ਉਡਾਣ ਭਰਨੀ ਆਸਾਨ ਨਹੀਂ ਹੁੰਦੀ, ਇਸ ਦੇ ਰਸਤੇ ਵਿੱਚ ਭਟਕਣਾਂ, ਰੁਕਾਵਟਾਂ, ਅੜਚਨਾਂ ਵੀ ਆਉਂਦੀਆਂ ਹਨ ਪਰ ਇਹਨਾਂ ਕਾਰਨ ਰੁਕਣਾ ਨਹੀਂ ਚਾਹੀਦਾ ਅਤੇ ਚੱਲਦੇ ਹੀ ਰਹਿਣਾ ਚਾਹੀਦਾ ਹੈ ਕਿਉਂਕਿ ਤਿੱਖੜ ਧੁੱਪ ਬਾਅਦ ਹੀ ਠੰਡੀ ਛਾਂ ਦਾ ਅਹਿਸਾਸ ਵੱਧ ਜਾਂਦਾ ਹੈ। ਜੇ ਇਰਾਦੇ ਮਜ਼ਬੂਤ ਅਤੇ ਦ੍ਰਿੜ੍ਹ ਹੋਣ ਤਾਂ ਇੱਕ ਦਿਨ ਸ.ਫਲਤਾ ਜ਼ਰੂਰ ਮਿਲਦੀ ਹੈ।**





ਅੱਜ ਦਾ ਸਮਾਂ ਮੁਕਾਬਲੇਬਾਜ਼ੀ ਦਾ ਯੁੱਗ ਹੈ। ਆਧੁਨਿਕ ਕਹੇ ਜਾਂਦੇ ਇਸ ਯੁੱਗ ਦੌਰਾਨ ਜ਼ਿੰਦਗੀ 'ਚ ਸਫਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਅਤੇ ਲਗਾਤਾਰ ਸੰਘਰਸ਼ ਕਰਨਾ ਪੈਂਦਾ ਹੈ। ਅੱਜ ਦੇ ਸਮੇਂ ਵਿੱਚ ਰੁਜ਼ਗਾਰ ਪ੍ਰਾਪਤ ਕਰਨਾ ਅਤੇ ਪ੍ਰਾਪਤ ਰੁਜ਼ਗਾਰ ਨੂੰ ਲੰਬੇ ਸਮੇਂ ਤੱਕ ਕਾਇਮ ਰੱਖਣਾ ਵੀ ਵੱਡੀ ਚੁਣੌਤੀ ਬਣਿਆ ਹੋਇਆ ਹੈ। ਆਰਟੀਫ਼ਿਸ਼ਲ ਇੰਟੈਲੀਜੈਂਸ ਭਾਵ ਏ.ਆਈ. ਵੱਲੋਂ ਲੱਖਾਂ ਨੌਜਵਾਨਾਂ ਦਾ ਰੁਜ਼ਗਾਰ ਖੋਹੇ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ। ਇਸ ਦੇ ਬਾਵਜੂਦ ਜਿਹੜੇ ਇਨਸਾਨ ਮਿਹਨਤੀ ਅਤੇ ਸੰਘਰਸ਼ਸ਼ੀਲ ਹੁੰਦੇ ਹਨ, ਉਹ ਰੇਗਿਸਤਾਨ ਤੇ ਮਾਰੂਥਲ ਨੂੰ ਵੀ ਹਰਿਆ ਭਰਿਆ ਬਣਾ ਦਿੰਦੇ ਹਨ, ਡੂੰਘੇ ਸਮੁੰਦਰਾਂ ਵਿਚੋਂ ਵੀ ਮੋਤੀ ਲੱਭ ਲੈਂਦੇ ਹਨ, ਪਹਾੜਾਂ ਨੂੰ ਕੱਟ ਕੇ ਰਸਤਾ ਬਣਾ ਦਿੰਦੇ ਹਨ, ਸਫਲਤਾ ਦੀ ਉੱਚੀ ਉਡਾਣ ਭਰਦੇ ਹਨ ਅਤੇ ਵਿਸ਼ਵ ਲਈ ਇੱਕ ਮਿਸਾਲ ਬਣ ਜਾਂਦੇ ਹਨ, ਜਦੋਂ ਕਿ ਜਿਹੜੇ ਲੋਕ ਸਮੁੰਦਰ ਕਿਨਾਰੇ ਬੈਠ ਕੇ ਜਾਂ ਲਾਈਨਾਂ 'ਚ ਲੱਗ ਕੇ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ, ਉਹ ਅਕਸਰ ਜ਼ਿੰਦਗੀ ਵਿੱਚ ਪਿੱਛੜ ਜਾਂਦੇ ਹਨ। ਸਫਲਤਾ ਅਜਿਹੇ ਇਨਸਾਨਾਂ ਦੇ ਗੁਆਂਢੋਂ ਲੰਘ ਜਾਂਦੀ ਹੈ। ਇਹ ਲੋਕ ਬੂਹੇ 'ਚ ਬੈਠ ਕੇ ਹਰ ਸਹੂਲਤ ਮਿਲਣ ਦੀ ਉਡੀਕ ਕਰਦੇ ਹਨ ਭਾਵ ਸਰਕਾਰ ਵੱਲ ਵੇਖਦੇ ਹਨ ਪਰ ਸਫਲਤਾ ਦੀ 'ਬਸੰਤ – ਬਹਾਰ' ਮਿਹਨਤੀ ਲੋਕਾਂ ਦੇ ਘਰਾਂ ਦੇ ਵਿਹੜਿਆਂ ਵਿੱਚ ਪੈਲਾਂ ਪਾ ਰਹੀ ਹੁੰਦੀ ਹੈ।

ਪ੍ਰਸਿੱਧ ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਕਹਿੰਦੇ ਹਨ ਕਿ ਸਫਲਤਾ ਦੇ ਇਸ ਮੁਕਾਮ 'ਤੇ ਪਹੁੰਚਣ ਲਈ ਉਹਨਾਂ ਵੱਲੋਂ ਸਖ਼ਤ ਮਿਹਨਤ ਕੀਤੀ ਗਈ ਹੈ ਅਤੇ ਇਸ ਸਮੇਂ ਵੀ ਉਹ ਲਗਾਤਾਰ ਮਿਹਨਤ ਅਤੇ ਸੰਘਰਸ਼ ਕਰ ਰਹੇ ਹਨ। ਹਰਿਆਣਾ ਦੀ ਪ੍ਰਸਿੱਧ ਡਾਂਸਰ ਸਪਨਾ ਚੌਧਰੀ ਕਹਿੰਦੇ ਹਨ ਕਿ ਉਸ ਦੀ ਪ੍ਰਸਿੱਧੀ ਅਤੇ ਡਾਂਸ ਵੇਖਣ ਵਾਲਿਆਂ ਨੂੰ ਉਸ ਦੇ ਪੈਰਾਂ 'ਤੇ ਪਏ ਛਾਲੇ ਵੀ ਵੇਖਣੇ ਚਾਹੀਦੇ ਹਨ। ਜਿਹੜੇ ਲੋਕਾਂ ਨੇ ਆਪਣੇ ਬਚਪਣ ਵਿੱਚ ਹੀ ਮਿਹਨਤ ਅਤੇ ਸੰਘਰਸ਼ ਕਰਨ ਨੂੰ ਅਪਨਾਅ ਲਿਆ, ਉਹਨਾਂ ਨੇ ਆਪਣੀ ਜਵਾਨੀ ਦੌਰਾਨ ਵੱਡੀ ਸਫਲਤਾ ਹਾਸਲ ਕਰ ਲਈ। ਹਰ ਸਫਲ ਇਨਸਾਨ ਦੇ ਪਿੱਛੇ ਉਸ ਦੀ ਸਖ਼ਤ ਮਿਹਨਤ ਵੀ ਸਪਸ਼ਟ ਝਲਕਦੀ ਹੁੰਦੀ ਹੈ।

ਅੱਜ ਦੇ ਜੀਵਨ ਵਿੱਚ ਹਰ ਕੋਈ ਸਫਲ ਹੋਣਾ ਚਾਹੁੰਦਾ ਹੈ।ਹਰ ਵਿਅਕਤੀ ਚਾਹੁੰਦਾ ਹੈ ਕਿ ਉਹ ਸ.ਫਲਤਾ ਦੀ ਪੌੜੀ ਦੇ ਅਖੀਰਲੇ ਸਿਰੇ 'ਤੇ ਖੜ੍ਹਾ ਹੋਵੇ।ਜੋ ਉਹ ਚਾਹੁੰਦਾ ਹੈ ਉਹ ਪ੍ਰਾਪਤ ਕਰੇ ਪਰ ਇੱਕ ਗੱਲ ਅਸੀਂ ਭੁੱਲ ਗਏ ਹਾਂ ਕਿ ਸ.ਫਲਤਾ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਦੀ ਲੋੜ ਹੈ।ਸਖ਼ਤ ਮਿਹਨਤ ਸਿਰਫ਼ 'ਮਿਹਨਤ ਕਰੋ' ਕਹਿਣ ਨਾਲ ਨਹੀਂ ਹੋ ਜਾਂਦੀ।ਮਨੁੱਖ ਦੇ ਮਨ ਵਿੱਚ ਇੱਕ ਤੜਪ ਹੋਣੀ ਜ਼ਰੂਰੀ ਹੈ।

ਐਨ.ਆਰ.ਆਈ. ਪੰਜਾਬੀ ਜਦੋਂ ਵਿਸ਼ਵ ਦੇ ਵੱਖ– ਵੱਖ ਮੁਲਕਾਂ ਤੋਂ ਪੰਜਾਬ ਗੇੜਾ ਮਾਰਦੇ ਹਨ ਤਾਂ ਅਕਸਰ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਮਾਣ ਨਾਲ ਦੱਸਦੇ ਹਨ ਕਿ ਉਹ ਵਿਦੇਸ਼ਾਂ 'ਚ ਲਗਾਤਾਰ 16–16 ਘੰਟੇ ਅਤੇ ਤਿੰਨ ਤਿੰਨ ਸ਼ਿਫ਼ਟਾਂ 'ਚ ਕੰਮ ਕਰਦੇ ਹਨ, ਜਿਸ ਕਾਰਨ ਅੱਜ ਉਹ ਵਿਦੇਸ਼ਾਂ 'ਚ ਸਫਲ ਹੋ ਗਏ ਹਨ ਅਤੇ ਆਪਣੇ ਪਰਿਵਾਰਾਂ ਨੂੰ ਲੱਖਾਂ ਡਾਲਰ ਭੇਜ ਰਹੇ ਹਨ। ਜਦੋਂ ਇਹਨਾਂ ਐਨ.ਆਰ.ਆਈ. ਪੰਜਾਬੀਆਂ ਨੂੰ ਇਹ ਪੁੱਛਿਆ ਜਾਂਦਾ ਹੈ ਕਿ ਜੇ ਉਹ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ ਜਾਣ ਦੀ ਥਾਂ ਆਪਣੇ ਪੰਜਾਬ 'ਚ ਹੀ 16–16 ਘੰਟੇ ਕੰਮ ਕਰਦੇ ਅਤੇ ਸਖ਼ਤ ਮਿਹਨਤ ਕਰਦੇ ਤਾਂ ਇਹਨਾਂ ਨੂੰ ਵੱਡੀ ਸਫਲਤਾ ਤਾਂ ਏਥੇ ਵੀ ਮਿਲ ਜਾਣੀ ਸੀ ਤਾਂ ਇਸ ਗੱਲ ਦਾ ਇਹਨਾਂ ਐਨ.ਆਰ.ਆਈ.ਪੰਜਾਬੀਆਂ ਕੋਲ ਕੋਈ ਜਵਾਬ ਨਹੀਂ ਹੁੰਦਾ।

ਅਨੇਕਾਂ ਪੰਜਾਬੀ ਆਗੂ ਅਕਸਰ ਗਿਲਾ ਕਰਦੇ ਹਨ ਕਿ ਦੂਜੇ ਰਾਜਾਂ ਤੋਂ ਆਏ ਪਰਵਾਸੀ ਮਜ਼ਦੂਰ ਪੰਜਾਬ ਵਿੱਚ ਆ ਕੇ ਚੰਗਾ ਰੁਜ਼ਗਾਰ ਕਮਾ ਰਹੇ ਹਨ ਅਤੇ ਉਹਨਾਂ ਨੇ ਪੰਜਾਬੀਆਂ ਤੋਂ ਉਹਨਾਂ ਦੇ ਕੰਮ ਧੰਦੇ ਖੋਹ ਲਏ ਹਨ। ਪੰਜਾਬੀਆਂ ਨੂੰ ਦੂਜੇ ਰਾਜਾਂ ਤੋਂ ਆਏ ਮਜ਼ਦੂਰਾਂ ਵੱਲੋਂ ਕੀਤੀ ਜਾਂਦੀ ਮਿਹਨਤ ਵੱਲ ਵੀ ਵੇਖਣਾ ਚਾਹੀਦਾ ਹੈ। ਜਿਹੜੇ ਕੰਮ ਨੂੰ ਪੰਜਾਬੀ ਨਖਰੇ ਕਰਕੇ ਨਾਂਹ ਕਰ ਦਿੰਦੇ ਹਨ, ਇਹ ਪਰਵਾਸੀ ਮਜ਼ਦੂਰ ਓਹੀ ਕੰਮ ਹੱਸ ਕੇ ਕਰਦੇ ਹਨ, ਜਿਸ ਕਾਰਨ ਪੰਜਾਬ ਵਿੱਚ ਦੂਜੇ ਰਾਜਾਂ ਤੋਂ ਆਏ ਲੋਕ ਕਾਮਯਾਬ ਹੋ ਗਏ ਹਨ।

ਜੇ ਪੰਜਾਬੀ ਪੰਜਾਬ ਵਿੱਚ ਸਖ਼ਤ ਮਿਹਨਤ ਅਤੇ ਲਗਾਤਾਰ ਸੰਘਰਸ਼ ਕਰਨ ਤਾਂ ਉਹ ਪੰਜਾਬ ਵਿੱਚ ਵੀ ਜ਼ਰੂਰ ਕਾਮਯਾਬ ਹੋਣਗੇ, ਕਿਉਂਕਿ ਕਿਰਤਾਂ ਨੂੰ ਤਾਂ ਬੂਰ ਪੈਣਾ ਹੀ ਹੁੰਦਾ ਹੈ। ਇਹ ਜ਼ਰੂਰ ਹੈ ਕਿ ਹਰ ਕੰਮ ਦੀ ਸ਼ੁਰੂਆਤ ਵਿੱਚ ਵੱਡੀਆਂ ਸਮੱਸਿਆਵਾਂ ਆਉਂਦੀਆਂ ਹਨ। ਕਈ ਵਾਰ ਪੰਜਾਬੀਆਂ ਨੂੰ ਨਵਾਂ ਕੰਮ ਸ਼ੁਰੂ ਕਰਨ ਲਈ ਬੈਂਕਾਂ ਤੋਂ ਕਰਜ਼ੇ ਵੀ ਲੈਣੇ ਪੈਂਦੇ ਹਨ ਅਤੇ ਕਈ ਤਰ੍ਹਾਂ ਦੀਆਂ ਸਰਕਾਰ ਤੋਂ ਪ੍ਰਵਾਨਗੀਆਂ ਵੀ ਲੈਣੀਆਂ ਪੈਂਦੀਆਂ ਹਨ। ਇਹ ਸਭ ਕੁਝ ਆਸਾਨ ਨਹੀਂ ਹੁੰਦਾ, ਪਰ ਜਿਹੜੇ ਪੰਜਾਬੀ ਲੋਕ ਅਜਿਹਾ ਕੁਝ ਕਰਦਿਆਂ ਸਖ਼ਤ ਮਿਹਨਤ ਕਰਦੇ ਰਹਿੰਦੇ ਹਨ, ਉਹ ਜ਼ਿੰਦਗੀ ਵਿੱਚ ਕਾਮਯਾਬ ਹੋ ਕੇ ਦੂਜਿਆਂ ਲਈ ਮਿਸਾਲ ਬਣ ਜਾਂਦੇ ਹਨ।

ਇੱਕ ਗੱਲ ਜ਼ਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਸਫਲਤਾ ਦਾ ਜਿੰਦਰਾ ਮਿਹਨਤ ਦੀ ਚਾਬੀ ਨਾਲ ਹੀ ਖੁੱਲ੍ਹਦਾ ਹੈ। ਸ਼ੁਰੂਆਤ 'ਚ ਜੇ ਲੋੜੀਂਦੀ ਸਫਲਤਾ ਨਾ ਮਿਲੇ ਤਾਂ ਘਬਰਾਉਣਾ ਨਹੀਂ ਚਾਹੀਦਾ ਤੇ ਸਖ਼ਤ ਮਿਹਨਤ ਅਤੇ ਲਗਾਤਾਰ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਬੱਦਲ ਜਿਆਦਾ ਦੇਰ ਤੱਕ ਸੂਰਜ ਦੀਆਂ ਕਿਰਨਾਂ ਨੂੰ ਲੁਕੋ ਕੇ ਨਹੀਂ ਰੱਖ ਸਕਦੇ। ਹਰ ਹਨੇਰੀ ਰਾਤ ਤੋਂ ਬਾਅਦ ਦਿਨ ਦਾ ਉਜਾਲਾ ਅਤੇ ਚੁਫ਼ੇਰੇ ਚਾਨਣ ਵੀ ਜ਼ਰੂਰ ਹੁੰਦਾ ਹੈ।





# ਕਿਵੇਂ ਦੂਰ ਹੋਣ ਬੇਚੈਨੀਆਂ ਤੇ ਬੇਭਰੋਸਗੀਆਂ ?



ਜਗਜੀਵਨ ਮੀਤ




ਜ਼ਿੰਦਗੀ ਦੀਆਂ ਭੜਕਾਹਟਾਂ, ਬੇਯਕੀਨੀਆਂ-ਬੇਭਰੋਸਗੀਆਂ ਤੇ ਖ਼ਹਿਬਾਜ਼ੀਆਂ ਇਸ ਵੇਲੇ ਸਮਾਜਿਕ ਸਰੋਕਾਰਾਂ ਦੀ ਨੀਂਹ ਨੂੰ ਬੁਰੇ ਤਰੀਕੇ ਨਾਲ ਹਲੂਣਾ ਦੇ ਰਹੀਆਂ ਹਨ। ਇਹ ਅਜੀਬ ਜਿਹਾ ਵਰਤਾਰਾ ਨਿਰੰਤਰ ਸਮਾਜ ਦੇ ਕਿਸੇ ਨਾ ਕਿਸੇ ਕੋਨੇ 'ਚ ਚੱਲ ਰਿਹਾ ਹੈ। ਕਿਸੇ ਵੇਲੇ ਸਮਾਜ ਦਾ ਮੁਲਾਂਕਣ ਸਮਾਜਿਕ, ਆਰਥਿਕ ਤੇ ਧਾਰਮਿਕ ਪੱਧਰਾਂ 'ਤੇ ਕੀਤਾ ਜਾਂਦਾ ਸੀ ਪਰ ਇਸ ਵੇਲੇ ਮਿੰਟ-ਮਿੰਟ ਇਸ ਦੇ ਸਮੀਕਰਣ ਬਦਲ ਰਹੇ ਹਨ। ਹੁਣ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਦੀ ਵਿੱਥ ਨਵੇਂ ਅਰਥ ਸਿਰਜ ਰਹੀ ਹੈ। ਮਾਪਿਆਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਦੇ ਆਪਣੇ ਬੱਚਿਆਂ ਦੇ ਵਿਚਕਾਰ ਹੀ ਲੰਬੇ ਚੌੜੇ ਵਿਚਾਰਕ ਮਤਭੇਦ ਪੈਦਾ ਹੋ ਰਹੇ ਹਨ। ਪਿਛਾਂਹ ਤੱਕਦੇ ਹਾਂ ਤਾਂ ਇੰਝ ਲੱਗਦਾ ਹੈ ਕਿ ਇਹ ਦਹਾਕਿਆਂ ਤੋਂ ਨਹੀਂ ਕੁਝ ਕੁ ਸਾਲਾਂ ਤੋਂ ਜ਼ਿਆਦਾ ਗਤੀ ਫ਼ੜ ਰਿਹਾ ਹੈ। ਨਵੀਂ ਪੀੜ੍ਹੀ ਨਵੇਂ ਨਾਵਾਂ ਨਾਲ ਆਪਣਾ ਵੱਖਰਾ ਸਮਾਜ ਤਿਆਰ ਕਰ ਰਹੀ ਹੈ। ਜੇਕਰ ਭਾਰਤੀ ਸੰਸਕ੍ਰਿਤੀ ਦੇ ਇਤਿਹਾਸ ਨੂੰ ਦੇਖਿਆ ਜਾਵੇ ਤਾਂ ਇਹ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਸੱਭਿਅਤਾਵਾਂ 'ਚੋਂ ਇੱਕ ਹੈ, ਜੋ ਅੰਦਾਜਨ 5,000 ਤੋਂ 8,000 ਸਾਲ ਪੁਰਾਣੀ ਹੈ। ਇਸ ਦੀਆਂ ਜੜ੍ਹਾਂ ਸਿੰਧੂ ਘਾਟੀ ਦੀ ਸੱਭਿਅਤਾ ਅਤੇ ਵੈਦਿਕ ਕਾਲ ਤੱਕ ਹਨ। ਭਾਰਤੀ ਸੰਸਕ੍ਰਿਤ ਸੰਸਾਰ ਦੀਆਂ ਸਭ ਤੋਂ ਵੱਧ ਪੁਰਾਣੀਆਂ ਲਿਖਤੀ ਭਾਸ਼ਾਵਾਂ 'ਚੋਂ ਇਕ ਹੈ। ਧਾਰਮਿਕ ਤੌਰ 'ਤੇ ਭਾਰਤ ਆਪਣੇ ਆਪ ਨੂੰ ਦੁਨੀਆ ਦੇ ਬਾਕੀ ਮੁਲਕਾਂ ਨਾਲੋਂ ਵੱਧ ਅਮੀਰ ਗਰਦਾਨਦਾ ਹੈ। ਧਾਰਮਿਕ ਅਤੇ ਸਮਾਜਿਕ ਪੱਖੋਂ ਸਾਡੀਆਂ ਦੂਜੇ ਮੁਲਕਾਂ ਨੂੰ ਦਲੀਲਾਂ ਵੀ ਬਾ-ਕਮਾਲ ਹਨ। ਸਾਂਝੀਵਾਲਤਾ ਤੇ ਭਾਈਚਾਰੇ ਦਾ ਸਭ ਤੋਂ ਵੱਧ ਸੁਨੇਹਾ ਵੀ ਅਸੀਂ ਹੀ ਦਿੰਦੇ ਹਾਂ। ਬੇਸ਼ੱਕ ਨਵੀਂ ਪੀੜ੍ਹੀ ਇਨ੍ਹਾਂ ਪੁਰਾਣੀਆਂ ਰਹੁ-ਰੀਤਾਂ ਨਾਲ ਆਪਣੇ ਪੱਧਰ 'ਤੇ ਭਿੰਨਤਾ ਵਾਲੇ ਸਰੋਕਾਰ ਰੱਖਦੀਆਂ ਹਨ ਪਰ ਪੁਰਾਣੀ ਪੀੜ੍ਹੀ ਇਸ ਵੇਲੇ ਸਭ ਤੋਂ ਵੱਧ ਦੁਚਿੱਤੀ 'ਚ ਦਿਨ ਕੱਟ ਰਹੀ ਹੈ। ਇਸ ਨੂੰ ਭੂਤਕਾਲ 'ਚ ਸਿਵਾਏ ਭਰਮ-ਭੁਲੇਖਿਆਂ ਦੇ ਕੁਝ ਨਹੀਂ ਦਿਸਦਾ, ਵਰਤਮਾਨ 'ਚ ਸਮਾਜਿਕ, ਆਰਥਿਕ ਤੇ ਧਾਰਮਿਕ ਉਣਤਾਈਆਂ ਉਪਜ ਰਹੀਆਂ ਹਨ ਤੇ ਭਵਿੱਖ ਜੜ੍ਹ ਤੋਂ ਹੀ ਨਵਾਂ ਰੂਪ ਲੈਂਦਾ ਦਿਸ ਰਿਹਾ ਹੈ।

ਇੱਥੇ ਭਾਰਤ ਦੀਆਂ ਇਤਿਹਾਸਕ ਪੈੜਾਂ ਸਮਝਾਉਣ ਦਾ ਮਕਸਦ ਸਿਰਫ਼ ਇੰਨਾ ਕੁ ਹੈ ਕਿ ਅਸੀਂ ਸਮਝ ਸਕੀਏ ਕਿ ਭਾਰਤੀ ਸਮਾਜਿਕ, ਆਰਥਿਕ, ਧਾਰਮਿਕ ਤੇ ਢਾਂਚਾਗਤ ਪ੍ਰਬੰਧ ਕਿੱਥੋਂ ਤੁਰਿਆ ਸੀ ਤੇ ਕਿੱਥੇ ਆ ਗਿਆ ਹੈ। ਇਹ ਹੁਣ ਜ਼ਿਆਦਾ ਅਹਿਮ ਹੋ ਰਿਹਾ ਹੈ ਕਿ ਜਿੱਥੇ ਅਸੀਂ ਪੁੱਜ ਗਏ ਹਾਂ, ਉੱਥੇ ਖੜ੍ਹ ਕੇ ਦੇਖੀਏ ਕਿ ਕਿੱਥੋਂ ਤੁਰੇ ਸੀ। ਤਾਂ ਹੀ ਸਵਾਲ ਉੱਠੇਗਾ ਕਿ ਜੇ ਅਸੀਂ ਧਰਮ, ਸੰਸਕ੍ਰਿਤੀ, ਭਾਸ਼ਾ, ਗਿਆਨ, ਸੱਭਿਆਚਾਰ, ਵਿਰਸੇ ਤੇ ਏਕਤਾ-ਅਖੰਡਤਾ ਦੇ ਇੰਨੇ ਪਰਪੱਕ ਹਾਂ ਤਾਂ ਫ਼ਿਰ ਮੌਜੂਦਾ ਦੌਰ 'ਚ ਭਾਰਤੀ ਸਮਾਜਿਕ ਪ੍ਰਬੰਧ 'ਚ ਇਹ ਬੇਯਕਨੀਆਂ ਤੇ ਬੇਚੈਨੀਆਂ ਕਿਉਂ ਦਿਮਾਗ਼ੀ ਪ੍ਰਬੰਧ ਵਿਗਾੜ ਰਹੀਆਂ ਹਨ ? ਸਮਾਜਿਕ ਸੁਰੱਖਿਆ, ਭਵਿੱਖ ਦੀਆਂ ਯੋਜਨਾਵਾਂ, ਸਿਆਸੀ ਸਮੀਕਰਨ ਤੇ ਨੈਤਿਕ ਕਦਰਾਂ-ਕੀਮਤਾਂ 'ਚ ਇਸ ਪੱਧਰ ਦਾ ਅਸਾਵਾਂਪਣ ਕਿਉਂ ਪੈਦਾ ਹੋ ਰਿਹਾ ਹੈ ? ਜੇ ਧਾਰਮਿਕ ਤੌਰ 'ਤੇ ਅਸੀਂ ਇੰਨੇ ਡੂੰਘੇ ਹਾਂ ਤਾਂ ਫ਼ਿਰ ਬੁੱਧੀ-ਵਿਵੇਕ ਤੇ ਵਿਚਾਰਕ ਤੌਰ 'ਤੇ ਸਾਡੀ ਸੋਚ ਅੰਦਰ ਇਹ ਹਲਕਾਪਣ ਕਿਉਂ ਫ਼ੈਲ ਰਿਹਾ ਹੈ ? ਜੇ ਦੁਨੀਆ ਨੂੰ ਅਸੀਂ ਸਿਆਸਤ ਦੇ ਜ਼ਰੀਏ ਸਲਾਹਾਂ ਦੇਣ ਵਾਲੇ ਤੇ ਵਿਕਾਸ ਦੇ ਪੱਧਰ 'ਤੇ 'ਵਿਸ਼ਵ-ਗੁਰੂ' ਹੋਣ ਦਾ ਦਮ ਭਰਦੇ ਹਾਂ ਤਾਂ ਸਾਡੇ ਆਪਣੇ ਮੁਲਕ 'ਚ ਹਰੇਕ ਮੋੜ 'ਤੇ ਨਿਘਾਰ ਕਿਉਂ ਪੈਦਾ ਹੋ ਰਹੇ ਹਨ ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਕਿਤੇ ਨਾ ਕਿਤੇ ਸਾਡੇ ਆਪਣੇ ਹੀ ਸਮਾਜਿਕ, ਸਿਆਸੀ ਤੇ ਕਾਨੂੰਨੀ ਪ੍ਰਬੰਧ 'ਚ ਖਿੱਲਰੇ ਪਏ ਹਨ।

ਕਿਸੇ ਵੀ ਮੁਲਕ ਦੇ ਵਿਕਾਸ ਦਾ ਅੰਦਾਜ਼ਾ ਉਸ ਦੇ ਸਿੱਖਿਆ ਤੇ ਸਿਹਤ ਪ੍ਰਬੰਧ ਤੋਂ ਲਾਇਆ ਜਾ ਸਕਦਾ ਹੈ। ਸਿਹਤਮੰਦ ਤੇ ਸਿੱਖਿਅਕ ਨਾਗਰਿਕ ਮੁੱਢਲੇ ਰੂਪ 'ਚ ਕਿਸੇ ਮੁਲਕ ਦੇ ਵਿਕਾਸ ਨੂੰ ਮਜ਼ਬੂਤੀ ਦੇਣ ਲਈ ਕਾਫ਼ੀ ਹੈ। ਪਿਛਲੇ ਦਿਨੀਂ ਦੁਨੀਆ ਦੇ ਦੂਜੇ ਮੁਲਕਾਂ ਨੇ ਉਹ ਸਾਰਾ ਨਜ਼ਾਰਾ ਦੇਖਿਆ ਹੈ, ਜਿਸ ਨਾਲ ਮੌਜੂਦਾ ਭਾਰਤੀ ਸਿੱਖਿਆ ਪ੍ਰਬੰਧ ਦੀਆਂ ਨਾਕਾਮੀਆਂ ਉਘੜ ਕੇ ਸਾਹਮਣੇ ਆਈਆਂ ਹਨ। ਪੇਪਰ ਲੀਕ ਹੋਣ ਦੀ ਬੇਭਰੋਸਗੀ ਨੇ ਵਿਦਿਆਰਥੀਆਂ ਮਨਾਂ ਨੂੰ ਇੰਨਾ ਝੰਜੋੜਿਆ ਕਿ ਕਈ ਖ਼ੁਦਕੁਸ਼ੀ ਕਰ ਗਏ। ਇਸ ਦੁਖਾਂਤ ਤੋਂ ਬਾਅਦ ਸ਼ੁਰੂ ਹੋਏ ਰੋਸ-ਪ੍ਰਦਰਸ਼ਨਾਂ 'ਚ ਕਾਨੂੰਨ ਬਹਾਲੀ ਲਈ ਵਿਦਿਆਰਥੀਆਂ 'ਤੇ ਜੋ ਤਸ਼ੱਦਦ ਹੋਇਆ, ਉਹ ਸਿੱਖਿਆ ਪ੍ਰਬੰਧ ਨਾਲੋਂ ਕਾਨੂੰਨ ਵਿਵਸਥਾ ਦੇ ਮੱਥੇ 'ਤੇ ਵੱਧ ਕਲੰਕ ਵਾਲਾ ਸਾਬਤ ਹੋਇਆ। ਕੀ ਅਸੀਂ ਸੋਚਿਆ ਕਿ ਇਸ ਨਾਲ ਉਨ੍ਹਾਂ ਵਿਦਿਆਰਥੀਆਂ ਦੀ ਮਨੋਦਸ਼ਾ 'ਤੇ ਕੀ ਪ੍ਰਭਾਵ ਪਵੇਗਾ, ਜਿਹੜੇ ਇਸ ਮੁਲਕ ਦੇ ਨਾਗਰਿਕ ਵੀ ਹਨ। ਇਹ ਡਰ-ਤਮਾਸ਼ੇ ਹੀ ਉਨ੍ਹਾਂ ਦਾ ਮੁਲਕ ਪ੍ਰਤੀ ਨਜ਼ਰੀਆ ਸਥਾਪਿਤ ਕਰਨਗੇ। ਸੰਵਿਧਾਨਕ ਸਿਧਾਂਤਾਂ 'ਤੇ ਖੜ੍ਹੇ ਕਿਸੇ ਸਮਾਜ ਨੂੰ 'ਡੰਡੇ ਦੇ ਜ਼ੋਰ' ਨਾਲ ਕਿੰਨਾ ਕੁ ਸਮਾਂ ਸੂਤ ਰੱਖਿਆ ਜਾ ਸਕਦਾ ਹੈ। ਵਿਦਿਆਰਥੀਆਂ 'ਤੇ ਤਸ਼ੱਦਦ ਨਾਲ ਜੁੜੀ ਇਹ ਇੱਕ ਉਦਾਹਰਨ ਹੈ। ਇਸ ਮੁਲਕ 'ਚ ਪਿਛਲੇ ਲੰਬੇ ਸਮੇਂ ਤੋਂ ਸਿਹਤ, ਸਿੱਖਿਆ, ਸੜਕੀ ਢਾਂਚੇ, ਕਾਨੂੰਨੀ ਸੋਧਾਂ, ਸੰਵਿਧਾਨਕ ਹੱਕਾਂ ਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਤੰਦਰੁਸਤ ਬਹਾਲੀ ਲਈ ਲੜਾਈਆਂ ਲੜੀਆਂ ਜਾ ਰਹੀਆਂ ਹਨ। ਪਿਛਲੇ 70-75 ਸਾਲਾਂ 'ਚ ਇਸ ਮੁਲਕ ਨੇ ਨਾਗਰਿਕਾਂ ਦੀਆਂ ਸਹੂਲਤਾਂ, ਰੁਜ਼ਗਾਰ ਦੇ ਮੌਕਿਆਂ, ਸੂਬਿਆਂ ਦੀਆਂ ਲੜਾਈਆਂ ਤੇ ਸਿਆਸਤ ਦੀ ਉਥਲ ਪੁਥਲ ਦੇ ਕਈ ਰੂਪ ਦੇਖੇ ਹਨ। ਜਦੋਂ ਇੱਕ ਨਾਗਰਿਕ ਦੀ ਜ਼ਿੰਦਗੀ ਨੂੰ ਮੁੱਖ ਰੱਖ ਕੇ ਇਨ੍ਹਾਂ ਗੱਲਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਦੇਸ਼ ਹਾਲੇ ਉੱਥੇ ਹੀ ਖੜ੍ਹਾ ਹੈ, ਜਿੱਥੇ 70-75 ਸਾਲ ਪਹਿਲਾਂ ਖੜ੍ਹਾ ਸੀ।

# ਸੱਤਾ ਵਿਰੋਧੀ ਸੁਰ ਵਾਲੇ ਲੋਕਾਂ ਨੂੰ ਦੇਸ਼ ਧ੍ਰੋਹੀ ਦਾ ਲਕਬ

ਰਾਮ ਚੰਦਰ ਗੁਹਾ

ਕਿਸੇ ਦੇਸ਼ ਦੇ ਮਹਾਨ ਨਾਗਰਿਕ ਉਹ ਨਹੀਂ ਹੁੰਦੇ ਜੋ ਸੱਤਾ ਅੱਗੇ ਗੋਡੇ ਟੇਕ ਦੇਣ ਸਗੋਂ ਉਹ ਹੁੰਦੇ ਹਨ ਜੋ ਉਸ ਦੇਸ਼ ਦੀ ਇੱਜ਼ਤ ਅਤੇ ਆਜ਼ਾਦੀ ਲਈ ਆਪਣੀ ਗੱਲ ਉੱਤੇ ਚੱਟਾਨ ਵਾਂਗ ਅੜੇ ਰਹਿੰਦੇ ਹਨ, ਇਸ ਖ਼ਾਤਰ ਭਾਵੇਂ ਸੱਤਾ ਨਾਲ ਹੀ ਕਿਉਂ ਨਾ ਟਕਰਾਉਣਾ ਪਵੇ। ਅਲਬਰਟ ਕਾਮੂ ਆਪਣੇ ਸਮੇਂ ਦੇ ਪ੍ਰਸਿੱਧ ਬਰਤਾਨਵੀ ਇਤਿਹਾਸਕਾਰ ਏ. ਜੇ. ਪੀ. ਟੇਲਰ ਨੇ ਆਧੁਨਿਕ ਜਰਮਨੀ, ਆਧੁਨਿਕ ਬਰਤਾਨੀਆ ਅਤੇ ਦੋਵਾਂ ਆਲਮੀ ਜੰਗਾਂ ਬਾਰੇ ਵੱਡੀਆਂ ਕਿਤਾਬਾਂ ਲਿਖੀਆਂ ਅਤੇ ਇਸ ਦੇ ਨਾਲ ਹੀ ਮੀਡੀਆ ਦਿੱਗਜ ਲਾਰਡ ਬੀਵਰਬਰੁੱਕ ਦੀ ਜੀਵਨੀ ਵੀ ਲਿਖੀ। ਹਾਲਾਂਕਿ, ਉਹ ਖ਼ੁਦ ਆਪਣੀਆਂ ਸਾਰੀਆਂ ਕਿਤਾਬਾਂ ਵਿੱਚੋਂ 'ਦਿ ਟਰੱਬਲ ਮੇਕਰਜ਼' ਨੂੰ ਆਪਣੀ ਬਿਹਤਰੀਨ ਰਚਨਾ ਮੰਨਦੇ ਸਨ। ਇਹ ਕਿਤਾਬ ਬਰਤਾਨੀਆ ਦੇ ਉਨ੍ਹਾਂ ਵਿਰੋਧੀ ਸੁਰ ਵਾਲੇ ਲੋਕਾਂ (ਡਿਸੈਂਟਰਾਂ) ਬਾਰੇ ਸੀ, ਜਿਨ੍ਹਾਂ ਨੇ ਆਪਣੇ ਦੇਸ਼ ਦੀਆਂ ਸਾਮਰਾਜੀ ਅਤੇ ਵਿਸਤਾਰਵਾਦੀ ਵਿਦੇਸ਼ ਨੀਤੀਆਂ ਦਾ ਵਿਰੋਧ ਕੀਤਾ ਸੀ। ਆਪਣੇ ਸਮੇਂ ਦੀ ਔਕਸਫੋਰਡ ਯੂਨੀਵਰਸਿਟੀ ਦੇ ਮਾਹੌਲ ਵਿੱਚ ਟੇਲਰ ਖ਼ੁਦ ਵੀ ਕਿਸੇ 'ਟਰੱਬਲ ਮੇਕਰ' ਤੋਂ ਘੱਟ ਨਹੀਂ ਸਨ। ਸ਼ਾਇਦ ਇਸੇ ਕਰਕੇ ਉਨ੍ਹਾਂ ਨੂੰ ਇਹ ਕਿਤਾਬ ਇੰਨੀ ਪਸੰਦ ਰਹੀ ਹੋਵੇ। ਫਿਰ ਵੀ ਇਹ ਕਿਤਾਬ ਪੜ੍ਹਨ ਵਿੱਚ ਬਹੁਤ ਦਿਲਚਸਪੀ ਬਣੀ ਰਹਿੰਦੀ ਹੈ, ਖ਼ਾਸਕਰ ਇਸ ਵਿੱਚ ਸ਼ਾਮਿਲ ਪਾਤਰਾਂ ਕਰਕੇ।

ਏ. ਜੇ. ਪੀ. ਟੇਲਰ ਦੇ ਇਨ੍ਹਾਂ ਵਿਰੋਧੀ ਸੁਰ ਵਾਲੇ ਲੋਕਾਂ ਵਿੱਚ ਉਨ੍ਹੀਵੀਂ ਸਦੀ ਦਾ ਲਿਬਰਲ (ਉਦਾਰਵਾਦੀ) ਸਿਆਸਤਦਾਨ ਜੌਨ ਬ੍ਰਾਈਟ ਵੀ ਸ਼ਾਮਿਲ ਸੀ। ਜੌਨ ਬ੍ਰਾਈਟ ਸ਼ਾਨਦਾਰ ਬੁਲਾਰਾ ਸੀ। ਇਤਿਹਾਸਕਾਰ ਆਸਾ ਬ੍ਰਿਗਜ਼ ਨੇ ਉਸ ਨੂੰ ਮੱਧ-ਵਿਕਟੋਰੀਆ ਕਾਲ ਦੀ ਗਰਮ-ਖ਼ਿਆਲੀ ਸਿਆਸਤ ਦਾ ਸਭ ਤੋਂ ਅਹਿਮ ਆਗੂ ਕਰਾਰ ਦਿੱਤਾ ਸੀ। ਹਾਊਸ ਆਫ ਕੌਮਨਜ਼ (ਬਰਤਾਨਵੀ ਸੰਸਦ) ਵਿੱਚ ਦਿੱਤੇ ਗਏ ਉਸ ਦੇ ਕੁਝ ਭਾਸ਼ਣਾਂ ਨੇ ਵਿਦੇਸ਼ਾਂ ਵਿੱਚ ਆਪਣੀ ਸਰਕਾਰ ਦੀਆਂ ਮੁਹਿੰਮਾਂ, ਜਿਵੇਂ ਕਿ 1850ਵਿਆਂ ਦੀ ਕ੍ਰੀਮੀਆ ਦੀ ਜੰਗ, ਦੀਆਂ ਪਰਤਾਂ ਉਧੇੜ ਕੇ ਰੱਖ ਦਿੱਤੀਆਂ ਸਨ। ਉਸ ਵੱਲੋਂ ਸਰਕਾਰੀ ਨੀਤੀਆਂ ਦੀ ਕੀਤੀ ਗਈ ਨੁਕਤਾਚੀਨੀ ਤੋਂ ਕੰਜ਼ਰਵੇਟਿਵ (ਰੂੜੀਵਾਦੀ) ਧਿਰ ਦੇ ਆਗੂ ਕਾਫ਼ੀ ਖ਼ਫ਼ਾ ਹੋਏ ਅਤੇ ਉਨ੍ਹਾਂ ਨੇ ਉਸ ਉੱਤੇ ਦੇਸ਼ ਦੇ ਹਿੱਤਾਂ ਨਾਲ ਗੱਦਾਰੀ ਕਰਨ ਦੇ ਦੋਸ਼ ਲਾਏ। ਇਨ੍ਹਾਂ ਦੋਸ਼ਾਂ ਦਾ ਜਵਾਬ ਦਿੰਦਿਆਂ ਬ੍ਰਾਈਟ ਨੇ ਪੂਰੇ ਜੋਸ਼ ਨਾਲ ਆਖਿਆ ਸੀ:

ਭਲਾ ਮੈਂ ਜਾਂ ਤੁਹਾਡੇ ਵਿੱਚੋਂ ਕੋਈ ਵੀ 'ਗ਼ੈਰ-ਅੰਗਰੇਜ਼' ਅਤੇ 'ਦੇਸ਼-ਧ੍ਰੋਹੀ' ਕਿਵੇਂ ਹੋ ਸਕਦਾ ਹੈ ? ਕੀ ਮੈਂ ਇਸੇ ਧਰਤੀ ਉੱਤੇ ਨਹੀਂ ਜੰਮਿਆ ? ਕੀ ਮੈਂ ਇਸੇ ਗੋਰੀ ਨਸਲ ਵਿੱਚੋਂ ਨਹੀਂ ਹਾਂ ? ਕੀ ਮੇਰਾ ਪਰਿਵਾਰ ਇਸ ਦੇਸ਼ ਦੀ ਕਿਸਮਤ ਨਾਲ ਪੱਕੇ ਤੌਰ 'ਤੇ ਨਹੀਂ ਜੁੜਿਆ ਹੋਇਆ ? ਕੀ ਮੇਰੀ ਜੋ ਵੀ ਜਾਇਦਾਦ ਹੈ, ਉਹ ਤੁਹਾਡੀ ਜਾਇਦਾਦ ਵਾਂਗ ਸਾਡੇ ਸਾਂਝੇ ਪਿਦਰੀ-ਵਤਨ (ਦੇਸ਼) ਦੇ ਚੰਗੇ ਪ੍ਰਬੰਧ ਉੱਤੇ ਨਿਰਭਰ ਨਹੀਂ ਕਰਦੀ ? ਫਿਰ ਆਪਣੇ ਹੀ ਕਿਸੇ ਦੇਸ਼ਵਾਸੀ ਨੂੰ ਇਹ ਕਹਿ ਦੇਣਾ ਕਿੱਥੋਂ ਤੱਕ ਜਾਇਜ਼ ਹੈ ਕਿ ਉਹ ਸਿਰਫ਼ ਇਸ ਲਈ 'ਗ਼ੈਰ-ਅੰਗਰੇਜ਼' ਜਾਂ 'ਦੇਸ਼-ਧ੍ਰੋਹੀ' ਹੈ ਕਿਉਂਕਿ ਉਹ ਜਨਤਕ ਨੀਤੀਆਂ ਦੇ ਕਿਸੇ ਵੱਡੇ ਮਸਲੇ ਉੱਤੇ ਵੱਖਰਾ ਨਜ਼ਰੀਆ ਰੱਖਦਾ ਹੈ?



ਮੈਂ ਇਹ ਸ਼ਬਦ ਪਹਿਲੀ ਵਾਰ ਤੀਹ ਸਾਲ ਪਹਿਲਾਂ ਪੜ੍ਹੇ ਸਨ। ਇਨ੍ਹਾਂ ਨੇ ਮੇਰੇ ਮਨ ਨੂੰ ਸਿੱਧਾ ਟੁੰਬਿਆ ਸੀ ਕਿਉਂਕਿ ਮੇਰੇ ਬਚਪਨ ਦੇ ਭਾਰਤ ਵਿੱਚ ਇਹ ਦੂਸ਼ਣਬਾਜ਼ੀ ਵਾਲਾ ਸ਼ਬਦ 'ਦੇਸ਼-ਧ੍ਰੋਹੀ' (ਐਂਟੀ-ਨੈਸ਼ਨਲ) ਆਮ ਤੌਰ 'ਤੇ ਹਰ ਥਾਂ ਵਰਤਿਆ ਜਾਂਦਾ ਸੀ ਅਤੇ ਉਹ ਵੀ ਸਾਡੀ ਪ੍ਰਧਾਨ ਮੰਤਰੀ ਵੱਲੋਂ, ਕੋਈ ਛੋਟੀ ਮੋਟੀ ਹਸਤੀ ਵੱਲੋਂ ਨਹੀਂ। 1971 ਵਿੱਚ ਲੋਕਾਂ ਦੇ ਭਾਰੀ ਫ਼ਤਵੇ ਨਾਲ ਚੁਣੀ ਗਈ ਇੰਦਰਾ ਗਾਂਧੀ ਨੇ ਵਿਰੋਧੀ ਸੁਰਾਂ ਨੂੰ ਦਬਾਇਆ। ਜਦੋਂ ਮਹਾਨ ਸੁਤੰਤਰਤਾ ਸੰਗਰਾਮੀ ਜੈਪ੍ਰਕਾਸ਼ ਨਾਰਾਇਣ (ਜੇ.ਪੀ.) ਦੀ ਅਗਵਾਈ ਹੇਠ ਇੱਕ ਲੋਕ ਲਹਿਰ ਨੇ ਉਸ ਦੇ ਤੌਰ-ਤਰੀਕਿਆਂ 'ਤੇ ਸਵਾਲ ਖੜ੍ਹੇ ਕੀਤੇ ਤਾਂ ਉਸ ਨੇ ਦਾਅਵਾ ਕੀਤਾ ਕਿ (ਜੇ.ਪੀ. ਸਮੇਤ) ਇਸ ਲਹਿਰ ਦੇ ਸਾਰੇ ਆਗੂ ਵਿਦੇਸ਼ੀ ਤਾਕਤਾਂ ਦੇ ਪਾਲੇ ਹੋਏ ਹਨ ਅਤੇ ਉਨ੍ਹਾਂ ਸਾਰਿਆਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਗਿਆ।

ਸ੍ਰੀਮਤੀ ਗਾਂਧੀ ਨੇ ਭਾਰਤੀ ਸਿਆਸੀ ਚਿੰਤਨ ਵਿੱਚ 'ਵਿਦੇਸ਼ੀ ਹੱਥ' (ਫਾਰਨ ਹੈਂਡ) ਦਾ ਨਾਅਰਾ ਲਿਆਂਦਾ। ਹਾਲ ਹੀ ਦੇ ਸਮੇਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਨਾਸ਼ਾਹੀ ਤੌਰ-ਤਰੀਕਿਆਂ ਦੇ ਮਾਮਲੇ ਵਿੱਚ ਸ਼ਾਇਦ ਇੰਦਰਾ ਗਾਂਧੀ ਤੋਂ ਵੀ ਅੱਗੇ ਨਿਕਲ ਚੁੱਕੇ ਹਨ। ਸ੍ਰੀ ਮੋਦੀ ਨੇ ਆਪਣੇ ਆਲੋਚਕਾਂ ਨੂੰ ਖ਼ਤਰਨਾਕ 'ਦੇਸ਼-ਧ੍ਰੋਹੀ' ਕਰਾਰ ਦੇ ਕੇ ਉਨ੍ਹਾਂ 'ਤੇ ਹੱਲੇ ਬੋਲੇ ਹਨ। ਮੋਦੀ ਜੀ ਦੇ ਦਰਬਾਰੀ ਆਪਣੇ ਵਿਰੋਧੀਆਂ 'ਤੇ ਇਹ ਦੋਸ਼ ਲਾਉਂਦੇ ਹਨ ਕਿ ਉਹ ਭਾਰਤ ਦੇ ਗੁਆਂਢੀ ਪਾਕਿਸਤਾਨ ਤੋਂ ਪੈਸੇ ਲੈ ਰਹੇ ਹਨ ਜਾਂ ਇੱਥੋਂ ਤੱਕ ਕਿ ਅਮਰੀਕੀ ਕਾਰੋਬਾਰੀ ਜੌਰਜ ਸੌਰੋਸ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਜਿਹੜੇ ਲੋਕ ਮੌਜੂਦਾ ਹਕੂਮਤ ਦੇ ਬਹੁਗਿਣਤੀਵਾਦ ਅਤੇ ਤਾਨਾਸ਼ਾਹੀ ਦਾ ਵਿਰੋਧ ਕਰਦੇ ਹਨ, ਉਨ੍ਹਾਂ ਉੱਤੇ 'ਟੁਕੜੇ-ਟੁਕੜੇ ਗੈਂਗ' ਦੇ ਮੈਂਬਰ ਹੋਣ ਦੇ ਦੋਸ਼ ਲਾਏ ਜਾਂਦੇ ਹਨ, ਜੋ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ 'ਤੇ ਦੇਸ਼ ਨੂੰ ਤੋੜਨ ਲਈ ਕੰਮ ਕਰ ਰਹੇ ਹਨ। ਆਲੋਚਕਾਂ ਨੂੰ ਬਦਨਾਮ ਕਰਨ ਲਈ ਵਰਤੇ ਜਾਂਦੇ ਹੋਰਨਾਂ ਵਿਸ਼ੇਸ਼ਣਾਂ ਵਿੱਚ 'ਅਰਬਨ ਨਕਸਲ' ਅਤੇ 'ਮੈਕਾਲੇ ਪੁੱਤਰ' ਸ਼ਾਮਲ ਹਨ।

ਇਸ ਖ਼ਬਤੀ ਮਾਨਸਿਕਤਾ ਦੀ ਤਾਜ਼ਾ ਉਦਾਹਰਣ ਸੰਘ ਪਰਿਵਾਰ ਵੱਲੋਂ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਉੱਤੇ ਕੀਤੇ ਗਏ ਹੱਲੇ ਹਨ। ਪ੍ਰਦਰਸ਼ਨਕਾਰੀ ਅਹਿੰਸਕ ਤਰੀਕੇ ਨਾਲ ਅਤੇ ਨਿੱਜੀ ਪੱਧਰ 'ਤੇ ਮੁਸ਼ਕਿਲਾਂ ਝੱਲਦਿਆਂ, ਵਿਦਿਅਕ ਖੇਤਰ ਵਿੱਚ ਫੈਲੇ ਭ੍ਰਿਸ਼ਟਾਚਾਰ ਵੱਲ ਧਿਆਨ ਖਿੱਚ ਰਹੇ ਸਨ। ਫਿਰ ਵੀ ਇਹ ਦਾਅਵਾ ਕੀਤਾ ਗਿਆ (ਆਮ ਤੌਰ 'ਤੇ ਬਿਨਾਂ ਕਿਸੇ ਸਬੂਤ ਦੇ) ਕਿ ਇਨ੍ਹਾਂ ਵਿੱਚ ਹਿੱਸਾ ਲੈਣ ਵਾਲਿਆਂ ਦਾ ਅਪਰਾਧਿਕ ਪਿਛੋਕੜ ਹੈ ਜਾਂ ਉਨ੍ਹਾਂ ਨੂੰ ਅਣਪਛਾਤੀਆਂ ਤਾਕਤਾਂ ਵੱਲੋਂ ਫੰਡ ਦਿੱਤੇ ਜਾ ਰਹੇ ਹਨ ਜਿਹੜੀਆਂ ਤਾਕਤਾਂ ਕਥਿਤ ਤੌਰ 'ਤੇ ਭਾਰਤ ਨੂੰ ਤੋੜਨ 'ਤੇ ਤੁਲੀਆਂ ਹੋਈਆਂ ਹਨ। ਆਰ ਐੱਸ ਐੱਸ ਦੇ ਇੱਕ ਵਿਚਾਰਕ ਨੇ ਸਰਕਾਰ ਨੂੰ ਤਾਕੀਦ ਕੀਤੀ ਕਿ ਉਹ ਵਿਦਿਆਰਥੀ ਪ੍ਰਦਰਸ਼ਨਾਂ ਲਈ ਸੰਭਾਵੀ ਵਿਦੇਸ਼ੀ ਫੰਡਿੰਗ ਬਾਰੇ ਜਲਦੀ ਤੋਂ ਜਲਦੀ ਸਪੱਸ਼ਟ ਅਤੇ ਭਰੋਸੇਯੋਗ ਸਬੂਤ ਸਾਹਮਣੇ ਲਿਆਵੇ। ਆਰ ਐੱਸ ਐੱਸ ਦੇ ਆਪਣੇ ਮੈਗਜ਼ੀਨ 'ਆਰਗੇਨਾਈਜ਼ਰ' ਵਿੱਚ ਛਪੇ ਇੱਕ ਲੇਖ ਵਿੱਚ ਦਾਅਵਾ ਕੀਤਾ ਗਿਆ ਕਿ ਚੰਗਾ ਖਾਣ-ਪੀਣ ਵਾਲੇ ਅਤੇ ਸਮਾਰਟਫੋਨ ਵਰਤਣ ਵਾਲੇ ਇਹ ਮੁਜ਼ਾਹਰਾਕਾਰੀ ਆਪਣੇ ਆਪ ਭੜਕੇ ਗੁੱਸੇ ਵਾਂਗ ਨਹੀਂ ਸਗੋਂ ਪੇਸ਼ੇਵਰ ਢੰਗ ਨਾਲ ਚਲਾਈ ਜਾ ਰਹੀ ਕਿਸੇ ਮੁਹਿੰਮ ਵਾਂਗ ਕੰਮ ਕਰ ਰਹੇ ਹਨ। ਲੇਖ ਵਿੱਚ ਅੱਗੇ ਕਿਹਾ ਗਿਆ ਕਿ ਵਿਦਿਆਰਥੀ ਜੋ ਪਿਜ਼ੇ ਅਤੇ ਬਰਗਰ ਖਾ ਰਹੇ ਸਨ, ਉਹ ਇਹ ਦਰਸਾਉਂਦੇਹਨ ਕਿ ਵਿਦੇਸ਼ੀ ਖਾਤੇ ਪ੍ਰਦਰਸ਼ਨ ਵਾਲੀਆਂ ਥਾਵਾਂ ਉੱਤੇ ਖਾਣੇ ਦੇ ਪ੍ਰਬੰਧਾਂ ਨੂੰ ਸਬਸਿਡੀ ਦੇ ਰਹੇ ਹਨ ਅਤੇ ਇਸ ਅੰਦੋਲਨ ਨੂੰ ਦੁਨੀਆ ਭਰ ਦੇ ਮੁਲਕਾਂ ਵੱਲੋਂ ਹਮਾਇਤ ਮਿਲ ਰਹੀ ਹੈ। ਇਸ ਤੋਂ ਇਲਾਵਾ ਜੌਰਜ ਸੌਰੋਸ ਅਤੇ 'ਡੀਪ ਸਟੇਟ ਨੈੱਟਵਰਕ' ਵਰਗੇ ਆਲਮੀ ਖਿਡਾਰੀਆਂ ਨਾਲ ਸ਼ੱਕੀ ਸਬੰਧ ਹੋਣ ਦੀਆਂ ਗੱਲਾਂ ਵੀ ਆਖੀਆਂ ਗਈਆਂ।

ਜਦੋਂ ਭਾਰਤ ਆਖ਼ਰਕਾਰ ਆਜ਼ਾਦ ਹੋਇਆ ਅਤੇ ਇਸ ਨੂੰ ਆਪਣਾ ਖ਼ੁਦ ਦਾ ਰਾਜ ਮਿਲਿਆ ਤਾਂ ਇਸ ਨੇ ਇੱਕ ਅਜਿਹਾ ਸੰਵਿਧਾਨ ਅਪਣਾਇਆ ਜਿਸ ਨੇ ਜਾਤ ਅਤੇ ਲਿੰਗ ਦੇ ਭੇਦਭਾਵ ਨੂੰ ਕਾਨੂੰਨੀ ਤੌਰ 'ਤੇ ਖ਼ਤਮ ਕਰ ਦਿੱਤਾ, ਪਰ ਅਮਲੀ ਰੂਪ ਵਿੱਚ ਦਲਿਤਾਂ (ਨੀਵੀਆਂ ਜਾਤਾਂ) ਅਤੇ ਔਰਤਾਂ ਨਾਲ ਵਿਤਕਰਾ ਅਜੇ ਵੀ ਜਾਰੀ ਹੈ। ਹਰ ਅਸਲ ਰਾਸ਼ਟਰਵਾਦੀ ਨੂੰ ਇਸ ਗੱਲੋਂ ਸ਼ਰਮ ਆਉਣੀ ਚਾਹੀਦੀ ਹੈ, ਸਰਕਾਰੀ ਸੁਰੱਖਿਆ ਬਲਾਂ ਵੱਲੋਂ ਕੀਤੇ ਜਾਂਦੇ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਵੀ ਸ਼ਰਮ ਆਉਣੀ ਚਾਹੀਦੀ ਹੈ ਅਤੇ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਤੇ ਬੇਈਮਾਨੀ 'ਤੇ ਵੀ ਸ਼ਰਮ ਆਉਣੀ ਚਾਹੀਦੀ ਹੈ, ਜੋ ਅਕਸਰ ਦੇਖਣ ਨੂੰ ਮਿਲਦੀ ਹੈ ਪਰ ਜਿਸ ਨੂੰ ਬਿਨਾਂ ਕਿਸੇ ਕਾਰਵਾਈ ਦੇ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਜੇਕਰ ਕੋਈ ਨਾਗਰਿਕ ਜਨਤਕ ਤੌਰ 'ਤੇ ਬੋਲ ਕੇ ਜਾਂ ਪ੍ਰਦਰਸ਼ਨ ਕਰਕੇ ਆਪਣੀ ਇਸ ਸ਼ਰਮ ਦਾ ਇਜ਼ਹਾਰ ਕਰਦਾ ਹੈ ਤਾਂ ਉਹ ਆਪਣੇ ਦੇਸ਼ ਨੂੰ ਇਸ ਦੇ ਵਧੇਰੇ ਨੇਕ ਅਤੇ ਸੁਧਰੇ ਹੋਏ ਰੂਪ ਵੱਲ ਮੋੜਨ ਦਾ ਸੁਨੇਹਾ ਦੇ ਰਿਹਾ ਹੁੰਦਾ ਹੈ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ‘ਕੇਂਦਰੀ ਸਿੱਖ ਸੰਘ’ (1919-1933)

# ਸਿੱਖ ਰਾਜਨੀਤਕ ਸੰਘਰਸ਼

ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਸਰੀ 1849 ਦੀ ਜੰਗ ਤੋਂ ਬਾਅਦ 29 ਮਾਰਚ, 1849 ਨੂੰ ਅੰਗਰੇਜ਼ਾਂ ਦਾ ਪੰਜਾਬ ’ਤੇ ਕਬਜ਼ਾ ਹੋ ਗਿਆ। ਉਸ ਤੋਂ ਬਾਅਦ ਸਿੱਖ ਧਰਮ ਅਤੇ ਸਿਆਸਤ ਸੰਸਾਰ ਵਿੱਚ ਚਰਚਾ ਦਾ ਵਿਸ਼ਾ ਰਿਹਾ। ਸਮੇਂ-ਸਮੇਂ ਸਮਾਜ ਸੁਧਾਰ ਲਹਿਰਾਂ ਉੱਠੀਆਂ। ਮੁੱਖ ਤੌਰ ’ਤੇ ਸਿੱਖ ਮਰਯਾਦਾ ਨੂੰ ਬਹਾਲ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ, ਖ਼ਾਲਸਾ ਦੀਵਾਨ, ਚੀਫ਼ ਖਾਲਸਾ ਦੀਵਾਨ, ਅਕਾਲੀ ਲਹਿਰ, ਕੇਂਦਰੀ ਸਿੱਖ ਸੰਘ, ਖ਼ਾਲਸਾ ਦਰਬਾਰ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਆਦਿ। ਹਰੇਕ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੱਕ ਆਪਣੀ ਯਾਦ ਸ਼ਕਤੀ ਅਨੁਸਾਰ ਧਰਮ ਅਤੇ ਸਿਆਸਤ ਵਿੱਚ ਯੋਗਦਾਨ ਪਾਇਆ। ‘ਕੇਂਦਰੀ ਸਿੱਖ ਸੰਘ’ ਦਾ ਸਿੱਖ ਰਾਜਨੀਤਕ ਸੰਘਰਸ਼ ਵਿੱਚ ਮਹੱਤਵਪੂਰਨ ਸਥਾਨ ਹੈ।

ਕੇਂਦਰੀ ਸਿੱਖ ਸੰਘ ਇੱਕ ਰਾਜਨੀਤਕ ਸੰਸਥਾ ਸੀ, ਜਿਹੜੀ ਬਾਕੀ ਸਿੱਖ ਜਥੇਬੰਦੀਆਂ ਦੀ ਅਗਵਾਈ ਕਰਦੀ ਸੀ। ਇਸ ਦਾ ਆਰੰਭ 29 ਦਸੰਬਰ, 1919 ਨੂੰ ਅੰਮ੍ਰਿਤਸਰ ਵਿਖੇ ਹੋਏ ਇਜਲਾਸ ਵਿੱਚ ਹੋਇਆ। ਇਹ ਇਜਲਾਸ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਸੰਘ ਦੇ ਸਾਲਾਨਾ ਇਜਲਾਸ ਦੇ ਸਮਾਨਅੰਤਰ ਸੀ। ਇਸ ਇਜਲਾਸ ਵਿੱਚ ਸਰਦੂਲ ਸਿੰਘ ਕਵੀਸ਼ਰ, ਹਰਚੰਦ ਸਿੰਘ ਲਾਇਲਪੁਰੀ ਵਿੱਦਿਅਕ ਮੈਂਬਰ ਸਨ। ਪਹਿਲੇ ਪ੍ਰਧਾਨ ਸਰਦਾਰ ਬਹਾਦੁਰ ਗੱਜਣ ਸਿੰਘ ਜੋ ਜਨ ਸਧਾਰਣ ਰਾਜਨੀਤੀ ਦੀ ਨੁਮਾਇੰਦਗੀ ਕਰਦੇ ਸਨ, ਪਰ ਕਾਰਜਕਾਰਣੀ ਜਲਦੀ ਹੀ ਬਦਲ ਗਈ। ਬਾਬਾ ਖੜਕ ਸਿੰਘ ਜੀ ਇੱਕ ਰਾਸ਼ਟਰਵਾਦੀ ਸਿੰਘ ਦਾ ਚੋਣ ਅਕਤੂਬਰ 1920 ਦੇ ਲਾਹੌਰ ਇਜਲਾਸ ਵਿੱਚ ਹੋਈ। ਸੰਘ ਦੇ 21 ਜੁਲਾਈ 1921 ਦੇ ਸੰਵਿਧਾਨ ਦਾ ਉਦੇਸ਼ ਅਤੇ ਵਿਸ਼ਾਵਸਤੂ ਸੀ ਕਿ ਪੂਰਨ ਸਵਰਾਜ ਦੀ ਪੂਰਤੀ, ਭਾਵ ਦੇਸ਼ ਵਿੱਚ ਰਾਜਨੀਤਕ ਖ਼ੁਦਮੁਖ਼ਤਿਆਰੀ ਸ਼ਾਂਤਮਈ ਅਤੇ ਕਾਨੂੰਨੀ ਸੰਵਿਧਾਨਕ ਤਰੀਕਿਆਂ ਨਾਲ ਪੰਥਕ ਏਕਤਾ ਨੂੰ ਉਤਸ਼ਾਹਤ ਕਰਕੇ ਸਿੱਖਾਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਉਜਾਗਰ ਕਰਨਾ, ਉਪਰੰਤ ਉਨ੍ਹਾਂ ਦੇ ਨੈਤਿਕ ਅਤੇ ਆਰਥਿਕ ਵਿਕਾਸ ਨੂੰ ਸੰਗਠਿਤ ਕਰਨਾ। ਮੈਂਬਰ 21 ਸਾਲਾ ਸਿੱਖ ਬਣ ਸਕਦਾ ਸੀ। ਚੰਦਾ ਚਾਰ ਆਨੇ ਮਹੀਨਾ ਸੀ। ਕਾਰਜਕਾਰਣੀ ਵਿੱਚ 101 ਮੈਂਬਰ ਸਨ ਜਿਨ੍ਹਾਂ ਵਿੱਚੋਂ 80 ਮੈਂਬਰ ਲਏ ਗਏ, ਬਾਕੀ 21 ਮੈਂਬਰ ਨਾਮਜ਼ਦ ਕੀਤੇ ਗਏ।

ਅਗਸਤ 1921 ਤੱਕ ਸੰਘ ਦੀਆਂ ਇੱਕਾਈਆਂ, ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਲਾਇਲਪੁਰ, ਸਿਆਲਕੋਟ, ਜੇਹਲਮ, ਫਿਰੋਜ਼ਪੁਰ, ਜਲੰਧਰ ਅਤੇ ਹੁਸ਼ਿਆਰਪੁਰ ਬਣੀਆਂ। ਸੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਿੱਖ ਭਾਈਚਾਰੇ ਦੀ ਮੰਗ ਕੀਤੀ। ਸਿੱਖ ਧਰਮ ਦੇ ਧਾਰਮਿਕ ਚਿੰਨ੍ਹ ‘ਕ੍ਰਿਪਾਨ’ ਪਹਿਨਣ ਦੀ ਪਾਬੰਦੀ ਹਟਾਏ ਜਾਣ ਅਤੇ ਸਿੱਖ ਧਾਰਮਿਕ ਅਸਥਾਨਾਂ ਦੇ ਸੁਧਾਰ ਦੀ ਮੰਗ ਰੱਖੀ। ਸੰਘ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਨੇੜਲਾ ਸੰਪਰਕ ਬਣਾਈ ਰੱਖਿਆ। ਸੰਘ ਦੇ ਦੂਸਰੇ ਇਜਲਾਸ ਵਿੱਚ ਬਾਬਾ ਖੜਕ ਸਿੰਘ ਨੇ ਸਿੱਖਾਂ ਨੂੰ ਰਾਸ਼ਟਰੀ ਨੀਤੀ ਵਿੱਚ ਹਿਸਾ ਲੈਣ ਲਈ ਕਿਹਾ। ਇੰਡੀਅਨ ਨੈਸ਼ਨਲ ਕਾਂਗਰਸ ਅਤੇ ਕੇਂਦਰੀ ਖਿਲਾਫ਼ ਕਮੇਟੀ ਦੀ ਤਰ੍ਹਾਂ ਸੰਘ ਨੇ ਵੀ ਨਾਮਿਲਵਰਤਣ ਲਹਿਰ ਦੇ ਸਹਿਯੋਗ ਵਿੱਚ ਆਪਣੇ ਸਵੈ-ਸੇਵਕ ਭੇਜਣੇ ਸ਼ੁਰੂ ਕਰ ਦਿੱਤੇ। ਸੰਘ ਨੇ ਘੋਸ਼ਣਾ ਪੱਤਰ ਜਾਰੀ ਕੀਤਾ ਕਿ ਨਾ ਮਿਲਵਰਤਣ ਲਹਿਰ ਵਿੱਚ 10,000 ਸਵੈ ਸੇਵਕ ਸਿੱਖ ਸ਼ਾਮਲ ਹੋਣ। ਇਸ ਰਾਸ਼ਟਰੀ ਲਹਿਰ ਵਿੱਚ ਕਾਂਗਰਸ ਨੇ ਕਿਹਾ ਕਿ ਕੌਮੀ ਝੰਡੇ ਦੇ ਪੀਲੇ ਰੰਗ ਵਿੱਚ ਸਿੱਖਾਂ ਦੀ ਪਛਾਣ ਨੂੰ ਸ਼ਾਮਲ ਕੀਤਾ ਜਾਵੇਗਾ।

ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ 150 ਸਿੰਘਾਂ ਦਾ ਕਤਲੇਆਮ ਕੀਤਾ। ਸੰਘ ਨੇ ਪੜਤਾਲ ਕਮੇਟੀ ਦਾ ਗਠਨ ਕੀਤਾ। ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ ਤਾਂ ਸੰਘ ਨੇ ਰੋਸ ਇੱਕੱਤਰਤਾਵਾਂ ਕੀਤੀਆਂ। ਸੰਨ 1923 ਵਿੱਚ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਸਰਕਾਰ ਨੇ ਗੱਦੀ ਛੱਡਣ ਲਈ ਮਜਬੂਰ ਕੀਤਾ। ਸੰਘ ਨੇ ਸਰਕਾਰ ਦੇ ਇਸ ਨਾਜਾਇਜ਼ ਫੈਸਲੇ ਦਾ ਵਿਰੋਧ ਕੀਤਾ। ਸੰਘ ਨੇ ਰਾਜਨੀਤੀ ਵਿੱਚ ਆਈਆਂ ਫਿਰਕੂ ਭਾਵਨਾਵਾਂ ’ਤੇ ਚਿੰਤਾ ਪ੍ਰਗਟਾਈ। ਫਿਰਕੂ ਨੁਮਾਇੰਦਗੀ ਨੂੰ ਖ਼ਤਮ ਕਰਨ ਤੇ ਜ਼ੋਰ ਦਿੱਤਾ।

10 ਅਕਤੂਬਰ, 1927 ਨੂੰ ਸੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਿੱਖਾਂ ਦੀ 30 ਪ੍ਰਤੀਸ਼ਤ ਨੁਮਾਇੰਦਗੀ ਦੀ ਮੰਗ ਕੀਤੀ। ਫਰਵਰੀ 1928 ਨੂੰ ਕਾਂਗਰਸ ਨੇ ਸੰਵਿਧਾਨ ਬਣਾਉਣ ਲਈ ਦਿੱਲੀ ਵਿਖੇ ਸਰਬਪਾਰਟੀ ਦੀ ਇੱਕੱਤਰਤਾ ਵਿੱਚ ਬਾਬਾ ਖੜਕ ਸਿੰਘ, ਸਰਦਾਰ ਬਹਾਦੁਰ ਮਹਿਤਾਬ ਸਿੰਘ, ਮਾਸਟਰ ਭਾਗ ਸਿੰਘ, ਗਿਆਨੀ ਸ਼ੇਰ ਸਿੰਘ, ਅਮਰ ਸਿੰਘ ਝੱਬਾਲ ਅਤੇ ਮੰਗਲ ਸਿੰਘ ਸ਼ਾਮਲ ਹੋਏ। ਮੰਗਲ ਸਿੰਘ ਜੀ ਨੂੰ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਕਮੇਟੀ ਨੇ ਵਿਸਥਾਰ ਯੋਜਨਾ ਤਿਆਰ ਕੀਤੀ ਜੋ ਅਗਸਤ 1928 ਵਿੱਚ ਪ੍ਰਕਾਸ਼ਤ ਹੋਈ, ਜੋ ਨਹਿਰੂ ਰਿਪੋਰਟ ਵਜੋਂ ਜਾਣੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਬਾਬਾ ਖੜਕ ਸਿੰਘ ਨੇ 22 ਅਕਤੂਬਰ 1928 ਨੂੰ ਗੁੱਜਰਾਂਵਾਲਾ ਵਿਖੇ ਸੰਘ ਦੇ ਸਲਾਨਾ ਇਜਲਾਸ ਵਿੱਚ ਕਿਹਾ ਕਿ ਇਹ ਭਾਰਤ ਦੇ ਸਵੈ-ਮਾਣ ਦੇ ਖਿਲਾਫ਼ ਹੈ ਕਿ ਸੰਪੂਰਨ ਅਜ਼ਾਦੀ ਦੀ ਥਾਂ ਤੇ ਖ਼ੁਦਮੁਖ਼ਤਿਆਰੀ ਦੀ ਮੰਗ ਕੀਤੀ ਗਈ ਹੈ। ਨਹਿਰੂ ਰਿਪੋਰਟ ਨੇ ਵੱਖਰੇ ਵੋਟਰਾਂ ਨੂੰ ਸਵੀਕਾਰ ਕੇ ਫਿਰਕਾਪ੍ਰਸਤੀ ਦੀ ਨੀਂਹ ਰੱਖੀ ਹੈ। ਸੰਘ ਨੇ ਬਹੁ-ਸੰਵਿਧਾਨਕ ਖੇਤਰਾਂ ਦੇ ਨਾਲ ਸੰਯੁਕਤ ਵੋਟਰ ਪ੍ਰਣਾਲੀ ਦੀ ਵਕਾਲਤ ਕੀਤੀ।

ਜੇਕਰ ਭਾਈਚਾਰਕ ਪੱਧਰ ਤੇ ਪ੍ਰਤੀਨਿਧਤਾ ਬਣਦੀ ਹੈ ਤਾਂ ਸਿੱਖਾਂ ਨੂੰ ਵਿਧਾਨ ਸਭਾ ਵਿੱਚ 30 ਪ੍ਰਤੀਸ਼ਤ ਸੀਟਾਂ ਚਾਹੀਦੀਆਂ ਹਨ। ਇੱਕੋ ਜਿਹਾ ਅਨੁਪਾਤ ਪੰਜਾਬ ਅਤੇ ਕੇਂਦਰੀ ਵਿਧਾਨ ਸਭਾ ਵਿੱਚ ਹੋਣਾ ਚਾਹੀਦਾ ਹੈ। ਨਹਿਰੂ ਰਿਪੋਰਟ ਦੇ ਵਿਰੋਧ ਵਿੱਚ ਬਾਬਾ ਖੜਕ ਸਿੰਘ ਨੇ ਸੰਘ ਦੇ ਅਕਤੂਬਰ 1929 ਦੇ ਇਜਲਾਸ ਵਿੱਚ ਕਾਂਗਰਸ ਦੇ ਅਗਲੇ ਇਜਲਾਸ ਵਿੱਚ ਹਿਸਾ ਨਾ ਲੈਣ ਦੀ ਤਜਵੀਜ਼ ਰੱਖੀ। ਮਾਸਟਰ ਤਾਰਾ ਸਿੰਘ ਇਸ ਦੇ ਹੱਕ ਵਿੱਚ ਨਹੀਂ ਸਨ। ਮਹਾਤਮਾ ਗਾਂਧੀ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਵੀ ਜ਼ੋਰ ਪਾਇਆ ਕਿ ਸਿੱਖ ਕਾਂਗਰਸ ਦੇ ਇਜਲਾਸ ਤੋਂ ਵੱਖ ਨਾ ਹੋਣ। ਕਾਂਗਰਸ ਨੇ ਲਾਹੌਰ ਵਿੱਚ ਕਾਂਗਰਸ ਦੀ ਹੋਈ ਇੱਕੱਤਰਤਾ ਵਿੱਚ ਨਹਿਰੂ ਰਿਪੋਰਟ ਰੱਦ ਕਰਨ ਦਾ ਫ਼ੈਸਲਾ ਕੀਤਾ। ਕਾਂਗਰਸ ਨੇ ਭਰੋਸਾ ਦਿਵਾਇਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਿਰੁਧ ਸੰਵਿਧਾਨਕ ਫ਼ੈਸਲਾ ਨਹੀਂ ਹੋਵੇਗਾ।

ਸੰਘ ਨੇ 6 ਮਾਰਚ 1930 ਨੂੰ ਗਾਂਧੀ ਦੀ ਨਾਗਰਿਕ ਅਵੱਗਿਆ ਲਹਿਰ ਵਿੱਚ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਜੀ ਨੂੰ ਪੇਸ਼ਾਵਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਾਂਗਰਸ ਨੇ ਸੰਵਿਧਾਨ ਸੁਧਾਰਾਂ ਬਾਰੇ ਭਾਰਤੀਆਂ ਦੇ ਵਿੱਚਾਰ ਜਾਣਨ ਲਈ ਲੰਡਨ ਵਿੱਚ ਆਯੋਜਿਤ ਕੀਤੀ ਪਹਿਲੀ ਗੋਲ ਮੇਜ਼ ਕਾਨਫਰੰਸ ਦਾ ਵਿਰੋਧ ਕੀਤਾ ਸੀ। ਪਰ 5 ਮਾਰਚ, 1930 ਨੂੰ ਗਾਂਧੀ ਇਵਰਨ ਸਮਝੌਤੇ ਤੇ ਦਸਤਖ਼ਤ ਕੀਤੇ ਜਾਣ ਤੋਂ ਬਾਅਦ ਕਾਂਗਰਸ ਦੂਸਰੇ ਗੋਲ ਮੇਜ਼ ਕਾਨਫਰੰਸ ਵਿੱਚ ਹਿਸਾ ਲੈਣ ਲਈ ਸਹਿਮਤ ਹੋਈ। ਸਿੱਖਾਂ ਦੀਆਂ 17 ਮੰਗਾਂ ਨੂੰ ਕਾਨਫਰੰਸ ਵਿੱਚ ਮੰਗ ਪੱਤਰ ਪੇਸ਼ ਕਰਨ ਲਈ ਕਾਂਗਰਸ ਨੂੰ ਕਿਹਾ ਜੋ ਕਾਨਫਰੰਸ ਦੀ ਨੁਮਾਇੰਦਗੀ ਕਰਨ ਜਾ ਰਹੀ ਸੀ। ਜਿਸ ਵਿੱਚ ਕੌਮੀ ਸਰਕਾਰ ਦੀ ਸਥਾਪਨਾ, ਪੰਜਾਬ ਵਿੱਚ ਫਿਰਕੂ ਸੰਤੁਲਨ ਲਿਆਉਣ ਲਈ ਪੰਜਾਬ ਮੰਤਰੀ ਮੰਡਲ ਅਤੇ ਲੋਕ ਸੇਵਾ ਕਮਿਸ਼ਨ ਵਿੱਚ ਸਿੱਖਾਂ ਦੀ ਤੀਜੀ ਹਿੱਸੇਦਾਰੀ, ਬਿਨਾਂ ਸੀਟਾਂ ਦੇ ਰਾਖਵੇਂਕਰਨ ਦੇ ਸਾਂਝੇ ਵੋਟਰ, ਮੁਸਲਿਮ ਇਲਾਕਿਆਂ ਨੂੰ ਸਰਹੱਦੀ ਸੂਬੇ ਵਿੱਚ ਤਬਦੀਲ ਕਰਨਾ, ਭਾਰਤੀ ਉੱਚ ਅਤੇ ਹੇਠਲੇ ਸਦਨਾਂ ਵਿੱਚ ਸਿੱਖਾਂ ਲਈ 51 ਪ੍ਰਤੀਸ਼ਤ ਹਿੱਸਾ, ਕੇਂਦਰੀ ਮੰਤਰੀ ਮੰਡਲ ਵਿੱਚ ਘੱਟੋ ਘੱਟ ਇੱਕ ਸਿੱਖ ਨੂੰ ਸ਼ਾਮਲ ਕਰਨਾ, ਪੰਜਾਬੀ ਭਾਸ਼ਾ ਨੂੰ ਪੰਜਾਬ ਰਾਜ ਭਾਸ਼ਾ ਬਣਾਉਣਾ ਸ਼ਾਮਲ ਸੀ।

ਬ੍ਰਿਟਿਸ਼ ਸਰਕਾਰ ਵੱਲੋਂ 16 ਅਗਸਤ 1932 ਨੂੰ ਕਮਿਊਨਲ ਐਵਾਰਡ ਸਕੀਮ ਵੱਲੋਂ ਸਿੱਖਾਂ ਨੂੰ ਸਿਰਫ਼ 18.85 ਪ੍ਰਤੀਸ਼ਤ ਪ੍ਰਤੀਨਿਧਤਾ ਦਿੱਤੀ ਗਈ। ਸੰਘ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਪੰਜਾਬ ਦੇ ਮੁਸਲਮਾਨਾਂ ਨੂੰ 50.42 ਪ੍ਰਤੀਸ਼ਤ ਸੀਟਾਂ ਦਾ ਭਰੋਸਾ ਦਿੱਤਾ ਗਿਆ। ਸੰਘ ਨੇ 24 ਜੁਲਾਈ 1932 ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਹੋਏ ਸੰਮੇਲਨ ਵਿੱਚ ਇਸ ਪ੍ਰਸਤਾਵ ਦੇ ਵਿਰੋਧ ਵਿੱਚ 16 ਮੈਂਬਰੀ ਕਮੇਟੀ ਬਣਾਈ। ਇਸ ਕਮੇਟੀ ਨੇ ਨਵਾਂ ਸੰਗਠਨ ‘ਖ਼ਾਲਸਾ ਦਰਬਾਰ’ ਸਥਾਪਤ ਕੀਤਾ। ਸਿੱਖ ਰਾਏ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੇ ਹੋਏ ਕਮਿਊਨਲ ਐਵਾਰਡ ਸਕੀਮ ਵਿਰੁੱਧ ਚਲਾਏ ਗਏ ਅੰਦੋਲਨ ਦੀ ਅਗਵਾਈ ਕਰਨ ਲਈ 16 ਅਕਤੂਬਰ, 1933 ਨੂੰ ਕੇਂਦਰੀ ਸਿੱਖ ਸੰਘ ਅਤੇ ਖ਼ਾਲਸਾ ਦਰਬਾਰ ਦਾ ਸੰਯੁਕਤ ਇਜਲਾਸ ਹੋਇਆ, ਜਿਨ੍ਹਾਂ ਦਾ ਮੰਤਵ ਇੱਕ ਹੀ ਸੀ। ਇਸ ਦੀ ਜ਼ਿੰਮੇਵਾਰੀ ਖ਼ਾਲਸਾ ਦਰਬਾਰ ਨੂੰ ਸੌਂਪ ਦਿੱਤੀ ਗਈ। ਸੰਘ ਨੇ ਆਪਣੇ ਕਾਰਜਕਾਲ ਵਿੱਚ ਸਿੱਖ ਰਾਜਨੀਤੀ ਸੰਘਰਸ਼ ਨੂੰ ਵੱਡਾ ਹੁਲਾਰਾ ਦਿੱਤਾ।



# ਤੀਆਂ ਲੱਗੀਆਂ ਪਿੱਪਲ ਦੀ ਛਾਵੇਂ ...

ਡਾ. ਹਰਨੇਕ ਸਿੰਘ ਕਲੇਰ



ਪੰਜਾਬ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਹੈ। ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਤੀਆਂ ਦੇ ਤਿਉਹਾਰ ਕਰ ਕੇ ਹੈ। ਧੀਆਂ ਤੇ ਤੀਆਂ ਦੀ ਵਿਆਕਰਨ ਰਿਦਮ ਸਾਂਝੀ ਹੈ। ਇਸ ਲਈ 'ਤੀਆਂ' ਸਿਰਫ਼ 'ਧੀਆਂ' ਦਾ ਤਿਉਹਾਰ ਹੈ। ਇਹ ਜੇਠ-ਹਾੜ ਦੀਆਂ ਅੱਗ ਵਰ੍ਹਾਉਂਦੀਆਂ ਧੁੱਪਾਂ ਤੇ ਸਖ਼ਤ ਗਰਮੀ ਤੋਂ ਬਾਅਦ ਠੰਡੀਆਂ ਫੁਹਾਰਾਂ ਦਾ ਤਿਉਹਾਰ ਹੈ। ਤਨ ਤੇ ਮਨ ਨੂੰ ਗਰਮੀਆਂ ਵਿੱਚ ਆਉਣ ਵਾਲੇ ਪਸੀਨੇ ਤੋਂ ਰਾਹਤ ਮਿਲਦੀ ਹੈ। ਇਹ ਰੁੱਤ ਰੁੱਖ ਤੇ ਬੂਟਿਆਂ ਦੇ ਨਾਲ ਮਨੁੱਖ ਦੇ ਤਨ ਤੇ ਮਨ ਦੇ ਮੌਲਣ ਦੀ ਰੁੱਤ ਹੈ। ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੀ ਤੀਜੀ ਤਿੱਥ ਭਾਵ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਚੱਲਣ ਵਾਲਾ ਧੀਆਂ ਦਾ ਤਿਉਹਾਰ ਹੈ। ਹਰ ਪਿੰਡ ਤੇ ਸ਼ਹਿਰ ਵਿੱਚ ਕੁਆਰੀਆਂ ਤੇ ਵਿਆਹੀਆਂ ਕੁੜੀਆਂ ਰਲ ਮਿਲ ਕੇ ਪਿੰਡ ਦੇ ਕਿਸੇ ਬੋਹੜ ਜਾਂ ਫਿਰ ਪਿੱਪਲ ਹੇਠ ਪੀਘਾਂ ਝੂਟ ਕੇ ਜਾਂ ਫਿਰ ਵੱਖ-ਵੱਖ ਤਰ੍ਹਾਂ ਦੀਆਂ ਗਿੱਧੇ ਤੇ ਭੰਗੜੇ ਦੀਆਂ ਖੇਡਾਂ ਖੇਡ ਕੇ ਮਨਾਉਂਦੀਆਂ ਹਨ। ਇਸ ਤਿਉਹਾਰ ਦੀ ਵੱਡੀ ਤੇ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਸ ਤਿਓਹਾਰ ਨੂੰ ਹਰ ਜਾਤ, ਧਰਮ ਦੀਆਂ ਕੁੜੀਆਂ ਸਾਂਝੇ ਤੌਰ 'ਤੇ ਮਨਾਉਂਦੀਆਂ ਹਨ;

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਮੁਟਿਆਰਾਂ ਆਈਆਂ
ਧੀਆਂ ਤੇ ਭੈਣਾਂ ਹੋਈਆਂ 'ਕੱਠੀਆਂ
ਮਿਲਣ ਸਹੇਲੀਆਂ ਨੂੰ ਆਈਆਂ।
ਸਾਉਣ ਮਹੀਨੇ ਵਿੱਚ...ਦੇਖ
ਧੀਆਂ ਨੇ ਤੀਆਂ ਲਾਈਆਂ।

ਤੀਆਂ ਤੋਂ ਇੱਕ ਦਿਨ ਜਾਂ ਕੁਝ ਦਿਨ ਪਹਿਲਾਂ ਕੁੜੀਆਂ, ਕੁਆਰੀਆਂ ਤੇ ਵਿਆਹੀਆਂ ਮੁਟਿਆਰਾਂ ਅਤੇ ਛੋਟੀਆਂ ਕੁੜੀਆਂ ਸਾਰੀਆਂ ਹੀ ਮਹਿੰਦੀ ਲਾਉਂਦੀਆਂ ਹਨ। ਮੁਟਿਆਰਾਂ ਵੰਗਾਂ ਚੜ੍ਹਾਉਂਦੀਆਂ ਹਨ। ਜਿਹੜੀਆਂ ਨਵੀਆਂ ਵਿਆਹੀਆਂ ਮੁਟਿਆਰਾਂ ਆਪਣੇ ਸਹੁਰੀਂ ਗਈਆਂ ਹੁੰਦੀਆਂ ਸਨ, ਤੀਆਂ ਵੇਲੇ ਉਨ੍ਹਾਂ ਦੇ ਭਰਾ ਆਪਣੀਆਂ ਭੈਣਾਂ ਨੂੰ ਪੇਕੇ ਪਿੰਡ ਲੈ ਕੇ ਆਉਂਦੇ ਸਨ। ਇੰਞ ਇੱਕ ਦੂਜੇ ਤੋਂ ਵਿੱਛੜੀਆਂ ਸਹੇਲੀਆਂ ਤੀਆਂ ਦੇ ਤਿਉਹਾਰ ਵੇਲੇ ਸਹੁਰਿਆਂ ਤੋਂ ਪੇਕੇ ਪਿੰਡ ਆ ਕੇ ਆਪਸ ਵਿੱਚ ਮਿਲਦੀਆਂ ਸਨ। ਜਾਪਦਾ ਹੈ ਕਿ ਇਹ ਤਿਉਹਾਰ ਧੀਆਂ ਦੇ ਆਪਸੀ ਮਿਲਾਪ ਅਤੇ ਪੰਦਰਾਂ ਦਿਨ ਉਨ੍ਹਾਂ ਦੇ ਹੱਸਣ ਤੇ ਖੇਡਣ ਦਾ ਤਿਓਹਾਰ ਹੁੰਦਾ ਹੈ। ਇਸ ਤਿਉਹਾਰ ਬਹਾਨੇ ਨਵੀਆਂ ਵਿਆਹੀਆਂ ਮੁਟਿਆਰਾਂ ਪਹਿਲਾ ਸਾਉਣ ਮਹੀਨਾ ਤਾਂ ਜ਼ਰੂਰ ਆਪਣੇ ਪੇਕੇ ਘਰ ਆ ਕੇ ਰਹਿੰਦੀਆਂ ਸਨ। ਜੇਕਰ ਤੀਆਂ ਦੇ ਦਿਨਾਂ ਵਿੱਚ ਭਰਾ, ਭੈਣਾਂ ਨੂੰ ਪੇਕੇ ਲੈਣ ਨਾ ਆਉਣ ਤਾਂ ਪੰਜਾਬੀ ਸੱਭਿਆਚਾਰ ਵਿੱਚ ਇਸ ਬੋਲੀ ਨੂੰ ਤਾਹਨੇ ਦੇ ਰੂਪ ਵਿੱਚ ਪਾਇਆ ਜਾਂਦਾ ਹੈ;

ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਤੀਆਂ ਨੂੰ ਲੈਣ ਨਾ ਆਏ।

ਤੀਆਂ ਦੇ ਦਿਨਾਂ ਵਿੱਚ ਹਰ ਘਰ ਵਿੱਚ ਖੀਰ, ਕੜਾਹ, ਪੂੜੇ ਤੇ ਗੁਲਗੁਲੇ ਪਕਾਏ ਜਾਂਦੇ ਸਨ। ਤੀਆਂ ਦੇ ਦਿਨਾਂ ਵਿੱਚ ਪਿੱਪਲ, ਬਰੋਟੇ, ਨਿੰਮਾਂ ਤੇ ਸੰਘਣੀ ਛਾਂ ਆਦਿ ਵਾਲੇ ਰੁੱਖਾਂ ਉੱਤੇ ਪੀਘਾਂ ਪਾ ਕੇ ਝੂਟਿਆ ਜਾਂਦਾ ਸੀ। ਮੁਟਿਆਰਾਂ ਗਿੱਧਾ ਪਾਉਂਦੀਆਂ ਸਨ, ਨੱਚਦੀਆਂ ਸਨ ਅਤੇ ਬੋਲੀਆਂ ਪਾਉਂਦੀਆਂ ਸਨ। ਹੋਰ ਵੀ ਬਹੁਤ ਸਾਰੀਆਂ ਖੇਡਾਂ-ਤਮਾਸ਼ਾ ਕਰਦੀਆਂ ਅਤੇ ਦੁਪਹਿਰ ਢਲਣ ਤੋਂ ਬਾਅਦ ਉਹ ਪਿੰਡ ਜਾਂ ਸ਼ਹਿਰ ਤੋਂ ਟੋਲੀਆਂ ਦੇ ਰੂਪ ਵਿੱਚ ਤੀਆਂ ਵਾਲੇ ਬਰੋਟਿਆਂ ਕੋਲ ਪਹੁੰਚ ਜਾਂਦੀਆਂ। ਰੁਮਕੇ ਰੁਮਕੇ ਗਿੱਧੇ ਦਾ ਪਿੜ ਮਘਦਾ ਜਾਂਦਾ। ਇਸੇ ਬਾਰੇ ਇੱਕ ਬੋਲੀ ਹੈ;

ਆ ਨੀਂ ਕੁੜੀਏ, ਆਉਂਦੀ ਕੁੜੀਏ
ਕਾਹਤੋਂ ਤੁਰਦੀ... ਪਿੱਛੇ ਨੂੰ ਜਾਵੇਂ
ਕਾਹਲੀ- ਕਾਹਲੀ ਪੈਰ ਪੁੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ...
ਨੀਂ ਕਾਹਲੀ ਕਾਹਲੀ ਪੈਰ...।

ਇਸ ਮਹੀਨੇ ਮਾਪੇ ਆਪਣੀਆਂ ਵਿਆਂਹਦੜ ਧੀਆਂ ਨੂੰ ਸੰਧਾਰੇ ਦੇ ਰੂਪ ਵਿੱਚ ਗੁਲਗਲੇ, ਮੱਠੀਆਂ ਤੇ ਹੋਰ ਮਿੱਠੇ ਪਦਾਰਥ, ਅੱਜਕੱਲ੍ਹ ਬਿਸਕੁਟ ਸਹੁਰੇ ਘਰ ਬੈਠੀਆਂ ਕੁੜੀਆਂ ਨੂੰ ਸੰਧਾਰੇ ਦੇ ਤੌਰ 'ਤੇ ਦਿੰਦੇ ਹਨ। ਜੇਕਰ ਕੋਈ ਕੁੜੀ ਆ ਨਾ ਸਕੇ ਤਾਂ ਵੀ ਉਸ ਨੂੰ ਸੰਧਾਰਾ ਸਹੁਰੇ ਪਿੰਡ ਪਹੁੰਚਾਇਆ ਜਾਂਦਾ ਹੈ। ਸਜ-ਵਿਆਹੀਆਂ ਕੁੜੀਆਂ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਹਾਣੀ ਕੁੜੀਆਂ ਨੂੰ ਮਿਲਣ ਦੀ ਤਾਂਘ ਵੀ ਪੂਰੀ ਕਰਦੀਆਂ ਹਨ। ਇਹ ਬੋਲੀ ਇਸ ਤੱਥ ਦਾ ਸਬੂਤ ਹੈ;

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਤੇ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਜਿਹੜੀਆਂ ਔਰਤਾਂ ਨੇ ਬਚਪਨ ਵਿੱਚ ਤੀਆਂ ਦਾ ਮਘਦਾ ਹੋਇਆ ਪਿੜ ਦੇਖਿਆ ਹੁੰਦਾ ਹੈ, ਉਨ੍ਹਾਂ ਦੇ ਮਨ ਵਿੱਚ ਦੁਬਾਰਾ ਤੀਆਂ 'ਤੇ ਜਾਣ ਦਾ ਚਾਅ ਪੈਦਾ ਹੁੰਦਾ ਹੈ। ਤੀਆਂ ਮਨਾਉਣ ਲਈ ਕੁੜੀਆਂ ਪਿੰਡ ਦੇ ਤੀਆਂ ਲਈ ਮਿੱਥੇ ਪਿੱਪਲਾਂ ਤੇ ਬੋਹੜ ਵਾਲੇ ਥਾਂ ਉੱਤੇ ਇਕੱਠੀਆਂ ਹੋ ਜਾਂਦੀਆਂ ਸਨ। ਘਰ ਤੋਂ ਸਹੇਲੀਆਂ ਨੂੰ ਸੱਦ ਕੇ ਗੀਤ ਗਾਉਂਦੀਆਂ ਤੁਰਦੀਆਂ ਸਨ। ਉੱਥੇ ਪਹੁੰਚ ਕੇ ਗਿੱਧਾ ਪਾ ਕੇ ਖ਼ੁਸ਼ੀਆਂ ਸਾਂਝੀਆਂ ਕਰਦੀਆਂ ਸਨ। ਇੱਥੇ ਉਹ ਪੀਂਘਾਂ ਵੀ ਝੂਟਦੀਆਂ ਸਨ। ਹਰ ਕੁੜੀ ਆਪਣੇ ਲਈ ਪੀਂਘ ਪਾਉਣ ਲਈ ਰੱਸਾ ਤੇ ਪੀੜ੍ਹੀ ਦਾ ਪ੍ਰਬੰਧ ਕਰਦੀ ਸੀ। ਵਿਸੇਸ਼ ਗੱਲ ਇਹ ਹੈ ਕਿ ਇਨ੍ਹਾਂ ਦਿਨਾਂ ਵਿੱਚ ਮੁਟਿਆਰਾਂ ਆਪਣੇ ਸਹੁਰੇ ਘਰ ਤੋਂ ਪੇਕੇ ਘਰ ਆਉਂਦੀਆਂ ਸਨ, ਜਾਂਦੀਆਂ ਨਹੀਂ। ਜੇਕਰ ਕੋਈ ਗੱਭਰੂ ਆਪਣੀ ਸੁਆਣੀ ਨੂੰ ਲੈਣ ਆ ਜਾਵੇ ਤਾਂ ਇਹ ਬੋਲੀ ਪਾਈ ਜਾਂਦੀ;

ਸਾਉਣ ਦਾ ਮਹੀਨਾ, ਬਾਗ਼ਾਂ ਵਿੱਚ ਬੋਲਣ ਮੋਰ ਵੇ
ਮੈਂ ਨੀਂ ਸਹੁਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ।

ਹਰ ਸਾਲ ਪਿੰਡਾਂ ਦੀਆਂ ਮੁਟਿਆਰਾਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ। ਇਹ ਪੇਕਿਆਂ ਦੀਆਂ ਹਾਣਨਾਂ ਨੂੰ ਮਿਲਣ ਦੀ ਤਾਂਘ ਨੂੰ ਦਰਸਾਉਂਦਾ ਹੈ। ਆਧੁਨਿਕ ਯੁੱਗ ਵਿੱਚ ਹੁਣ ਲੋਕਾਂ ਵਿੱਚ ਕੰਮ ਜਾਂ ਫਿਰ ਨੌਕਰੀ ਕਰ ਕੇ ਤੀਆਂ ਦਾ ਉਹ ਪਰੰਪਰਾਗਤ ਰੰਗ ਨਹੀਂ ਰਿਹਾ। ਹੁਣ ਇਹ ਤਿਉਹਾਰ ਪਿੰਡਾਂ ਦੇ ਪਿੱਪਲਾਂ ਤੇ ਬੋਹੜਾਂ ਦੇ ਨਾਲ ਨਾਲ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਉੱਤੇ ਵੀ ਮਨਾਇਆ ਜਾਂਦਾ ਹੈ। ਇਉਂ ਇਸ ਤਿਉਹਾਰ ਨੂੰ ਸਕੂਲਾਂ, ਕਾਲਜਾਂ ਦੇ ਨਾਲ ਨਾਲ ਸ਼ਹਿਰਾਂ ਦੀਆਂ ਕਲੱਬਾਂ ਵਿੱਚ ਵੀ ਇੱਕ ਰਿਵਾਜ ਵਜੋਂ ਮਨਾਇਆ ਜਾਂਦਾ ਹੈ। ਇਸ ਦੀਆਂ ਤਿੱਥ-ਤਰੀਕਾਂ ਵੀ ਸਹੂਲਤਾਂ ਅਨੁਸਾਰ ਰੱਖ ਲਈਆਂ ਜਾਂਦੀਆਂ ਹਨ। ਭਾਵੇਂ ਕਿ ਪਰੰਪਰਾ ਅਨੁਸਾਰ ਇਹ ਤਿਉਹਾਰ ਸਾਉਣ ਮਹੀਨੇ ਦੀ ਤੀਜ ਨੂੰ ਸ਼ੁਰੂ ਹੋ ਕੇ ਪੰਦਰਾਂ ਦਿਨ ਤੱਕ ਚੱਲਦਾ ਹੈ ਭਾਵ ਪੂਰਨਮਾਸ਼ੀ ਵਾਲੇ ਦਿਨ ਸਮਾਪਤੀ ਹੁੰਦੀ ਹੈ। ਤੀਆਂ ਸਮਾਪਤ ਹੋਣ ਦੀ ਰਸਮ ਨੂੰ ਬੱਲ੍ਹੋ ਪਾਉਣੀ ਕਿਹਾ ਹੈ। ਇਹ ਇੱਕ ਰਸਮ ਹੈ ਜਿਸ ਨੂੰ ਗਿੱਧੇ ਵਿੱਚ ਮੁਹਾਰਤ ਰੱਖਣ ਵਾਲੀਆਂ ਵੱਡੀ ਉਮਰ ਦੀਆਂ ਮੁਟਿਆਰਾਂ ਨਿਭਾਉਂਦੀਆਂ ਹਨ। ਬੱਲ੍ਹੋ ਅਸਲ ਵਿੱਚ ਤੀਆਂ ਦੇ ਅਖੀਰਲੇ ਦਿਨ ਪਾਉਣ ਵਾਲੇ ਗਿੱਧੇ ਨੂੰ ਕਿਹਾ ਜਾਂਦਾ ਹੈ। ਇਸ ਗਿੱਧੇ ਦਾ ਸਿਖਰ ਹੁੰਦਾ ਹੈ। ਇਸ ਦਿਨ ਪਿੰਡ ਦੀਆਂ ਗਿੱਧੇ ਦੀ ਮੁਹਾਰਤ ਰੱਖਣ ਵਾਲੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਬੋਲੀਆ ਪਾ ਕੇ ਸਮਾਪਤੀ ਕਰਦੀਆਂ ਭਾਵ ਬੱਲ੍ਹੋ ਪਾਉਂਦੀਆਂ ਹਨ। ਇਹ ਬੋਲੀ ਤੀਆਂ ਵਾਲੇ ਸਥਾਨ ਦੇ ਕੋਲੋਂ ਲੰਘਣ ਵਾਲੇ ਨੂੰ ਦੇਖ ਕੇ ਪਾਈ ਜਾਂਦੀ ਹੈ;

ਤੂੰ ਬੱਲ੍ਹੋ ਲੁਕ ਲੁਕ ਦੇਖਦਾ
ਪਿੜ ਵਿੱਚ ਪੈਂਦੀ ਬੱਲ੍ਹੋ ...
ਵੇ ਤੂੰ ਕਰਿਆ ਲੁਕਾਵਾ ਖੇਸ ਦਾ
ਪਿੜ ਵਿੱਚ ਪੈਂਦੀ ਬੱਲ੍ਹੋ
ਤੂੰ ਭੜੂਆ ਕਿਹੜੇ ਦੇਸ਼ ਦਾ
ਪਿੜ ਵਿੱਚ ਪੈਂਦੀ ਬੱਲ੍ਹੋ
ਤੂੰ ਕਾਹਤੋਂ ਲੁਕ ਲੁਕ ਦੇਖਦਾ...
ਪਿੜ ਵਿੱਚ ਪੈਂਦੀ ਬੱਲ੍ਹੋ।

ਕਈ ਵਾਰ ਅਜਿਹਾ ਸਬੱਬ ਬਣ ਜਾਂਦਾ ਹੈ ਕਿ ਮੁਟਿਆਰਾਂ ਦੇ ਨਾਲ ਉਨ੍ਹਾਂ ਦੇ ਖਾਵੰਦ ਵੀ ਸਹੁਰੇ ਘਰ ਆ ਜਾਂਦੇ ਸਨ। ਜੇਕਰ ਉਹ ਤੀਆਂ ਦੇ ਪਿੜ ਵੱਲ ਉਨ੍ਹਾਂ ਦੇ ਕੋਲੋਂ ਲੰਘਦੇ ਤਾਂ ਮੁਟਿਆਰਾਂ ਉੱਪਰ ਵਾਲੀ ਬੋਲੀ ਪਾ ਕੇ ਗਿੱਧੇ ਵਿੱਚ ਧੂਮ-ਧੜੱਕਾ ਪਾ ਦਿੰਦੀਆਂ ਸਨ। ਫਿਰ ਦੂਜੀ ਕੁੜੀ ਅਗਲੀ ਬੋਲੀ ਚੁੱਕਦੀ;

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ
ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ

ਜੀਵਨ ਜਿਊਣ ਦੀ ਆਸ ਨਾਲ ਤੀਆਂ ਸਮਾਪਤ ਕਰ ਕੇ ਪਿੰਡ ਜਾਂ ਘਰਾਂ ਨੂੰ ਮੁੜਦੀਆਂ ਮੁਟਿਆਰਾਂ ਇਹ ਗੀਤ ਗਾਉਂਦੀਆਂ ਸਨ। ਇਉਂ ਆਪਣੇ ਬਾਬਲ ਦੇ ਖੇੜੇ ਦੀ ਸਦਾ ਹੀ ਖੈਰ ਸੁੱਖ ਮੰਗਦੀਆਂ ਕੁੜੀਆਂ ਦਾ ਤਿਉਹਾਰ 'ਤੀਆਂ' ਪੰਜਾਬੀ ਸੱਭਿਆਚਾਰ ਦੀ ਸਾਂਝੀ ਵਿਰਾਸਤ ਹੈ;

ਖੈਰ ਸੁੱਖ ਰੱਖੀਂ ਵੇ ਰੱਬਾ
ਰੱਖੀਂ ਮੇਰੇ ਬਾਬਲ ਦੇ ਵਿਹੜੇ
ਖੈਰ ਸੁੱਖ ਰੱਖੀਂ ਵੇ ਰੱਬਾ
ਰੱਖੀਂ ਮੇਰੇ ਬਾਬਲ ਦੇ ਖੇੜੇ
ਖੈਰ ਸੁੱਖ ਰੱਖੀਂ ਵੇ ਰੱਬਾ।

ਅਜੋਕੇ ਸਮੇਂ ਵਿੱਚ ਇਸ ਤਿਉਹਾਰ ਦਾ ਮੂੰਹ-ਮੁਹਾਂਦਰਾ ਬਦਲ ਗਿਆ ਹੈ। ਹੁਣ ਧੀਆਂ, ਮੁਟਿਆਰਾਂ ਦਾ ਇਹ ਮਨਭਾਉਂਦਾ ਤਿਉਹਾਰ ਪਰੰਪਰਾ ਤੋਂ ਵੱਖਰੀ ਤਰ੍ਹਾਂ ਮਨਾਇਆ ਜਾਂਦਾ ਹੈ। ਹੁਣ ਕੁੜੀਆਂ ਆਪੋ ਆਪਣੇ ਕਾਲਜਾਂ ਵਿੱਚ ਇਸ ਤਿਓਹਾਰ ਨੂੰ ਮਨਾਉਂਦੀਆਂ ਹਨ। ਸ਼ਹਿਰਾਂ ਵਿੱਚ ਕੁੜੀਆਂ ਕਲੱਬਾਂ ਵਿੱਚ 'ਕੱਠੀਆਂ ਹੋ ਕੇ ਪੀਂਘਾਂ ਝੂਟ ਕੇ, ਗਿੱਧਾ ਤੇ ਬੋਲੀਆਂ ਪਾ ਕੇ ਇੱਕ ਸ਼ਾਮ ਨੂੰ ਤੀਆਂ ਮਨਾਉਂਦੀਆਂ ਹਨ।

ਇਹ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਨੂਠਾ ਅੰਗ ਹੈ। ਮੁਕਾਬਲੇ ਤੇ ਤਕਨਾਲੋਜੀ ਦੇ ਯੁੱਗ ਵਿੱਚ ਤਿਉਹਾਰ ਨੂੰ ਜਿਊਂਦਾ ਰੱਖਣ ਲਈ ਕਈ ਸੱਭਿਆਚਾਰ ਸੰਸਥਾਵਾਂ ਵਿਸ਼ੇਸ਼ ਉਪਰਾਲਾ ਕਰ ਰਹੀਆਂ ਹਨ। ਉਹ ਆਪੋ ਆਪਣੇ ਸ਼ਹਿਰਾਂ ਤੇ ਕਸਬਿਆਂ ਵਿੱਚ ਤੀਆਂ ਲਵਾ ਰਹੀਆਂ ਹਨ। ਸਕੂਲਾਂ-ਕਾਲਜਾਂ ਦੇ ਪ੍ਰਬੰਧਕਾਂ ਵੱਲੋਂ ਤਾਂ ਇਹ ਕਾਰਜ ਵਿਦਿਆਰਥੀਆਂ ਦੀ ਰੁਚੀ ਲਈ ਕੀਤਾ ਜਾਂਦਾ ਹੈ। ਅੱਜਕੱਲ੍ਹ ਸਜਣ ਤੇ ਸੰਵਰਨ ਦੇ ਨਵੇਂ ਢੰਗ ਤਰੀਕੇ ਚੱਲ ਪਏ ਹਨ। ਕੁੜੀਆਂ ਨੇ ਨਵੀਆਂ ਬੋਲੀਆਂ ਵੀ ਘੜ ਲਈਆਂ ਹਨ;

ਨੀਂ ਤੂੰ ਪਾਰਲਰ ਗਈ ਨਾ ਮੁੜਦੀ
ਗਿੱਧਾ ਜ਼ੋਰੋ ਜ਼ੋਰ ਮੱਚਿਆ
ਨੀਂ ਤੂੰ ਰਹਿੰਦੀ ਕਾਹਤੋਂ ਕੁੜ੍ਹਦੀ
ਗਿੱਧਾ ਜ਼ੋਰੋ ਜ਼ੋਰ ਮੱਚਿਆ

ਆਉ! ਪੰਜਾਬੀ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਜਿਊਂਦਾ ਰੱਖੀਏ। ਪੁਰਾਣਾ ਵਿਰਸਾ ਸਾਦ ਮੁਰਾਦਾ ਹੈ। ਤੀਆਂ ਹਰ ਪਿੰਡ ਵਿੱਚ ਧੀਆਂ ਦੀ ਸਾਂਝ ਤੇ ਮਿਲਾਪ ਦਾ ਵਸੀਲਾ ਬਣਿਆ ਰਹੇ ਤਾਂ ਜੋ ਸਾਡਾ ਅਮੀਰ ਪੰਜਾਬੀ ਸੱਭਿਆਚਾਰਕ ਵਿਰਸਾ ਕਾਇਮ ਰੱਖਿਆ ਜਾ ਸਕੇ। ਜਿੱਥੇ ਪੰਜਾਬਣਾਂ ਚਲੀਆਂ ਗਈਆਂ ਉਨ੍ਹਾਂ ਦੇ ਨਾਲ ਤੀਆਂ ਤੇ ਹੋਰ ਤਿਉਹਾਰ ਵੀ ਚਲੇ ਗਏ। ਪੰਜਾਬੀ ਸੱਭਿਆਚਾਰ ਬਾਹਰਲੇ ਦੇਸ਼ਾਂ ਵਿੱਚ ਵੀ ਪ੍ਰਚੱਲਿਤ ਹੈ। ਇਹ ਕਹੀਏ ਕਿ ਇਸ ਦਾ ਘੇਰਾ ਵਧਿਆ ਹੈ। ਇਹ ਤਿਉਹਾਰ ਸਾਡੀ ਪਰੰਪਰਾ ਤੇ ਵਿਰਸੇ ਵਿੱਚ ਰਚਿਆ ਮਿਚਿਆ ਹੋਇਆ ਹੈ। ਇਸ ਲਈ ਇਹ ਬੋਲੀ ਸਦਾਬਹਾਰ ਰੂਪ ਵਿੱਚ ਸਾਡੀ ਵਿਰਾਸਤ ਨੂੰ ਦਰਸਾਉਂਦੀ ਹੈ;

ਸੁਣੋ ਨੀਂ ਕੁੜੀਓ
ਆਉਂਦੇ ਵਰ੍ਹੇ ਨੂੰ
ਮੁੜ ਕੇ ਆਇਓ ਫੇਰ
ਨਾ ਲਾਇਓ ਦੇਰ
ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ
ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ।

# ਰੁੱਖਾਂ ਨਾਲ ਗੱਲਾਂ ਕਰਦਿਆਂ...

ਅਮਰਜੀਤ ਟਾਂਡਾ



ਰੁੱਖ ਵੀ ਦੁਖ-ਸੁਖ ਸਾਂਝੇ ਕਰਦੇ ਹਨ। ਕਦੇ ਉਨ੍ਹਾਂ ਨਾਲ ਗਲਵੱਕੜੀ ਪਾ ਕੇ ਦੇਖਿਓ, ਉਨ੍ਹਾਂ ਦੀ ਗੋਦ ਵਿੱਚ ਬਹਿ ਕੇ ਗੱਲਾਂ ਕਰਿਓ ਤੇ ਬਾਤਾਂ ਪਾਇਓ। ਜਦੋਂ ਤਪਦੀ ਧੁੱਪ ਤੜਫਾਉਂਦੀ ਹੈ ਤਾਂ ਕਿਸੇ ਸੰਘਣੇ ਰੁੱਖ ਦੀ ਮਾਂ ਵਰਗੀ ਛਾਂ ਲੱਭ ਕੇ ਸਵਰਗਾਂ ਦਾ ਨਜ਼ਾਰਾ ਮਹਿਸੂਸ ਕਰਦੇ ਹਾਂ। ਉਸ ਵੇਲੇ ਗੂੜ੍ਹੀ ਠੰਢੀ ਛਾਂ ਹੇਠ ਲੱਖਾਂ ਦੁੱਖ ਤੇ ਉਦਾਸੀਆਂ ਦੂਰ ਹੋ ਜਾਂਦੀਆਂ ਹਨ।

ਰੁੱਖਾਂ ਨਾਲ ਆਪਣਾ ਸਮਾਂ ਬਿਤਾਉਣਾ ਮਨੁੱਖ ਦੀ ਅਸਲ ਘਰ ਵਾਪਸੀ ਹੁੰਦੀ ਹੈ। ਸ਼ਹਿਰਾਂ ਦੇ ਸ਼ੋਰ ਵਿੱਚ ਰਹਿੰਦਿਆਂ ਸਾਡੇ ਅੰਦਰ ਇੱਕ ਸੁੱਕਾ ਜੰਗਲ ਵਸ ਜਾਂਦਾ ਹੈ। ਸਾਡੀ ਰੂਹ ਮਿੱਟੀ ਦੀ ਖੁਸ਼ਬੂ ਮਾਨਣਾ ਚਾਹੁੰਦੀ ਹੈ, ਪੱਤਿਆਂ ਦੀ ਸਰਸਰਾਹਟ ਸੁਣਨਾ ਚਾਹੁੰਦੀ ਹੈ, ਰੁੱਖ ਦੀਆਂ ਟਹਿਣੀਆਂ ਨਾਲ ਝੂਲਣਾ ਚਾਹੁੰਦੀ ਹੈ। ਜਦੋਂ ਉਹ ਹੁਲਾਰੇ ਮਿਲਦੇ ਹਨ ਤਾਂ ਇੱਕ ਨਵਾਂ ਸੰਸਾਰ ਉਸਰ ਜਾਂਦਾ ਹੈ। ਉਸ ਚਮਤਕਾਰੀ ਕਾਇਨਾਤ ਵਿੱਚ ਖੇੜਾ ਆ ਕੇ ਵੱਸ ਜਾਂਦਾ ਹੈ।

ਰੁੱਖ ਸਿਰਫ਼ ਲੱਕੜ ਹੀ ਨਹੀਂ ਹੁੰਦੇ। ਉਹ ਚੁੱਪਚਾਪ ਖੜ੍ਹੇ ਫੱਕਰ ਫ਼ਕੀਰ ਦਰਵੇਸ਼ ਹੁੰਦੇ ਹਨ। ਉਹ ਬੋਲਦੇ ਨਹੀਂ, ਪਰ ਫਿਰ ਵੀ ਜਿਊਣ ਦੀ ਜਾਚ ਦੱਸਦੇ ਹਨ। ਕਿਸ ਤਰ੍ਹਾਂ ਵੱਡਾ ਜਿਗਰਾ ਹੌਸਲਾ ਲੈ ਕੇ ਤੁਰਦੇ ਰਹੀਦਾ, ਇਹ ਉਹੀ ਸ਼ਬਦੀ ਸਬਕ ਸਿਖਾਉਂਦੇਹਨ। ਤਾਂ ਹੀ ਇਹ ਵਿਸ਼ਾ ਦਿਲ ਦੇ ਬਹੁਤ ਨੇੜੇ ਹੈ। ਬਿਰਖਾਂ ਨਾਲ ਸਬੰਧ ਜੋੜਨਾ, ਪਲ ਬਿਤਾਉਣੇ ਸਿਰਫ਼ ਪ੍ਰਕਿਰਤੀ ਨਾਲ ਰਹਿਣਾ ਨਹੀਂ, ਆਪਣੇ ਅਸਲੀ ਮਨ ਮੰਦਰ ਵਿੱਚ ਪਰਤਣਾ ਹੁੰਦਾ ਹੈ। ਫਿਲਾਸਫ਼ੀ ਦੀ ਨਜ਼ਰ ਨਾਲ ਰੁੱਖ ਸਾਨੂੰ 'ਦੇਣ' ਯਾਨੀ ਵੰਡ ਕੇ ਛੱਕਣ ਦਾ ਦਰਸ਼ਨ ਚਿਤਰਦੇ ਹਨ। ਉਹ ਛਾਂ, ਫੁੱਲ ਤੇ ਫ਼ਲ ਦਿੰਦੇ ਹਨ, ਆਕਸੀਜਨ ਦੇ ਸਾਹ ਜ਼ਿੰਦਗੀ ਨੂੰ ਤੋਰੀ ਰੱਖਦੇ ਹਨ ਬਿਨਾਂ ਕਿਸੇ ਆਸ ਤੇ ਉਮੀਦ ਦੇ।

ਉਹ ਆਪਣੇ ਤਨ ਚਿਰਵਾ ਕੇ ਵਾਜ਼ੇ, ਬੰਸਰੀਆਂ, ਸਾਰੰਗੀਆਂ ਤੇ ਪਤਾ ਨਹੀਂ ਕਿੰਨੇ ਹੋਰ ਅਨੇਕਾਂ ਸਾਜ਼ ਬਣਾ ਕੇ ਦਿੰਦੇ ਹਨ। ਉਹ ਇਹ ਸਭ ਆਪਣੀਆਂ ਆਂਦਰਾਂ ਨੂੰ ਭੇਟ ਕਰਕੇ ਦਿੰਦੇ ਹਨ ਤੇ ਕਦੇ ਵੀ ਕੁਝ ਨਹੀਂ ਮੰਗਦੇ। ਪਾਣੀ ਦਾ ਜੇ ਘੁੱਟ ਪਾ ਦੇਵੋ ਤਾਂ ਤੁਹਾਡੀ ਮਰਜ਼ੀ ਨਹੀਂ ਤਾਂ ਉਹ ਆਪਣੀ ਪਿਆਸ ਆਪਣੀਆਂ ਹੀ ਜੜਾਂ ਨੂੰ ਦੱਸਦੇ ਹਨ।

ਮੀਂਹ ਦੇ ਪਾਣੀ ਵਿੱਚ ਹੀ ਨਹਾਉਂਦੇ,ਹੱਸਦੇ ਹਰੇ ਭਰੇ ਰਹਿੰਦੇ ਹਨ। ਉਹ ਤਾਂ ਜਗ੍ਹਾ ਵੀ ਥੋੜ੍ਹੀ ਜਿਹੀ ਹੀ ਰੋਕਦੇ ਹਨ। ਕਹਿੰਦੇ ਹਨ ਤੁਸੀਂ ਫੈਲ ਜਾਓ ਅਸੀਂ ਉਤਾਂਹ ਨੂੰ ਵਧ ਕੇ ਆਪਣੀ ਚਾਹਤ ਪੂਰੀ ਕਰ ਲਵਾਂਗੇ। ਇਨਸਾਨ ਆਪਣੀ ਹਰ ਕਿਰਿਆ ਵਿੱਚ ਲਾਭ ਲੱਭਦਾ ਹੈ, ਪਰ ਰੁੱਖ ਸਿਰਫ਼ ਸੇਵਾ ਭਾਵਨਾ ਦੀ ਸਦਾ ਲੋਕਪੂਰਤੀ ਕਰਦੇ ਹਨ। ਜਿਸ ਜੀਵਨ ਵਿੱਚ ਅਹੰਕਾਰ ਘੱਟ ਹੋਵੇ, ਉਹੀ ਜੀਵਨ ਵੱਡਾ ਤੇ ਉੱਚਾ ਸੁੱਚਾ ਹੁੰਦਾ ਹੈ। ਰੁੱਖਾਂ ਦੀ ਹੋਂਦ ਅਹੰਕਾਰ ਰਹਿਤ ਹੈ। ਉਨ੍ਹਾਂ ਦੀ ਉਚਾਈ ਉੱਚੀ ਵੱਡੀ ਹੈ, ਪਰ ਸਿਰ ਨਿੱਤ ਝੁਕਿਆ ਹੋਇਆ ਰੱਖਦੇ ਹਨ, ਹਰੇਕ ਬੱਚੇ ਅਤੇ ਵੱਡੇ ਅੱਗੇ ਸਿਜਦਾ ਕਰਦੇ ਸਿਰ ਨਿਵਾਉਂਦੇ ਹਨ।

ਅੱਜ ਵਿਗਿਆਨ ਵੀ ਮੰਨ ਰਿਹਾ ਹੈ ਕਿ ਰੁੱਖਾਂ ਦੇ ਨੇੜੇ ਰਹਿਣ ਨਾਲ ਮਨੁੱਖੀ ਦਿਮਾਗ਼ ਵਿੱਚ ਤਣਾਅ ਵਾਲਾ ਹਾਰਮੋਨ ਘਟਦਾ ਹੈ। ਜਪਾਨ ਵਿੱਚ 'ਫ਼ਾਰੈਸਟ ਬਾਥਿੰਗ' ਦਾ ਸੰਕਲਪ ਮਸ਼ਹੂਰ ਹੈ। ਜੰਗਲ ਵਿੱਚ ਸਮਾਂ ਬਿਤਾਉਣਾ ਥੈਰੇਪੀ ਮੰਨੀ ਜਾਂਦੀ ਹੈ। ਪੱਤਿਆਂ ਵਿੱਚੋਂ ਨਿਕਲਣ ਵਾਲੇ 'ਫਾਈਟਨਸਾਈਡਸ' ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਂਦੇ ਹਨ।

ਹਰ ਰੁੱਖ ਇੱਕ ਜੀਵੰਤ ਲੈਬੋਰੇਟਰੀ ਹੈ, ਜਿੱਥੇ ਆਕਸੀਜਨ, ਠੰਢਕ ਅਤੇ ਜੀਵਨ ਦੀ ਊਰਜਾ ਬਣਦੀ ਹੈ ਤੇ ਖੁੱਲ੍ਹੀ ਵਰਤਾਈ ਜਾਂਦੀ ਹੈ ਬਿਨਾਂ ਕਿਸੇ ਭੇਦ ਭਾਵ ਦੇ। ਸੱਚ ਇਹ ਹੈ ਕਿ ਜਦੋਂ ਅਸੀਂ ਰੁੱਖ ਹੇਠ ਬੈਠਦੇ ਹਾਂ, ਸਾਡਾ ਬਲੱਡ ਪ੍ਰੈੱਸ਼ਰ ਘਟਦਾ ਹੈ, ਦਿਲ ਦੀ ਧੜਕਣ ਸਾਧਾਰਨ ਹੁੰਦੀ ਹੈ ਅਤੇ ਸੋਚ ਸਾਫ਼ ਹੋ ਜਾਂਦੀ ਹੈ। ਮਨ ਸ਼ਾਂਤ ਹੋਣਾ ਕੋਈ ਅਧਿਆਤਮਕ ਕਹਾਣੀ ਨਹੀਂ, ਇਹ ਬਾਇਓਲੌਜੀਕਲ ਕਿਰਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਦਰਤ ਨੂੰ ਪ੍ਰਭੂ ਦੀ ਰਚਨਾ ਦਾ ਪ੍ਰਤੱਖ ਰੂਪ ਕਿਹਾ ਗਿਆ ਹੈ;

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਇਹ ਸ਼ਬਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਹਵਾ, ਪਾਣੀ, ਧਰਤੀ ਇਹ ਸਿਰਫ਼ ਤੱਤ ਨਹੀਂ, ਸਗੋਂ ਪਰਿਵਾਰਕ ਸਾਝਾਂ ਹਨ। ਸਾਹਾਂ ਦਾ ਪਿਆਰ ਤੇ ਗਲਵੱਕੜੀਆਂ ਦਾ ਮੋਹ। ਰੁੱਖ ਇਸ ਪਰਿਵਾਰ ਦੇ ਜਿਉਂਦੇ, ਜਾਗਦੇ ਤੇ ਹੱਸਦੇ ਹਸਾਉਂਦੇਸਾਡੇ ਸਕੇ ਰਿਸ਼ਤੇਦਾਰ ਤੇ ਲੰਗੋਟੀਏ ਯਾਰ ਹਨ। ਗੁਰਮਤਿ ਸਾਨੂੰ ਕੁਦਰਤ ਨਾਲ ਜੁੜਨ ਦੀ ਸਿੱਖਿਆ ਦਿੰਦੀ ਹੈ।

(ਬਾਕੀ ਸਫ਼ਾ 27 'ਤੇ)



# ਸਿਹਤ ਸੰਭਾਲ



## ਮਾਨਸੂਨ 'ਚ ਜੋੜਾਂ ਦੇ ਦਰਦ ਤੋਂ ਕਿਵੇਂ ਬਚੀਏ ?

ਗਰਮੀ ਤੋਂ ਬਾਅਦ ਜਦੋਂ ਮਾਨਸੂਨ ਦਸਤਕ ਦਿੰਦਾ ਹੈ, ਤਾਂ ਮਨ ਨੂੰ ਤਾਂ ਬਹੁਤ ਸਕੂਨ ਮਿਲਦਾ ਹੈ, ਪਰ ਕਈ ਲੋਕਾਂ ਲਈ ਇਹ ਮੌਸਮ ਇੱਕ ਨਵੀਂ ਮੁਸੀਬਤ ਖੜ੍ਹੀ ਕਰ ਦਿੰਦਾ ਹੈ। ਜੋੜਾਂ ਵਿੱਚ ਦਰਦ, ਸੋਜ ਅਤੇ ਸਰੀਰ ਵਿੱਚ ਅਕੜਾਅ ਦੀ ਸਮੱਸਿਆ ਇਸ ਦੌਰਾਨ ਆਮ ਹੋ ਜਾਂਦੀ ਹੈ।

ਰੂਮੇਟਾਇਡ ਆਰਥਰਾਈਟਿਸ ਅਤੇ ਓਸਟੀਓਆਰਥਰਾਈਟਿਸ ਦੇ ਮਰੀਜ਼ਾਂ, ਜਾਂ ਪੁਰਾਣੀ ਸੱਟ ਵਾਲੇ ਲੋਕਾਂ ਲਈ ਇਹ ਮੌਸਮ ਸਰੀਰਕ ਪਰੇਸ਼ਾਨੀਆਂ ਵਧਾ ਦਿੰਦਾ ਹੈ। ਜੀ ਹਾਂ, ਬਾਰਿਸ਼ ਦੇ ਦਿਨਾਂ ਵਿੱਚ ਜੋੜਾਂ ਦਾ ਦਰਦ ਵਧਣਾ ਕੋਈ ਦਿਮਾਗੀ ਵਹਿਮ ਨਹੀਂ ਹੈ, ਬਲਕਿ ਇਸ ਦੇ ਪਿੱਛੇ ਪੂਰੀ ਤਰ੍ਹਾਂ ਵਿਗਿਆਨਕ ਅਤੇ ਮੌਸਮ ਨਾਲ ਜੁੜੇ ਬਦਲਾਅ ਜ਼ਿੰਮੇਵਾਰ ਹੁੰਦੇ ਹਨ।

ਬਰਸਾਤ ਦੇ ਮੌਸਮ ਤੋਂ ਪਹਿਲਾਂ ਅਤੇ ਦੌਰਾਨ ਵਾਯੂਮੰਡਲ ਦਾ ਦਬਾਅ ਕਾਫ਼ੀ ਘੱਟ ਜਾਂਦਾ ਹੈ। ਇਸ ਕਮੀ ਕਾਰਨ ਸਾਡੇ ਜੋੜਾਂ ਦੇ ਆਲੇ ਦੁਆਲੇ ਦੇ ਟਿਸ਼ੂ ਥੋੜ੍ਹਾ ਜਿਹਾ ਫੈਲ ਜਾਂਦੇ ਹਨ। ਪਹਿਲਾਂ ਹੀ ਸੋਜ ਜਾਂ ਗਠੀਏ ਤੋਂ ਪੀੜਤ ਜੋੜਾਂ ਵਿੱਚ, ਇਹ ਵਿਸਥਾਰ ਸੰਵੇਦਨਸ਼ੀਲ ਨਾੜੀਆਂ 'ਤੇ ਵਾਧੂ ਦਬਾਅ ਪਾਉਂਦਾ ਹੈ, ਜਿਸ ਨਾਲ ਦਰਦ ਅਤੇ ਅਕੜਾਅ ਹੁੰਦਾ ਹੈ।

ਜਦੋਂ ਮੌਸਮ ਅਚਾਨਕ ਠੰਢਾ ਹੁੰਦਾ ਹੈ, ਤਾਂ ਸਰੀਰ ਦੀਆਂ ਬਲੱਡ ਵੈਸਲਜ਼ ਸੁੰਗੜਨ ਲੱਗਦੀਆਂ ਹਨ। ਇਸ ਨਾਲ ਸਰੀਰ ਦੇ ਬਾਹਰੀ ਅੰਗਾਂ ਤੱਕ ਖੂਨ ਦਾ ਬਹਾਅ ਘੱਟ ਜਾਂਦਾ ਹੈ। ਠੰਢੀ ਅਤੇ ਨਮੀ ਵਾਲੀ ਹਵਾ ਦੇ ਕਾਰਨ ਜੋੜਾਂ ਦੇ ਆਲੇ-ਦੁਆਲੇ ਦੇ ਟੈਂਡਨ ਅਤੇ ਲਿਗਾਮੈਂਟ ਸਖ਼ਤ ਹੋ ਜਾਂਦੇ ਹਨ, ਜਿਸ ਨਾਲ ਹੱਥ-ਪੈਰ ਮੋੜਨ ਵਿੱਚ ਤਕਲੀਫ਼ ਹੁੰਦੀ ਹੈ।

ਮਾਨਸੂਨ ਦੌਰਾਨ, ਹਵਾ ਬਹੁਤ ਨਮੀ ਵਾਲੀ ਹੁੰਦੀ ਹੈ, ਜੋ ਸਰੀਰ ਦੇ ਕੁਦਰਤੀ ਤਰਲ ਸੰਤੁਲਨ ਨੂੰ ਵਿਗਾੜਦੀ ਹੈ। ਘੱਟ ਪਸੀਨਾ ਆਉਣਾ ਅਤੇ ਜ਼ਿਆਦਾ ਨਮੀ ਸਰੀਰ ਦੇ ਟਿਸ਼ੂਆਂ ਵਿੱਚ ਤਰਲ ਇਕੱਠਾ ਹੋਣ ਦਾ ਕਾਰਨ ਬਣਦੀ ਹੈ। ਇਸ ਨਾਲ ਹੱਥਾਂ, ਗਿੱਟਿਆਂ ਅਤੇ ਖਾਸ ਕਰਕੇ ਗੋਡਿਆਂ ਦੇ ਜੋੜਾਂ ਵਿੱਚ ਸੋਜ ਅਤੇ ਕਠੋਰਤਾ ਆਉਂਦੀ ਹੈ।

ਲਗਾਤਾਰ ਬਾਰਿਸ਼ ਦੇ ਕਾਰਨ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ, ਜਿਸ ਨਾਲ ਲੋਕ ਘਰ ਵਿੱਚ ਇੱਕ ਹੀ ਜਗ੍ਹਾ ਬੈਠੇ ਰਹਿੰਦੇ ਹਨ। ਚੱਲਣ-ਫਿਰਨ ਦੀ ਇਸ ਕਮੀ ਦੇ ਕਾਰਨ ਜੋੜਾਂ ਨੂੰ ਚਿਕਨਾਈ ਦੇਣ ਵਾਲੇ ਸਾਇਨੋਵੀਅਲ ਫਲੂਇਡ ਦਾ ਬਹਾਅ ਰੁਕ ਜਾਂਦਾ ਹੈ। ਨਤੀਜੇ ਵਜੋਂ, ਜਦੋਂ ਤੁਸੀਂ ਕਾਫ਼ੀ ਦੇਰ ਬਾਅਦ ਹਿੱਲਦੇ-ਜੁੱਲਦੇ ਹੋ, ਤਾਂ ਜੋੜ ਜਕੜੇ ਹੋਏ ਮਹਿਸੂਸ ਹੁੰਦੇ ਹਨ।

ਕੁਝ ਬਹੁਤ ਹੀ ਆਸਾਨ ਅਤੇ ਅਸਰਦਾਰ ਉਪਾਅ ਹਨ, ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਇਸ ਮੌਸਮ ਵਿੱਚ ਜੋੜਾਂ ਦੇ ਦਰਦ ਤੋਂ ਰਾਹਤ ਪਾ ਸਕਦੇ ਹੋ:

ਏ.ਸੀ. ਦੀ ਠੰਢੀ ਹਵਾ ਵਿੱਚ ਸਿੱਧੇ ਬੈਠਣ ਜਾਂ ਦੇਰ ਤੱਕ ਗਿੱਲੇ ਕੱਪੜੇ ਪਾਉਣ ਤੋਂ ਬਚੋ। ਜੇਕਰ ਤੁਹਾਡੇ ਜੋੜਾਂ ਵਿੱਚ ਜ਼ਿਆਦਾ ਦਰਦ ਰਹਿੰਦਾ ਹੈ ਤਾਂ ਉਨ੍ਹਾਂ ਨੂੰ ਹਲਕੇ ਗਰਮ ਕੱਪੜੇ ਵਿੱਚ ਲਪੇਟੋ।

ਜੇਕਰ ਬਾਹਰ ਮੀਂਹ ਪੈ ਰਿਹਾ ਹੈ, ਤਾਂ ਘਰ ਦੇ ਅੰਦਰ ਸੈਰ ਕਰੋ। ਜੋੜਾਂ ਵਿੱਚ ਤਰਲ ਪਦਾਰਥਾਂ ਦੇ ਪ੍ਰਵਾਹ ਨੂੰ ਬਣਾਈ ਰੱਖਣ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਲਈ ਹਲਕਾ ਖਿੱਚਣ ਵਾਲਾ ਜਾਂ ਘੱਟ ਪ੍ਰਭਾਵ ਵਾਲਾ ਯੋਗਾ ਕਰੋ। ਦਰਦ ਵਾਲੀ ਥਾਂ 'ਤੇ 15 ਤੋਂ 20 ਮਿੰਟਾਂ ਲਈ ਹੀਟਿੰਗ ਪੈਡ ਜਾਂ ਗਰਮ ਪਾਣੀ ਦਾ ਬੈਗ ਰੱਖੋ। ਇਹ ਖੂਨ ਸੰਚਾਰ ਨੂੰ ਵਧਾਉਂਦਾ ਹੈ ਅਤੇ ਮਾਸਪੇਸ਼ੀਆਂ ਦੀ ਕਠੋਰਤਾ ਨੂੰ ਢਿੱਲਾ ਕਰਦਾ ਹੈ। ਦਿਨ ਭਰ ਥੋੜ੍ਹੀ ਮਾਤਰਾ ਵਿੱਚ ਕੋਸਾ ਪਾਣੀ ਪੀਓ। ਆਪਣੀ ਖੁਰਾਕ ਵਿੱਚ ਕੁਦਰਤੀ ਭੋਜਨ ਸ਼ਾਮਲ ਕਰੋ ਜੋ ਸੋਜ ਨੂੰ ਘਟਾਉਂਦੇ ਹਨ, ਜਿਵੇਂ ਕਿ ਹਲਦੀ, ਅਦਰਕ, ਓਮੇਗਾ-3 ਭੋਜਨ ਅਤੇ ਅਖਰੋਟ।

ਬੱਦਲਵਾਈ ਵਾਲਾ ਮੌਸਮ ਇਸ ਮੌਸਮ ਦੌਰਾਨ ਧੁੱਪ ਨੂੰ ਘਟਾਉਂਦਾ ਹੈ, ਜੋ ਸਰੀਰ ਵਿੱਚ ਵਿਟਾਮਿਨ ਡੀ ਦੇ ਪੱਧਰ ਨੂੰ ਘਟਾ ਸਕਦਾ ਹੈ। ਇਹ ਹੱਡੀਆਂ ਦੀ ਸਿਹਤ ਲਈ ਬਹੁਤ ਮਹੱਤਵਪੂਰਨ ਹੈ। ਜੇਕਰ ਜ਼ਰੂਰੀ ਹੋਵੇ, ਤਾਂ ਆਪਣੇ ਡਾਕਟਰ ਨਾਲ ਸਲਾਹ ਕਰੋ ਅਤੇ ਵਿਟਾਮਿਨ ਡੀ ਸਪਲੀਮੈਂਟ ਲਓ।ਬਰਸਾਤ ਦੇ ਮੌਸਮ ਦੌਰਾਨ ਹਲਕੀ ਕਠੋਰਤਾ ਆਮ ਹੈ, ਪਰ ਜੇਕਰ ਤੁਹਾਡੇ ਜੋੜ ਸੁੱਜੇ ਹੋਏ, ਲਾਲ ਰਹਿੰਦੇ ਹਨ, ਗਰਮ ਮਹਿਸੂਸ ਹੁੰਦੇ ਹਨ, ਜਾਂ ਤੁਸੀਂ ਆਪਣੀਆਂ ਲੱਤਾਂ 'ਤੇ ਭਾਰ ਨਹੀਂ ਪਾ ਸਕਦੇ, ਤਾਂ ਤੁਰੰਤ ਸੁਚੇਤ ਰਹੋ।

## ਗਰਭ ਅਵਸਥਾ 'ਚ ਖ਼ਤਰਨਾਕ ਹੋ ਸਕਦੀ ਹੈ ਹੀਮੋਗਲੋਬਿਨ ਦੀ ਘਾਟ



ਔਰਤਾਂ ਅਕਸਰ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਦੇ ਵਿਚਕਾਰ ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ ਅਤੇ ਪੀਰੀਅਡਜ਼ ਦੇ ਚਲਦਿਆਂ ਉਨ੍ਹਾਂ ਦੇ ਸਰੀਰ 'ਚ ਖ਼ੂਨ ਦੀ ਕਮੀ ਯਾਨੀ ਅਨੀਮੀਆ ਇੱਕ ਆਮ ਸਮੱਸਿਆ ਹੈ। ਇਸ 'ਚ ਉਨ੍ਹਾਂ ਦੀ ਜ਼ਿੰਦਗੀ ਦਾ ਦੂਜਾ ਪੜਾਅ ਯਾਨੀਕਿ ਗਰਭ ਅਵਸਥਾ ਬੇਹੱਦ ਚੁਣੌਤੀਪੂਰਨ ਹੋ ਸਕਦਾ ਹੈ, ਜੇਕਰ ਇਸ ਦੌਰਾਨ ਸਿਹਤ ਦਾ ਧਿਆਨ ਨਾ ਰੱਖਿਆ ਜਾਵੇ। ਹਾਲ ਹੀ ਦੀ ਇੱਕ ਸਟੱਡੀ ਮੁਤਾਬਕ, ਗਰਭ ਅਵਸਥਾ 'ਚ ਅਨੀਮੀਆ ਹੋਣ 'ਤੇ ਮਰੇ ਹੋਏ ਬੱਚੇ ਦੇ ਜੰਮਣ ਦਾ ਖ਼ਤਰਾ ਵਧ ਜਾਂਦਾ ਹ।

ਪ੍ਰੈਗਨੈਂਸੀ 'ਚ ਅਨੀਮੀਆ ਅਤੇ ਸਟਿਲਬਰਥ ਨੂੰ ਲੈ ਕੇ 'ਦ ਲੈਂਸੇਟ ਰੀਜਨਲ ਹੈਲਥ ਸਾਊਥ ਈਸਟ ਏਸ਼ੀਆ' 'ਚ ਇੱਕ ਖੋਜ ਪ੍ਰਕਾਸ਼ਿਤ ਕੀਤੀ ਗਈ ਹੈ। ਇਸ 'ਚ ਕਿਹਾ ਗਿਆ ਹੈ ਕਿ ਭਾਰਤ 'ਚ ਜਿਹੜੀਆਂ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਕਦੇ ਵੀ ਦਰਮਿਆਨੇ ਤੋਂ ਗੰਭੀਰ ਅਨੀਮੀਆ (ਖ਼ੂਨ ਦੀ ਕਮੀ) ਹੁੰਦਾ ਹੈ, ਉਨ੍ਹਾਂ 'ਚ ਗਰਭ ਅਵਸਥਾ ਦੇ 28 ਹਫ਼ਤਿਆਂ ਬਾਅਦ ਮ੍ਰਿਤਕ ਬੱਚੇ ਦੇ ਜਨਮ ਯਾਨੀ ਸਟਿਲਬਰਥ ਦਾ ਜੋਖਮ 27 ਫ਼ੀਸਦੀ ਤੱਕ ਵੱਧ ਸਕਦਾ ਹੈ।

ਇਸ ਅਧਿਐਨ ਦੇ ਨਤੀਜਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਜਿੱਥੇ ਇੱਕ ਪਾਸੇ ਗੰਭੀਰ ਅਨੀਮੀਆ ਵਾਲੀਆਂ ਗਰਭਵਤੀ ਔਰਤਾਂ 'ਚ ਸਟਿਲਬਰਥ ਪ੍ਰੈਗਨੈਂਸੀ ਦੇ 29ਵੇਂ ਹਫ਼ਤੇ ਦੇ ਆਸ-ਪਾਸ ਹੋ ਸਕਦਾ ਹੈ, ਉੱਥੇ ਹੀ ਦੂਜੇ ਪਾਸੇ ਆਮ ਹਾਲਤ 'ਚ ਔਰਤਾਂ 'ਚ ਇਹ ਜੋਖਮ 31ਵੇਂ ਹਫ਼ਤੇ ਦੇ ਆਸ-ਪਾਸ ਹੁੰਦਾ ਹੈ। ਇਸ ਤਰ੍ਹਾਂ ਇਹ ਅਧਿਐਨ ਔਰਤਾਂ ਦੀ ਸਿਹਤ 'ਤੇ ਵਧੇਰੇ ਧਿਆਨ ਦੇਣ ਵੱਲ ਇਸ਼ਾਰਾ ਕਰ ਰਿਹਾ ਹੈ, ਖ਼ਾਸਕਰ ਪ੍ਰੈਗਨੈਂਸੀ 'ਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਗੰਭੀਰ ਰੂਪ ਲੈ ਸਕਦੀ ਹੈ।

ਬ੍ਰਿਟੇਨ ਦੀ ਆਕਸਫ਼ੋਰਡ ਯੂਨੀਵਰਸਿਟੀ, ਲੰਡਨ ਸਕੂਲ ਆਫ਼ ਹਾਈਜੀਨ ਐਂਡ ਟ੍ਰੋਪੀਕਲ ਮੈਡੀਸਨ ਅਤੇ ਇੰਡੀਅਨ ਇੰਸਟੀਚਿਊਟ ਆਫ਼ ਪਬਲਿਕ ਹੈਲਥ ਬੈਂਗਲੁਰੂ ਦੇ ਖੋਜਕਾਰਾਂ ਨੇ ਦੱਸਿਆ ਕਿ ਗਰਭਵਤੀ ਮਾਵਾਂ 'ਚ ਅਨੀਮੀਆ ਸਟਿਲਬਰਥ ਦਾ ਇੱਕ ਅਹਿਮ ਅਤੇ ਅਜਿਹਾ ਖ਼ਤਰਾ ਹੈ ਜਿਸ ਨੂੰ ਸਮੇਂ ਸਿਰ ਵੱਧ ਧਿਆਨ ਦੇ ਕੇ ਠੀਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਟਿਲਬਰਥ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ, ਬੱਸ ਇਸ ਲਈ ਨੀਤੀ 'ਚ ਬਦਲਾਅ ਕਰਕੇ ਗਰਭਵਤੀ ਔਰਤਾਂ 'ਚ ਅਨੀਮੀਆ ਤੋਂ ਬਚਾਅ ਅਤੇ ਇਲਾਜ ਦੀਆਂ ਵਿਆਪਕ ਰਣਨੀਤੀਆਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਅਨੀਮੀਆ ਖ਼ੂਨ ਨਾਲ ਜੁੜੀ ਇੱਕ ਸਥਿਤੀ ਹੈ, ਜਿਸ 'ਚ ਰੈੱਡ ਬਲੱਡ ਸੈੱਲਾਂ ਦੀ ਕਮੀ ਹੋ ਜਾਂਦੀ ਹੈ ਜਾਂ ਹੀਮੋਗਲੋਬਿਨ ਆਮ ਨਾਲੋਂ ਘੱਟ ਹੁੰਦਾ ਹੈ। ਟੀਮ ਨੇ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ-ਸਟਿਲਬਰਥ ਪੂਲਡ ਇੰਡੀਅਨ ਕੋਹੋਰਟ ਕੰਸੋਰਟੀਅਮ ਦੇ ਡਾਟਾਸੈੱਟ ਦਾ ਅਧਿਐਨ ਕੀਤਾ।

## ਮੋਟਾਪੇ ਕਾਰਨ ਲੱਗਦੀਆਂ ਨੇ ਕਈ ਬਿਮਾਰੀਆਂ



**ਅਸ਼ਵਨੀ ਚਤਰਥ**

ਅਜੋਕੇ ਸਮੇਂ ਵਿੱਚ ਲੋਕਾਂ ਦੀ ਜੀਵਨ ਸ਼ੈਲੀ ਘੱਟ ਸਰੀਰਕ ਗਤੀਵਿਧੀ ਅਤੇ ਜ਼ਿਆਦਾ ਬੈਠ ਕੇ ਕੰਮ ਕਰਨ ਵਾਲੀ ਬਣ ਚੁੱਕੀ ਹੈ। ਜ਼ਿਆਦਾਤਰ ਲੋਕ ਘਰ 'ਚ ਖਾਣਾ ਬਣਾਉਣ ਦੀ ਬਜਾਏ ਬਾਜ਼ਾਰੀ ਡੱਬਾਬੰਦ ਭੋਜਨ ਅਤੇ ਜੰਕ ਫੂਡ ਨੂੰ ਤਰਜੀਹ ਦਿੰਦੇ ਹਨ। ਅਜਿਹਾ ਭੋਜਨ ਪੌਸ਼ਟਿਕ ਤੱਤਾਂ ਪੱਖੋਂ ਤਾਂ ਸੱਖਣਾ ਹੁੰਦਾ ਹੀ ਹੈ ਸਗੋਂ ਸਰੀਰ ਉੱਪਰ ਚਰਬੀ ਇੱਕਠੀ ਕਰਕੇ ਮੋਟਾਪਾ ਲਿਆਉਂਦਾ ਹੈ। ਮੋਟਾਪੇ ਦੀ ਪਛਾਣ ਆਮ ਤੌਰ 'ਤੇ ਪੇਟ ਜਾਂ ਲੱਕ ਉੱਤੇ ਇਕੱਠੀ ਹੋਈ ਚਰਬੀ ਤੋਂ ਕੀਤੀ ਜਾਂਦੀ ਹੈ। ਇਹ ਚਰਬੀ ਆਪਣੇ ਆਪ 'ਚ ਕੋਈ ਬਿਮਾਰੀ ਤਾਂ ਨਹੀਂ ਹੈ, ਪਰ ਅਨੇਕਾਂ ਬਿਮਾਰੀਆਂ ਨੂੰ ਜਨਮ ਜ਼ਰੂਰ ਦੇ ਸਕਦੀ ਹੈ। ਮੋਟਾਪੇ ਤੋਂ ਪੀੜਤ ਲੋਕਾਂ ਨੂੰ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਪੈਦਾ ਹੋਣ ਦਾ ਖ਼ਤਰਾ ਆਮ ਲੋਕਾਂ ਨਾਲੋਂ ਵੱਧ ਹੁੰਦਾ ਹੈ। ਅਜਿਹੇ ਲੋਕ ਹਾਈ ਬਲੱਡ ਪ੍ਰੈੱਸ਼ਰ ਦੀ ਜਕੜ ਵਿੱਚ ਜਲਦੀ ਆ ਜਾਂਦੇ ਹਨ। ਉਨ੍ਹਾਂ ਦੀਆਂ ਖ਼ੂਨ ਦੀਆਂ ਨਾਲੀਆਂ ਵਿੱਚ ਚਰਬੀ ਜਮ੍ਹਾਂ ਹੋਣ ਕਰਕੇ ਦਿਲ ਦੇ ਰੋਗ ਲੱਗਣ ਦਾ ਖ਼ਤਰਾ ਵੀ ਵੱਧ ਹੁੰਦਾ ਹੈ। ਹਾਈ ਬਲੱਡ ਪ੍ਰੈੱਸ਼ਰ ਨਾਲ ਬ੍ਰੇਨ ਸਟ੍ਰੋਕ ਭਾਵ ਦਿਮਾਗ਼ ਨੂੰ ਖ਼ੂਨ ਲਿਜਾਣ ਵਾਲੀ ਨਾਲੀ ਦੇ ਫਟਣ ਦਾ ਖ਼ਤਰਾ ਵਧ ਜਾਂਦਾ ਹੈ, ਜਿਸ ਨਾਲ ਜਾਨ ਨੂੰ ਖ਼ਤਰਾ ਹੋ ਸਕਦਾ ਹੈ ਜਾਂ ਫਿਰ ਅਧਰੰਗ ਹੋਣ ਦੀ ਨੌਬਤ ਵੀ ਆ ਸਕਦੀ ਹੈ।

ਮੋਟਾਪਾ ਪੀੜਤਾਂ ਨੂੰ ਅਕਸਰ ਸਮਾਜ ਵਿੱਚ ਲੋਕਾਂ ਦੇ ਕੁਬੋਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਰਕੇ ਉਹ ਡਿਪਰੈਸ਼ਨ ਦੇ ਸ਼ਿਕਾਰ ਹੋ ਸਕਦੇ ਹਨ। ਇਸੇ ਤਰ੍ਹਾਂ ਅਜਿਹੇ ਲੋਕਾਂ ਦੀ ਸੁੱਤੇ ਪਿਆਂ ਕਈ ਵਾਰ ਨੀਂਦ ਖੁੱਲ੍ਹ ਜਾਂਦੀ ਹੈ ਕਿਉਂਕਿ ਮੋਟਾਪੇ ਕਾਰਨ ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਿਲ ਆਉਂਦੀ ਹੈ। ਮੋਟਾਪਾ ਪੀੜਤਾਂ ਵਿੱਚ ਢਿੱਡ ਵਿਚਲੇ ਪਾਚਕ ਤੇਜ਼ਾਬਾਂ ਦੇ ਗਲ਼ੇ ਤੱਕ ਆਉਣ ਦੀਆਂ ਸੰਭਾਵਨਾਵਾਂ ਆਮ ਲੋਕਾਂ ਨਾਲੋਂ ਜ਼ਿਆਦਾ ਹੁੰਦੀਆਂ ਹਨ। ਇਸ ਦੀ ਪਛਾਣ ਸੰਘ ਵਿੱਚ ਆਏ ਖੱਟੇ ਡਕਾਰਾਂ ਵਜੋਂ ਹੁੰਦੀ ਹੈ। ਇਸ ਨਾਲ 'ਗਰਡ' ਨਾਂਅ ਦਾ ਰੋਗ ਲੱਗ ਜਾਂਦਾ ਹੈ। ਇਸ ਰੋਗ ਵਿੱਚ ਮਨੁੱਖ ਦੀ ਛਾਤੀ ਵਿੱਚ ਭਾਰੀਪਣ ਰਹਿੰਦਾ ਹੈ ਜਾਂ ਸਾੜ ਪੈਂਦੀ ਰਹਿੰਦੀ ਹੈ। ਅਜਿਹੇ ਲੋਕਾਂ ਨੂੰ ਚੱਲਣ-ਫਿਰਨ, ਤੁਰਨ ਅਤੇ ਦੌੜਨ ਲੱਗਿਆਂ ਮੁਸ਼ਕਿਲਾਂ ਆਉਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਜਲਦੀ ਸਾਹ ਚੜ੍ਹ ਜਾਂਦਾ ਹੈ।

ਜ਼ਿੰਦਗੀ ਦਾ ਆਲਸੀ ਜੀਵਨ-ਢੰਗ ਸ਼ੂਗਰ ਰੋਗ ਪੈਦਾ ਕਰਨ ਵਾਲੇ ਕਾਰਨਾਂ ਵਿੱਚੋਂ ਇੱਕ ਅਹਿਮ ਕਾਰਨ ਦੱਸਿਆ ਗਿਆ ਹੈ। ਮੋਟੇ ਲੋਕ ਛੋਟੀ ਉਮਰ ਵਿੱਚ ਇਸ ਤੋਂ ਪੀੜਤ ਹੋ ਜਾਂਦੇ ਹਨ। ਸ਼ੂਗਰ ਦੀ ਬਿਮਾਰੀ ਅਨੇਕਾਂ ਰੋਗਾਂ ਜਿਵੇਂ ਗੁਰਦਿਆਂ ਦਾ ਫੇਲ੍ਹ ਹੋਣਾ, ਨਜ਼ਰ ਦਾ ਘਟਣਾ, ਦਿਲ ਦੇ ਰੋਗ, ਬਲੱਡ ਪ੍ਰੈੱਸ਼ਰ ਅਤੇ ਸਮੇਂ ਤੋਂ ਪਹਿਲਾਂ ਬਿਰਧ ਹੋਣਾ ਆਦਿ ਨੂੰ ਸੱਦਾ ਦਿੰਦੀ ਹੈ। ਮੋਟਾਪੇ ਕਰਕੇ ਗਰਭ ਧਾਰਨ ਕਰਨ ਵਿੱਚ ਵੀ ਮੁਸ਼ਕਿਲਾਂ ਆ ਸਕਦੀਆਂ ਹਨ। ਮੋਟਾਪੇ ਕਾਰਨ ਜਿਗਰ ਉੱਪਰ ਚਰਬੀ ਜਮ੍ਹਾਂ ਹੋ ਜਾਂਦੀ ਹੈ, ਜਿਸ ਨਾਲ ਜਿਗਰ ਖ਼ਰਾਬ ਹੋ ਸਕਦਾ ਹੈ। ਇਸ ਤੋਂ ਬਚਣ ਲਈ ਆਪਣਾ ਭਾਰ ਘਟਾਓ, ਸ਼ਰਾਬ ਪੀਣਾ ਬੰਦ ਕਰੋ ਅਤੇ ਹਲਕੀ-ਫੁਲਕੀ ਕਸਰਤ ਕਰੋ। ਇੱਕ ਥਾਂ ਉੱਤੇ ਬੈਠੇ ਰਹਿਣ ਕਾਰਨ ਪਿੱਤੇ ਦੀ ਪੱਥਰੀ ਬਣਨ ਦਾ ਖ਼ਤਰਾ ਵੀ ਵਧ ਜਾਂਦਾ ਹੈ। ਪਿੱਤੇ ਵਿੱਚ ਪਿੱਤ ਨਾਂਅ ਦਾ ਇੱਕ ਰਸ ਜਮ੍ਹਾਂ ਹੁੰਦਾ ਹੈ। ਮੋਟੇ ਲੋਕਾਂ ਵਿੱਚ ਇਹ ਰਸ ਗਾੜ੍ਹਾ ਹੁੰਦਾ ਹੈ, ਜਿਸ ਨਾਲ ਪੱਥਰੀ ਬਣਨ ਦੀ ਸੰਭਾਵਨਾ ਵਧ ਜਾਂਦੀ ਹੈ। ਸਰੀਰਕ ਤੌਰ 'ਤੇ ਸ਼ਿਥਿਲ ਲੋਕਾਂ ਦੇ ਪੱਠੇ ਅਤੇ ਹੱਡੀਆਂ ਕਮਜ਼ੋਰ ਰਹਿ ਜਾਂਦੀਆਂ ਹਨ, ਜਿਸ ਕਰਕੇ ਜੋੜਾਂ ਦਾ ਦਰਦ, ਸਰੀਰਕ ਪੀੜ ਅਤੇ ਸਰੀਰਕ ਅਕੜਨ ਆਮ ਦੇਖੀ ਜਾਂਦੀ ਹੈ। ਭਾਰ ਜ਼ਿਆਦਾ ਹੋਣ ਕਰਕੇ ਤੁਰਨ ਵਿੱਚ ਵੀ ਮੁਸ਼ਕਿਲ ਆਉਂਦੀਹੈ। ਮੋਟਾਪੇ ਕਾਰਨ ਢਿੱਡ, ਛਾਤੀ, ਲੱਤਾਂ ਅਤੇ ਗਰਦਨ ਆਦਿ ਦੀ ਚਮੜੀ ਉੱਤੇ ਕਈ ਵੱਟ ਪੈ ਜਾਂਦੇ ਹਨ। ਇਨ੍ਹਾਂ ਵੱਟਾਂ ਕਰਕੇ ਜਲਣ ਹੋਣਾ, ਫਿਣਸੀਆਂ ਹੋਣਾ ਅਤੇ ਪਸੀਨੇ ਕਾਰਨ ਲਾਗ ਲੱਗਣਾ ਆਦਿ ਜਿਹੀਆਂ ਪ੍ਰੇਸ਼ਾਨੀਆਂ ਪੈਦਾ ਹੋ ਸਕਦੀਆਂ ਹਨ। ਗਰਮੀ ਵਾਲੇ ਦਿਨਾਂ 'ਚ ਪਸੀਨੇ ਦੀ ਬਦਬੂ ਵੀ ਆ ਸਕਦੀ ਹੈ।

ਸਰੀਰ ਉੱਪਰ ਚਰਬੀ ਇੱਕਠੀ ਹੋਣ ਦੇ ਕਈ ਕਾਰਨ ਹਨ ਜਿਵੇਂ ਜ਼ਿਆਦਾ ਖੰਡ ਅਤੇ ਚਰਬੀ ਵਾਲਾ ਭੋਜਨ ਖਾਣਾ, ਬਾਜ਼ਾਰੀ ਭੋਜਨ ਖਾਣਾ ਅਤੇ ਸਰੀਰਕ ਗਤੀਵਿਧੀ ਦੀ ਘਾਟ ਆਦਿ। ਦਿਮਾਗ਼ੀ ਤਣਾਅ ਅਤੇ ਨੀਂਦ ਦੀ ਘਾਟ ਵੀ ਮੋਟਾਪੇ ਨੂੰ ਜਨਮ ਦਿੰਦੇ ਹਨ। ਮੋਟੇ ਲੋਕਾਂ ਦੀ ਔਲਾਦ ਦੇ ਵੀ ਮੋਟੇ ਹੋਣ ਦੀ ਸੰਭਾਵਨਾ ਹੁੰਦੀ ਹੈ। ਅੱਜਕੱਲ੍ਹ ਬੱਚਿਆਂ ਦਾ ਟੀ ਵੀ ਅੱਗੇ ਜਾਂ ਮੋਬਾਈਲ ਲੈ ਕੇ ਬੈਠੇ ਰਹਿਣਾ ਵੀ ਮੋਟਾਪੇ ਨੂੰ ਜਨਮ ਦੇ ਰਿਹਾ ਹੈ। ਕੁਝ ਵਿਸ਼ੇਸ਼ ਦਵਾਈਆਂ ਵੀ ਮੋਟਾਪਾ ਪੈਦਾ ਕਰਦੀਆਂ ਹਨ।

ਸਿਹਤਯਾਬ ਜੀਵਨ ਜਿਊਣ ਲਈ ਆਲਸ ਤਿਆਗੋ: ਫਿੱਟ ਰਹਿਣ ਲਈ ਆਪਣੇ ਭੋਜਨ ਵਿੱਚ ਮੈਦੇ, ਖੰਡ ਅਤੇ ਘਿਓ ਦੀ ਮਾਤਰਾ ਨੂੰ ਘਟਾਉਣਾ ਚਾਹੀਦਾ ਹੈ। ਰੋਜ਼ਾਨਾ ਦੇ ਭੋਜਨ 'ਚ ਸਲਾਦ ਦੀ ਮਾਤਰਾ ਨੂੰ ਵਧਾਉਣਾ ਚਾਹੀਦਾ ਹੈ। ਬਾਜ਼ਾਰੀ ਜਾਂ ਡੱਬਾਬੰਦ ਭੋਜਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਘਰ ਵਿੱਚ ਤਿਆਰ ਕੀਤਾ ਭੋਜਨ ਹੀ ਖਾਧਾ ਜਾਵੇ।

(ਬਾਕੀ ਸਫ਼ਾ 27 'ਤੇ)

# ਮੈਂ ਤੇ ਉਹ

ਕੰਵਲ ਮੁਸ਼ਤਾਕ



**ਕੰਵਲ ਮੁਸ਼ਤਾਕ ਦੀਨਾਨਗਰ (ਗੁਰਦਾਸਪੁਰ) 'ਚ ਜਨਮਿਆ ਪਰ ਦੇਸ਼ ਵੰਡ ਕਾਰਨ ਉਸ ਦੇ ਜਨਮ ਦੇ ਸਾਲ ਹੀ ਪਰਿਵਾਰ ਨੂੰ ਪਾਕਿਸਤਾਨ ਜਾਣਾ ਪਿਆ। ਉਹ ਲਹਿੰਦੇ ਪੰਜਾਬ 'ਚ ਵੱਸਦਾ ਉਰਦੂ ਤੇ ਪੰਜਾਬੀ ਭਾਸ਼ਾ ਦਾ ਸਾਹਿਤਕਾਰ ਸੀ। ਪਾਕਿਸਤਾਨ ਦੀ ਪੰਜਾਬੀ ਤਨਜ਼ੀਮ ਨੂੰ ਪਰਣਾਏ ਕੰਵਲ ਮੁਸ਼ਤਾਕ ਨੇ ਨਿੱਕੀ ਕਹਾਣੀ, ਲੇਖ ਤੇ ਕਵਿਤਾਵਾਂ ਰਚੀਆਂ। ਉਸ ਦੀ ਹਥਲੀ ਕਹਾਣੀ 'ਮੈਂ ਤੇ ਉਹ' ਨੂੰ ਪੰਜਾਬੀ ਰੂਪ ਬਲਰਾਜ ਧਾਰੀਵਾਲ ਨੇ ਦਿੱਤਾ ਹੈ।**

ਸੂਰਜ ਦੀ ਲਾਲੀ ਵਿੱਚ ਸਿਆਹੀ ਪੂਰੀ ਤਰ੍ਹਾਂ ਘੁਲ ਗਈ ਸੀ। ਜਦੋਂ ਮੈਂ ਲਾਰੀ ਅੱਡੇ ਪੁੱਜਾ ਤਾਂ ਨੂਰਪੁਰ ਜਾਣ ਵਾਲੀ ਆਖ਼ਰੀ ਬੱਸ ਅੱਡਿਓਂ ਬਾਹਰ ਨਿਕਲ ਰਹੀ ਸੀ। ਕਲੀਨਰ ਅੱਡੇ 'ਤੇ ਟਾਵੀਆਂ-ਟੱਲੀਆਂ ਸਵਾਰੀਆਂ ਨੂੰ ਘਸਮੈਲੇ ਚਾਨਣ ਵਿੱਚ ਵਾਰ ਵਾਰ 'ਨੂਰਪੁਰ-ਨੂਰਪੁਰ ਚੱਲਿਆ ਜੇ' ਦੀਆਂ ਆਵਾਜ਼ਾਂ ਮਾਰ ਰਿਹਾ ਸੀ।

ਕਲੀਨਰ ਦੀਆਂ ਨਜ਼ਰਾਂ ਜਿਵੇਂ ਮੇਰੇ 'ਤੇ ਹੀ ਗੱਡੀਆਂ ਹੋਈਆਂ ਸਨ। ਉਹਨੇ ਮੇਰਾ ਹੱਥ ਹਿਲਦਾ ਤੱਕ ਕੇ ਬੂਹੇ 'ਤੇ ਦੋ ਤਿੰਨ ਥੱਪੜ ਮਾਰੇ ਤੇ ਤੁਰਦੀ ਲਾਰੀ ਤੋਂ ਛਾਲ ਮਾਰ ਦਿੱਤੀ। ਡਰਾਈਵਰ ਨੇ ਮੇਰੇ ਪੈਰਾਂ 'ਤੇ ਆ ਕੇ ਬ੍ਰੇਕ ਲਾ ਦਿੱਤੀ।

ਮੈਂ ਛੇਤੀ ਨਾਲ ਲਾਰੀ 'ਤੇ ਚੜ੍ਹ ਗਿਆ ਕਿਉਂ ਜੋ ਮੇਰੇ ਕੋਲ ਕੋਈ ਟੀਨ, ਟਰੰਕ ਤਾਂ ਦੂਰ ਦੀ ਗੱਲ ਏ, ਹੱਥ ਵਿੱਚ ਉਸ ਪਲ ਮੇਰਾ ਥੈਲਾ ਵੀ ਨਹੀਂ ਸੀ, ਜਿਹੜਾ ਮੇਰੇ ਅੰਗ-ਸੰਗ ਸੀ। ਮੇਰੇ ਵਿੱਚ ਪ੍ਰਾਹੁਣਿਆਂ ਵਾਲੀ ਕੋਈ ਗੱਲ ਨਹੀਂ ਸੀ। ਮੇਰੇ ਸਹੁਰਿਆਂ ਮੂਜਬ ਪਿੰਡਾਂ ਵਿੱਚ ਪ੍ਰਾਹੁਣਾ ਉਹਨੂੰ ਕਿਹਾ ਜਾਂਦਾ ਏ, ਜੀਹਨੇ ਆਪਣੇ ਭਾਰ ਤੋਂ ਬਹੁਤਾ ਭਾਰ ਆਪਣੇ 'ਤੇ ਲੱਦਿਆ ਹੋਵੇ ਤੇ ਆਪਣੇ ਖਲਾਰ ਤੋਂ ਬਹੁਤਾ ਖਲਾਰ ਪਾਇਆ ਹੋਵੇ। ਉਨ੍ਹਾਂ ਨੂੰ ਤੱਕ ਕੇ ਮੈਨੂੰ ਬੜੀ ਖਿਝ ਆਉਂਦੀ ਏ ਕਿਉਂ ਜੋ ਇਹ ਆਪ ਤਾਂ ਵਖ਼ਤ ਵਿੱਚ ਫਸੇ ਹੋਏ ਹੁੰਦੇ ਨੇ, ਦੂਜਿਆਂ ਨੂੰ ਵੀ ਔਕੜ ਵਿੱਚ ਫਸਾ ਦੇਂਦੇ ਨੇ। ਮੇਰੇ ਕੋਲ ਬਹੁਤਾ ਹੋਇਆ ਤਾਂ ਇੱਕ ਥੈਲਾ ਹੁੰਦਾ ਏ, ਜਿਸ ਵਿੱਚ ਇੱਕ ਅੱਧ ਕਿਤਾਬ ਜਾਂ ਰਸਾਲਾ ਹੁੰਦਾ ਏ। ਲਿਖੇ ਵਰਕੇ ਹੁੰਦੇ ਨੇ, ਪਰ ਜਾਂਦੀ ਵਾਰੀ ਉਹ ਥੈਲਾ ਵੀ ਮੈਂ ਰਾਹ ਵਿੱਚ ਹੀ ਖੋਖੇ 'ਤੇ ਭੁੱਲ ਗਿਆ ਸਾਂ, ਜਿੱਥੋਂ ਮੈਂ ਚਾਹ ਦਾ ਕੱਪ ਪੀਤਾ ਤੇ ਸਿਗਰਟਾਂ ਦੀ ਇੱਕ ਡੱਬੀ ਲਈ ਸੀ।

ਜਦੋਂ ਮੈਂ ਆਪਣੇ ਸਹੁਰੇ ਅੱਪੜਿਆ ਮੇਰੀ ਸੱਸ ਹੀ ਪਹਿਲਾਂ ਮੱਥੇ ਲੱਗੀ ਤੇ ਹੈਰਾਨ ਹੋ ਕੇ ਪੁੱਛਿਆ, "ਹਾ- ਹਾਏ ਵੇ ਕੀ ਬਾਹੀਂ ਲਮਕਾਈ ਟੁਰਿਆ ਆਉਂਦਾ ਏਂ, ਕਿਸੇ ਆਂਢ-ਗੁਆਂਢ ਨੇ ਵੇਖਿਆ ਹੋਣਾ ਏ ਤੇ ਕੀ ਸੋਚਿਆ ਹੋਣਾ ਏ ਪਈ ਪਟਵਾਰੀਆਂ ਦਾ ਜਵਾਈ-ਭਾਈ ਹੋ ਕੇ ਸੱਖਣੇ ਹੱਥ ਸਹੁਰੇ ਟੁਰਿਆ ਆਉਂਦਾ ਏ! ਨਾ ਬੀਬਾ ਸਾਨੂੰ ਤਾਂ ਬੜੀ ਨਮੋਸ਼ੀ ਆਉਂਦੀ ਏ।"

ਇਸ ਪਲ ਮੈਨੂੰ ਪਤਾ ਲੱਗਾ ਪਈ ਕਿ ਮੈਂ ਆਪਣਾ ਥੈਲਾ ਵੀ ਰਾਹ ਵਿੱਚ ਕਿਧਰੇ ਭੁੱਲ ਆਇਆ ਵਾਂ। ਮੈਂ ਉਨ੍ਹੀਂ ਪੈਰੀਂ ਮੁੜਨ ਲੱਗਾ।

"ਕਿੱਥੇ ਚੱਲੇ ਓ ?" ਮੇਰੀ ਬੀਵੀ ਵੀ ਆਪਣੀ ਮਾਂ ਦੀ ਆਵਾਜ਼ ਸੁਣ ਕੇ ਵਿਹੜੇ ਵਿੱਚ ਆ ਗਈ ਸੀ।

ਮੈਂ ਕਿਹਾ, "ਮੇਰਾ ਖ਼ਿਆਲ ਏ ਮੈਂ ਲਾਰੀ ਅੱਡੇ ਵਾਲੇ ਖੋਖੇ 'ਤੇ ਥੈਲਾ ਭੁੱਲ ਆਇਆ ਵਾਂ। ਮੈਂ ਹੁਣੇ ਲੈ ਕੇ ਆਉਂਦਾ ਵਾਂ।"

"ਰਹਿਣ ਦਿਉ, ਚੰਗਾ ਹੋਇਆ! ਉਹਦੇ ਵਿੱਚ ਕੀ ਸੀ, ਉਹੀ ਕੋਰੇ ਤੇ ਕਾਲੇ ਕਾਗਤਾਂ ਦਾ ਰੁੱਗ ਹੋਣਾ ਏ।"

"ਉਹਦੇ ਵਿੱਚ ਮੇਰੀਆਂ ਲਿਖੀਆਂ ਕਹਾਣੀਆਂ ਸਨ, ਜਿਹੜੀਆਂ ਮੈਂ ਬਹੁਤ ਔਕੜਾਂ ਨਾਲ ਲਿਖੀਆਂ ਸਨ।"

"ਇਹਦਾ ਮਤਲਬ ਇਹ ਹੋਇਆ ਪਈ ਤੁਹਾਡਾ ਦਿਮਾਗ਼ ਹਾਲੇ ਠੀਕ ਨਹੀਂ ਹੋਇਆ। ਤੁਹਾਨੂੰ ਹਾਲੇ ਵੀ ਮੇਰੇ ਨਾਲੋਂ ਝੂਠੀਆਂ ਕਹਾਣੀਆਂ ਕਿੱਸੇ ਪਿਆਰੇ ਨੇ। ਕੀ ਦੇਂਦੀਆਂ ਨੇ ਇਹ ਤੈਨੂੰ! ਪੈਸੇ ਪੈਸੇ ਦੀ ਮੁਥਾਜੀ, ਕੌਡੀ ਕੌਡੀ ਦਾ ਤਰਸ! ਇਨ੍ਹਾਂ ਕਿੱਸਿਆਂ ਨੇ ਨਾ ਤੁਹਾਨੂੰ ਆਪਣੇ ਜੋਗਾ ਰਹਿਣ ਦੇਣਾ ਏ, ਨਾ ਕਿਸੇ ਜੋਗਾ। ਬੰਦਾ ਜਿਹੜਾ ਵੀ ਕੰਮ ਕਰੇ ਉਹਨੂੰ ਵਿੱਥ 'ਤੇ ਰੱਖ ਕੇ ਕਰੇ।"

"ਨਹੀਂ ਬੰਦੇ ਨੂੰ ਉਹ ਕੰਮ ਆਪਣੇ ਲਹੂ ਮਾਸ ਵਿੱਚ ਰਚਾ ਲੈਣਾ ਚਾਹੀਦਾ ਏ।"

"ਤਦੇ ਤੁਸੀਂ ਕੋਈ ਦੂਜਾ ਕੰਮ ਨਹੀਂ ਕੀਤਾ। ਪੜ੍ਹਿਆ ਲਿਖਿਆ ਵੇਖ ਕੇ ਕੀਤਾ ਸੀ, ਮੈਂ ਤਾਂ ਤੇਰੇ ਤੋਂ ਸਗੋਂ ਗਰਕ ਹੋ ਗਈ ਆਂ। ਤੂੰ ਕਾਗਤਾਂ ਤੋਂ ਬਾਹਰ ਈ ਨਹੀਂ ਆਉਂਦਾ।"

ਮੈਂ ਜਾਣ ਗਿਆ ਸੀ ਪਈ ਉਨ੍ਹਾਂ ਦੀਆਂ ਖੋਪੜੀਆਂ ਵਿੱਚ ਦਿਮਾਗ਼ ਨਹੀਂ, ਜਿਹੜਾ ਸੋਚੇ ਤੇ ਸਮਝੇ। ਮੈਂ ਕਿੱਡਾ ਵੱਡਾ ਫ਼ਨਕਾਰ ਆਂ, ਉਸ ਨੂੰ ਇਸ ਗੱਲ ਦਾ ਨਹੀਂ ਪਤਾ। ਇਹ ਮੇਰੀ ਰੂਹ ਨੂੰ ਸਰੀਰ ਵਿੱਚ ਕੈਦ ਰੱਖਣਾ ਚਾਹੁੰਦੀ ਏ। ਮੈਂ ਬਿੱਟ ਬਿੱਟ ਕਦੇ ਆਪਣੀ ਬੀਵੀ ਵੱਲ ਤੇ ਕਦੇ ਆਪਣੀ ਸੱਸ ਵੱਲ ਤੱਕ ਰਿਹਾ ਸਾਂ ਤੇ ਕਦੇ ਆਪਣੀ ਚਹੁੰ ਵਰ੍ਹਿਆਂ ਦੀ ਧੀ ਵੱਲ, ਜਿਹੜੀ ਮੈਨੂੰ ਤੱਕ ਕੇ ਸਭ ਕੁਝ ਭੁੱਲ ਭੁਲਾ ਕੇ ਮੇਰੀਆਂ ਲੱਤਾਂ ਨਾਲ ਚਿੰਬੜ ਗਈ ਸੀ। ਇੱਕ ਸੋਚ ਦੀਆਂ ਤਿੰਨ ਪੀੜ੍ਹੀਆਂ ਮੇਰੀਆਂ ਅੱਖਾਂ ਦੇ ਸਾਹਮਣੇ ਸਨ।

ਮੈਂ ਆਪਣੇ-ਆਪ ਨੂੰ ਉਨ੍ਹਾਂ ਤੋਂ ਵੱਖ ਕਰਕੇ ਵੇਖਦਾ ਸਾਂ। ਮੈਂ ਉਨ੍ਹਾਂ ਲਈ ਕੁਝ ਵੀ ਨਹੀਂ ਸਾਂ, ਪਰ ਦੂਜਿਆਂ ਲਈ ਸਭ ਕੁਝ ਸਾਂ। ਇਸ ਲਈ ਮੈਂ ਬੜਾ ਤਾਅ ਖਾ ਕੇ ਕਿਹਾ, "ਮੈਂ ਉਨ੍ਹੀਂ ਪੈਰੀਂ ਪਰਤ ਜਾਂਦਾ ਹਾਂ।"

"ਤੈਨੂੰ ਆਪਣੀ ਪਈ ਏ ਤੇ ਸਾਨੂੰ ਸਭ ਦੀ।"

ਮੈਂ ਛੇਤੀ ਨਾਲ ਲਾਰੀ ਅੱਡੇ ਅੱਪੜਿਆ ਕਿਉਂ ਜੋ ਹਾਲੀ ਅਖ਼ੀਰਲੀ ਲਾਰੀ ਦੇ ਜਾਣ ਦਾ ਵੇਲਾ ਹੈ ਸੀ।

ਲਾਰੀ ਦੀਆਂ ਅਗਲੀਆਂ ਸਾਰੀਆਂ ਦੀਆਂ ਸਾਰੀਆਂ ਸੀਟਾਂ ਭਰੀਆਂ ਹੋਈਆਂ ਸਨ। ਇੱਕ ਅੱਧ ਸਵਾਰੀ ਨਾਲ ਬਹਿਣਾ ਮੈਨੂੰ ਚੰਗਾ ਨਹੀਂ ਸੀ ਲੱਗਦਾ। ਮੈਂ ਬੂਹੇ ਦੇ ਨਾਲ ਪਿਛਲੀ ਦੋ ਵਾਲੀ ਸੀਟ 'ਤੇ ਬਹਿ ਗਿਆ, ਜਿੱਥੇ ਕਲੀਨਰ ਬਹਿੰਦਾ ਏ, ਪਰ ਉਹ ਏਸ ਵੇਲੇ ਟਿਕਟਾਂ ਦੇ ਪੈਸੇ ਲੈ ਰਿਹਾ ਸੀ। ਨਾਲੇ ਮੈਨੂੰ ਪਤਾ ਸੀ ਬੱਧੋਵਾਲੀ ਵਾਲੀ ਪੁਲੀ 'ਤੇ ਰਾਹ ਦੀਆਂ ਸਾਰੀਆਂ ਸਵਾਰੀਆਂ ਉੱਤਰ ਜਾਣੀਆਂ ਨੇ, ਜਿਨ੍ਹਾਂ ਨੇ ਲਾਰੀ ਵਿੱਚ ਘੜਮੱਸ ਪਾਈ ਹੋਈ ਏ। ਇਸ ਲਈ ਮੈਂ ਬਾਰੀ ਵਾਲੇ ਪਾਸੇ ਹੋ ਕੇ ਬਹਿ ਗਿਆ। ਮੇਰੇ ਅੰਦਰ ਬੜੀ ਖਿੱਝ ਤੇ ਕੌੜ ਸੀ, ਜੀਹਦਾ ਮੈਂ ਸਿਗਰਟ ਫੂਕ ਕੇ ਉਪਾਅ ਕਰ ਰਿਹਾ ਸਾਂ। ਮੈਂ ਸਿੱਧਾ ਘਰ ਨੂਰਪੁਰ ਜਾ ਕੇ ਆਪਣਾ ਆਖ਼ਰੀ ਫ਼ੈਸਲਾ ਕਰਨਾ ਸੀ ਪਈ ਉਹ ਬੀਵੀ ਜਿਹੜੀ ਹਯਾਤੀ ਦਾ ਸੰਗ ਹੁੰਦੀ ਏ ਇੱਕ ਗੱਡੀ ਦੇ ਦੋ ਪਹੀਆਂ ਵਾਂਗ, ਪਰ ਉਹ ਕਿਵੇਂ ਰਾਹ ਵਿੱਚ ਨਾਲ ਟੁਰਨ ਤੋਂ ਮੁਨਕਰ ਹੋ ਗਈ। ਇੰਝ ਮੇਰਾ ਹਯਾਤੀ ਦਾ ਪੈਂਡਾ ਖਰਾ ਨਹੀਂ, ਖੋਟਾ ਕਰ ਰਹੀ ਏ। ਇਸ ਲਈ ਮੈਨੂੰ ਇਸ ਤੋਂ ਵੱਖ ਹੋ ਜਾਣਾ ਚਾਹੀਦਾ ਏ। ਖ਼ੈਰ, ਮੈਂ ਸੋਚਿਆ ਕਿ ਰਾਹ ਵਿੱਚ ਨਵੇਂ ਪਿੰਡ ਉਤਰ ਕੇ ਅੱਜ ਦੀ ਰਾਤ ਮਾਸਟਰ ਨਿਆਜ਼ ਕੋਲ ਹੀ ਕੱਟਾਂਗਾ। ਰਾਤ ਨੂੰ ਗੱਪਾਂ ਮਾਰਾਂਗੇ। ਉਹਦੇ ਕੋਲੋਂ ਨਵੇਂ ਸ਼ਿਅਰ ਸੁਣਾਂਗਾ। ਕਹਾਣੀਆਂ ਵੀ ਵਾਹਵਾ ਲਿਖਦਾ ਏ, ਪਰ ਕਹਿੰਦਾ ਏ, "ਜਦੋਂ ਦੀਆਂ ਮੈਂ ਤੇਰੀਆਂ ਲਿਖਤਾਂ ਪੜ੍ਹਨ ਲੱਗਾ ਆਂ, ਮੈਂ ਕਹਾਣੀਆਂ ਲਿਖਣੀਆਂ ਬੰਦ ਕਰ ਦਿੱਤੀਆਂ ਨੇ। ਉਹ ਇਸ ਲਈ ਪਈ ਤੈਨੂੰ ਕਹਾਣੀ ਬੁਣਨ ਦਾ ਵੱਲ ਵੀ ਆਉਂਦਾ ਏ ਤੇ ਗੱਲ ਕਰਨ ਦਾ ਚੱਜ ਵੀ।" ਕਿੱਡਾ ਵੱਡਾ ਨਾਂਅ ਏ ਮਾਸਟਰ ਨਿਆਜ਼ ਦਾ, ਪਰ ਮੈਨੂੰ ਉਹ ਬੜਾ ਵਡਿਆਉਂਦਾ ਏ। 'ਕੁਝ ਚਿਰ ਬਾਅਦ ਆਪਣੇ ਕਾਲਜ ਵਿੱਚ ਪ੍ਰੋਫ਼ੈਸਰ ਲੱਗ ਜਾਣਾ ਏ। ਬਸ ਕਿਸੇ ਕਾਲਜ ਵਿੱਚ ਪੰਜਾਬੀ ਦੀਆਂ ਸੀਟਾਂ ਨਿਕਲਣ ਦੀ ਦੇਰ ਏ,' ਹਾਲੇ ਮੈਂ ਇਹ ਸੋਚ ਹੀ ਰਿਹਾ ਸਾਂ ਕਿ ਕਲੀਨਰ ਮੇਰੇ ਸਿਰ 'ਤੇ ਆਣ ਖਲੋਤਾ ਤੇ ਕਿਹਾ, "ਜੀ ਕਿੱਥੇ ਜਾਣਾ ?"

"ਨਵੇਂ ਪਿੰਡ।"

ਮੈਂ ਉਹਨੂੰ ਪੰਜਾਹ ਦਾ ਨੋਟ ਫੜਾਇਆ। ਉਹਨੇ ਰੁਪਏ ਹੱਥੋਂ ਤੇ ਅਠਿਆਨੀ ਕੁੜਤੇ ਦੇ ਥੱਲਿਓਂ ਸਲੂਕੇ ਦੇ ਬੋਝੇ ਵਿੱਚੋਂ ਕੱਢ ਕੇ ਫੜਾਈ। ਮੈਂ ਤਾਕੀ ਥਾਣੀ ਬਾਹਰ ਵੱਲ ਵੇਖਿਆ, ਸਾਹਮਣੇ ਬੱਧੋਵਾਲੀ ਪੁਲੀ ਨਜ਼ਰੀਂ ਪਈ, ਜਿਸ 'ਤੇ ਕੋਈ ਤਿੰਨ ਔਰਤਾਂ ਕੋਈ ਸੱਤ ਕੁ ਬਾਲ ਲੈ ਕੇ ਖਲੋਤੀਆਂ ਹੋਈਆਂ ਸਨ। ਉਨ੍ਹਾਂ ਨਾਲ ਇੱਕ ਬੁੱਢਾ ਠੇਰਾ ਬਾਬਾ ਸੀ। ਉਨ੍ਹਾਂ ਸਾਰਿਆਂ ਦੇ ਪਿੱਛੇ ਇੱਕ ਮੇਰੇ ਜਿਹਾ ਕੱਦ ਤੇ ਮੇਰੀ ਜਿੰਨੀ ਉਮਰ ਦਾ ਬੰਦਾ ਖਲੋਤਾ ਸੀ। ਉਸ ਦੇ ਹੱਥ ਵਿੱਚ ਥੈਲਾ ਸੀ, ਬਿਲਕੁਲ ਮੇਰੇ ਥੈਲੇ ਵਰਗਾ। ਬੱਸ ਪੁਲੀ 'ਤੇ ਖਲੋ ਗਈ। ਮੈਂ ਸੀਟ 'ਤੇ ਬੈਠਾ ਜੱਕੋ-ਤੱਕੀ ਵਿੱਚ ਸਾਂ ਪਈ ਆਵਾਜ਼ ਮਾਰਾਂ ਕਿ ਉਹ ਥੈਲਾ ਤਾਂ ਮੇਰਾ ਏ।

ਮੈਂ ਤੱਕਿਆ ਪਈ ਉਹ ਵੀ ਲਾਰੀ ਵਿੱਚ ਚੜ੍ਹਨਾ ਚਾਹੁੰਦਾ ਏ। ਇਹ ਵੇਖ ਕੇ ਮੈਂ ਖਾਲੀ ਸੀਟ 'ਤੇ ਹੱਥ ਰੱਖ ਦਿੱਤਾ ਪਈ ਕਿਧਰੇ ਹੋਰ ਹੀ ਕੋਈ ਨਾ ਆ ਕੇ ਬਹਿ ਜਾਵੇ। ਸਵਾਰੀਆਂ ਦੇ ਉਤਰਨ ਤੇ ਚੜ੍ਹਨ ਤੋਂ ਬਾਅਦ ਉਹ ਬੜੇ ਆਰਾਮ ਨਾਲ ਲਾਰੀ 'ਤੇ ਚੜ੍ਹਿਆ। ਉਹਨੇ ਬਹਿਣ ਲਈ ਏਧਰ ਉਧਰ ਤੱਕਿਆ ਪਰ ਮੈਂ ਉਹਨੂੰ ਆਪਣੇ ਨਾਲ ਬਹਿਣ ਲਈ ਇਸ਼ਾਰਾ ਕੀਤਾ।

ਉਹ ਹੱਸਦਾ ਹੋਇਆ ਮੇਰੇ ਨਾਲ ਬਹਿ ਗਿਆ। ਮੈਂ ਅੱਖ ਬਚਾ ਕੇ ਵਾਰ-ਵਾਰ ਥੈਲੇ ਨੂੰ ਵੇਖ ਰਿਹਾ ਸਾਂ। ਕੋਈ ਨਿਸ਼ਾਨੀ ਕੋਈ ਨਿਸ਼ਾਨ ਨਜ਼ਰ ਆਵੇ ਤੇ ਮੈਂ ਉਹਨੂੰ ਫੜਾਂ। ਮੇਰਾ ਥੈਲਾ ਵੀ ਕਰੋਸ਼ੀਏ ਨਾਲ ਕੱਢਿਆ ਹੋਇਆ ਸੀ। ਉਸ ਉੱਤੇ ਜਿਹੜੀਆਂ ਫੁੱਲ ਪੱਤੀਆਂ ਤੇ ਜਿਹੜੇ ਰੰਗ ਦੀਆਂ ਵੇਲਾਂ ਡੱਬੀਆਂ ਬਣੀਆਂ ਹੋਈਆਂ ਸਨ, ਉਹੋ ਸਾਰਾ ਕੁਝ ਇਹਦੇ ਉੱਤੇ ਵੀ ਸੀ, ਪਰ ਉਹਦਾ ਥੈਲਾ ਮੇਰੇ ਥੈਲੇ ਤੋਂ ਸਾਫ਼ ਸੁਥਰਾ ਸੀ ਯਾਨੀ ਮੇਰਾ ਥੈਲਾ ਕੁਝ ਮੈਲਾ ਜਿਹਾ ਸੀ। ਦੋ ਢਾਈ ਘੰਟੇ ਵਿੱਚ ਉਹ ਧੋ ਕੇ ਸੁਕਾਇਆ ਨਹੀਂ ਜਾ ਸਕਦਾ। ਹਾੜ੍ਹ ਜੇਠ ਹੁੰਦਾ ਤਾਂ ਵੱਖਰੀ ਗੱਲ ਸੀ, ਇਹ ਤਾਂ ਫੱਗਣ ਦਾ ਮਹੀਨਾ ਏ।

ਮੈਂ ਉਸ ਨਾਲ ਗੱਲ ਟੋਰਨ ਲਈ ਪੁੱਛਿਆ, "ਕੀ ਤੁਸੀਂ ਸ਼ਾਦੀਵਾਲ ਦੇ ਓ ?"

"ਦਫ਼ਾ ਕਰੋ ਜੀ, ਇਸ ਪਿੰਡ ਨੂੰ," ਉਸ ਨੇ ਖਿਝ ਕੇ ਜਵਾਬ ਦਿੱਤਾ, "ਇਹਦੇ ਬੰਦਿਆਂ ਦਾ ਖ਼ੂਨ ਬੜਾ ਚਿੱਟਾ ਏ। ਬੁੱਢੀਆਂ ਦੇ ਨੱਕ ਦੇ ਠੂੰਹੇ ਈ ਨਹੀਂ ਮਾਣ। ਮੈਂ ਤਾਂ ਭੁੱਲ ਗਿਆ ਇੱਥੇ ਸਹੁਰੇ ਬਣਾ ਕੇ।"

"ਸੱਚਮੁੱਚ ਤੁਸੀਂ ਇਸ ਪਿੰਡ ਦੇ ਨਹੀਂ ?"

"ਨਹੀਂ ਨਹੀਂ।"

"ਕਿੱਥੋਂ ਦੇ ਓ ?"

"ਨੂਰਪੁਰ ਦੇ।"

"ਉੱਥੇ ਕਿੱਥੇ ਕਰਕੇ ਰਹਿੰਦੇ ਓ ?"

"ਕੱਟੜੀ ਨੱਥੇ ਸ਼ਾਹ।"

"ਕੱਟੜੀ ਨੱਥੇ ਸ਼ਾਹ ?"

ਮੈਂ ਉਹਨੂੰ ਹੈਰਾਨੀ ਨਾਲ ਵੇਖਿਆ ਪਈ ਉਹ ਕੁਫ਼ਰ ਬਕ ਰਿਹਾ ਏ। ਪਹਿਲਾਂ ਤੇ ਉਹਨੇ ਨੂਰਪੁਰ ਦਾ ਕਹਿ ਕੇ ਮੈਨੂੰ ਹੈਰਾਨ ਕਰ ਦਿੱਤਾ ਕਿਉਂ ਜੋ ਮੈਂ ਨੂਰਪੁਰ ਦੇ ਸਾਰਿਆਂ ਬੰਦਿਆਂ ਨੂੰ ਜਾਣਦਾ ਹਾਂ ਤੇ ਨੂਰਪੁਰ ਦੇ ਸਾਰੇ ਮੈਨੂੰ ਜਾਣਦੇ ਨੇ ਪਰ ਸ਼ਾਇਦ ਇਹੋ ਹੀ ਅਜਿਹਾ ਬੰਦਾ ਹੋਵੇ ਜੀਹਨੂੰ ਆਪਣੇ ਤੋਂ ਵੱਖ ਕਿਸੇ ਦਾ ਪਤਾ ਹੀ ਨਾ ਹੋਵੇ ਪਰ ਜਦੋਂ ਉਹਨੇ ਕੱਟੜੀ ਨੱਥੇ ਸ਼ਾਹ ਦਾ ਨਾਂਅ ਲਿਆ ਤੇ ਮੈਨੂੰ ਸੱਪ ਜਿਹਾ ਸੁੰਘ ਗਿਆ ਕਿਉਂ ਜੋ ਕੱਟੜੀ ਨੱਥੇ ਸ਼ਾਹ 'ਤੇ ਮੈਂ ਆਪ ਰਹਿੰਦਾ ਵਾਂ। ਅਸੀਂ ਉੱਥੋਂ ਦੇ ਜੱਦੀ ਪੁਸ਼ਤੀ ਹਾਂ, ਕੋਈ ਪਨਾਹਗੀਰ ਨਹੀਂ। ਕੋਈ ਮੈਨੂੰ ਮੇਰੇ ਪਿਉ ਦੇ ਹਵਾਲੇ ਨਾਲ ਤੇ ਕੋਈ ਦਾਦੇ ਵੱਲੋਂ ਜਾਣਦਾ ਏ। ਸੋਚਿਆ, ਇਹ ਕਿਸ ਨੱਥੇ ਸ਼ਾਹ ਦੀ ਕੱਟੜੀ ਦਾ ਰਹਿਣ ਵਾਲਾ ਏ ? ਸ਼ਾਇਦ ਨਵਾਂ ਆਇਆ ਹੋਵੇ ਕਿਉਂ ਜੋ ਜਦ ਦਾ ਇਹ ਪਿੰਡ ਘਾਟ ਮੰਡੀ ਬਸਤੀ ਬਣ ਗਿਆ ਏ ਤਰ੍ਹਾਂ ਤਰ੍ਹਾਂ ਦੀਆਂ ਜਿਣਸਾਂ ਵਾਂਗ ਤਰ੍ਹਾਂ ਤਰ੍ਹਾਂ ਦੇ ਲੋਕ ਵੀ ਆ ਵੱਸੇ ਨੇ। ਹੁਣ ਤਾਂ ਇਹਦਾ ਖਲਾਰ ਬਹੁਤ ਹੋ ਗਿਆ ਏ। ਇਸ ਲਈ ਓਪਰੇ ਤੇ ਆਪਣੇ ਦੀ ਸਿਆਣ ਖੁੱਸ ਗਈ ਏ।

"ਕੀ ਤੁਸੀਂ ਇੱਥੇ ਨਵੇਂ ਆਏ ਓ ?"

"ਨਹੀਂ ਜੀ, ਅਸੀਂ ਤਾਂ ਜੱਦੀ ਪੁਸ਼ਤੀ ਇੱਥੋਂ ਦੇ ਰਹਿਣ ਵਾਲੇ ਆਂ।"

"ਤੁਹਾਡਾ ਨਾਂ ?"

"ਅਸਲਮ ਨੂਰਪੁਰਾ।"

"ਕੀ ਕਰਦੇ ਜੇ ?"

"ਮੈਂ ਪੰਜਾਬੀ ਦਾ ਲਿਖਾਰੀ ਆਂ।"

"ਕੀ ਲਿਖਦੇ ਜੇ ?"

"ਕਹਾਣੀਆਂ...।"

ਮੈਨੂੰ ਤੇ ਇੰਝ ਲੱਗਾ ਉਹ ਬੰਦਾ ਮੇਰਾ ਪੂਰੀ ਤਰ੍ਹਾਂ ਜਾਣੂ ਏ ਤੇ ਮੇਰਾ ਮੌਜੂ ਬਣਾ ਰਿਹਾ ਏ। ਇਸ ਲਈ ਮੈਂ ਵੀ ਉਹਦਾ ਗੁੱਡਾ ਬੰਨ੍ਹਣ ਲਈ ਪੁੱਛਿਆ, "ਅੱਜਕੱਲ੍ਹ ਕੀ ਲਿਖਿਆ ਜਾ ਰਿਹਾ ਏ ?"

"ਕੁਝ ਸੁੱਝਦਾ ਹੀ ਨਹੀਂ। ਅੱਜਕੱਲ੍ਹ ਮੈਂ ਕਹਾਣੀ ਲਿਖਣ ਦੀ ਬਜਾਏ ਖ਼ੁਦ ਕਹਾਣੀ ਬਣ ਰਿਹਾ ਵਾਂ ਜਾਂ ਕਹਾਣੀ ਮੈਨੂੰ ਲਿਖਣਾ ਚਾਹੁੰਦੀ ਏ।"

ਉਹਦਾ ਇਹ ਆਖਣਾ ਇੰਝ ਦਾ ਸੀ ਪਈ ਉਹ ਤਾਂ ਜਿਵੇਂ ਮੇਰੇ ਅੰਦਰ ਬੈਠਾ ਹੋਇਆ ਏ। ਮੈਂ ਉਹਨੂੰ ਫੇਰ ਪੁੱਛਿਆ, "ਤੁਸੀਂ ਕਹਾਣੀ ਲਿਖਣ 'ਤੇ ਯਕੀਨ ਰੱਖਦੇ ਓ ਕਿ ਕਹਾਣੀ ਬਣਨ 'ਤੇ ?"

ਉਹਨੇ ਕਿਹਾ, "ਕਹਾਣੀ ਲਿਖਣ ਵਾਲਾ ਕਹਾਣੀ ਨਹੀਂ ਬਣਦਾ। ਲਿਖਣਾ ਕਿਸੇ ਦੀ ਜ਼ਾਤ ਦਾ ਪਹਿਰਾ ਦੇਣ ਵਰਗਾ ਹੁੰਦਾ ਏ। ਪਹਿਰਾ ਦੇਣਾ ਚਾਕਰੀ ਏ। ਚਾਕਰ ਕਦੇ ਮਾਲਕ ਨਹੀਂ ਬਣਦਾ।"

ਏਨੇ ਚਿਰ ਵਿੱਚ ਨਵੇਂ ਪਿੰਡ ਦੀਆਂ ਬੱਤੀਆਂ ਰੁੱਖਾਂ ਦੇ ਓਹਲੇ ਹਨੇਰੇ ਵਿੱਚ ਜੁਗਨੂੰ ਵਾਂਗ ਚਮਕਣ ਲੱਗ ਪਈਆਂ। ਲਾਰੀ ਅੱਡੇ ਅੱਪੜ ਕੇ ਮੈਂ ਉਸ ਨਾਲ ਗੱਲ ਕੀਤੇ ਬਿਨਾਂ ਹੀ ਲਾਰੀ ਤੋਂ ਲਹਿ ਆਇਆ। ਲਾਰੀ ਅੱਗੇ ਟੁਰ ਗਈ। ਮੈਂ ਹਨੇਰੇ ਵਿੱਚ ਖਲੋਤਾ ਰਹਿ ਗਿਆ।

ਬੋਝੇ ਵਿਚੋਂ ਸਿਗਰਟ ਕੱਢ ਕੇ ਬੁੱਲ੍ਹਾਂ ਵਿੱਚ ਰੱਖ ਕੇ ਜਲਾਉਣ ਲਈ ਤੀਲੀ ਡੱਬੀ ਵਿੱਚੋਂ ਕੱਢੀ ਤੇ ਹਾਲੇ ਮਸਾਲੇ 'ਤੇ ਰਗੜਨ ਈ ਲੱਗਾ ਸਾਂ ਪਈ ਹੱਥਾਂ ਦੇ ਕੋਲ ਵਿੱਚ ਇੱਕ ਬਲਦੀ ਤੀਲੀ ਮੇਰੇ ਮੋਢਿਆਂ ਤੋਂ ਵਲਾ ਕੇ ਮੇਰੇ ਮੂੰਹ ਕੋਲ ਅੱਪੜੀ, ਮੈਂ ਸਿਗਰਟ ਲਾਈ ਤੇ ਮੂੰਹ ਭੁਆ ਕੇ ਤੱਕਿਆ। ਮੇਰੇ ਸਾਹਮਣੇ ਇੱਕ ਵਾਰ ਫੇਰ ਉਹ ਖਲੋਤਾ ਸੀ।

"ਤੂੰ ?" ਮੇਰੇ ਮੂੰਹੋਂ ਬਸ ਏਨਾ ਈ ਨਿਕਲਿਆ।

"ਆਹੋ," ਉਹਨੇ ਲਾਪ੍ਰਵਾਹੀ ਜਿਹੀ ਵਿਖਾਈ।

"ਪਰ ਤੂੰ ਤੇ ਨੂਰਪੁਰ ਜਾਣਾ ਸੀ ?"

"ਪਰ ਨਵੇਂ ਪਿੰਡ ਮੇਰਾ ਇੱਕ ਦੋਸਤ ਏ। ਰਾਤ ਉਹਦੇ ਕੋਲ ਟਿਕਾਂਗਾ। ਸਵੇਰੇ ਉੱਠ ਕੇ ਜਾਵਾਂਗਾ।"

"ਅੱਛਾ, ਜਾ ਫੇਰ," ਮੈਂ ਕਿਹਾ ਤੇ ਉਹ ਮਾਸਟਰ ਨਿਆਜ਼ ਦੇ ਘਰ ਜਾਣ ਵਾਲੀ ਰਾਹ 'ਤੇ ਟੁਰ ਪਿਆ।

ਸੜਕ ਪਾਰ ਕਰਕੇ ਮੈਂ ਫਿਰ ਆਪਣੇ ਸਹੁਰੇ ਘਰ ਸ਼ਾਦੀਵਾਲ ਜਾਣ ਵਾਲੀ ਬੱਸ ਦੀ ਉਡੀਕ ਵਿੱਚ ਖਲੋ ਗਿਆ, ਇਹ ਜਾਣਦਿਆਂ ਹੋਇਆਂ ਪਈ ਅਖ਼ੀਰੀ ਬਸ ਵੀ ਚਲੀ ਗਈ ਏ। ਮੈਂ ਤਾਂ ਸਵੇਰੇ ਪਹਿਲੀ ਬੱਸ ਵਿੱਚ ਜਾਣ ਲਈ ਖਲੋ ਗਿਆ ਵਾਂ; ਕਿਉਂ ਜੋ ਮੈਂ ਜਾਣ ਗਿਆ ਵਾਂ ਕਿ ਕਹਾਣੀ ਬਣਨ ਤੋਂ ਕਹਾਣੀ ਲਿਖਣਾ ਮੁਸ਼ਕਿਲ ਏ।

## ਸਾਂਝ

ਮਿੰਨੀ ਕਹਾਣੀ

ਰਵਨਜੋਤ ਕੌਰ ਸਿੱਧੂ

ਪਿੰਡ ਦੀ ਫ਼ਸੀਲ ਤੋਂ ਬਾਹਰ ਲੱਗਿਆ ਪੁਰਾਣਾ ਬੋਹੜ ਪਿਛਲੇ ਪੰਜ ਦਹਾਕਿਆਂ ਤੋਂ ਅਡੋਲ ਖੜ੍ਹਾ ਸੀ। ਉਸ ਦੀ ਸੰਘਣੀ ਛਾਂ ਹੇਠ ਬੈਠੇ ਸਨ ਦੋ ਦੋਸਤ ਬੇਅੰਤ ਸਿੰਘ ਅਤੇ ਗੁਰਨਾਮ ਸਿੰਘ, ਜਿਨ੍ਹਾਂ ਦੀ ਦੋਸਤੀ ਨਾ ਸਿਰਫ਼ ਇਨ੍ਹਾਂ ਦੇ ਪਰਿਵਾਰਾਂ ਸਗੋਂ ਸਾਰੇ ਪਿੰਡ ਲਈ ਇੱਕ ਮਿਸਾਲ ਸੀ। ਇਸ ਦੋਸਤੀ ਦੀ ਚਮਕ ਨੂੰ ਕਦੇ ਵੀ ਸਮੇਂ ਦੀ ਧੂੜ ਫਿੱਕੀ ਨਹੀਂ ਪਾ ਕਰ ਸਕੀ। ਸਾਰਾ ਪਿੰਡ ਇਨ੍ਹਾਂ ਨੂੰ ਦੋ ਜਿਸਮ ਇੱਕ ਜਾਨ ਮੰਨਦਾ ਸੀ।

ਦੋਵੇਂ ਬਚਪਨ ਵਿੱਚ ਇਕੱਠੇ ਖੇਡੇ ਸਨ ਤੇ ਇਕੱਠਿਆਂ ਹੀ ਦੋਵਾਂ ਦੀਆਂ ਮੁੱਛਾਂ ਵੀ ਫੁੱਟਣੀਆਂ ਸ਼ੁਰੂ ਹੋਈਆਂ। ਇੱਕ ਨੂੰ ਲੜਖੜਾਉਂਦਾ ਵੇਖ ਝੱਟ ਦੂਸਰਾ ਮਦਦ ਲਈ ਬਹੁੜਦਾ ਸੀ।

ਭਰ ਜਵਾਨੀ ਵਿੱਚ ਦੋਵਾਂ ਨੇ ਦਿਨ-ਰਾਤ ਮਿਹਨਤ ਕੀਤੀ। ਹਰ ਸੁੱਖ-ਦੁੱਖ ਇਕੱਠਿਆਂ ਹੰਢਾਇਆ ਤੇ ਆਪਣੇ ਪਰਿਵਾਰਾਂ ਦੀ ਹਰ ਖ਼ੁਸ਼ੀ ਸਾਂਝੀ ਕੀਤੀ। ਦੋਵਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਬਹੁਤ ਛੇਤੀ ਉੱਠ ਗਿਆ ਸੀ। ਸ਼ਾਇਦ ਇਹੀ ਕਾਰਨ ਸੀ ਕਿ ਦੋਵੇਂ ਆਪਣੀ ਉਮਰ ਤੋਂ ਪਹਿਲਾਂ ਹੀ ਜ਼ਿੰਦਗੀ ਦੀ ਗੰਭੀਰਤਾ ਨੂੰ ਸਮਝਣ ਦੇ ਸਮਰੱਥ ਵੀ ਹੋ ਗਏ ਸਨ। ਜਦੋਂ ਬੇਅੰਤ ਦੀ ਭੈਣ ਜੀਤੋ ਦਾ ਵਿਆਹ ਪੱਕਾ ਕੀਤਾ ਗਿਆ ਤਾਂ ਉਸ ਸਾਲ ਫ਼ਸਲ ਕੁਝ ਖ਼ਾਸ ਨਾ ਹੋ ਸਕੀ। ਸਿਰ 'ਤੇ ਖੜ੍ਹਾ ਖਰਚ ਬੇਅੰਤ ਨੂੰ ਸਤਾ ਰਿਹਾ ਸੀ। ਆਪਣੇ ਦੋਸਤ ਦੀ ਚਿੰਤਾ ਨੂੰ ਸਮਝਦਿਆਂ ਗੁਰਨਾਮ ਨੇ ਬੇਅੰਤ ਨੂੰ ਦੱਸੇ ਬਿਨਾਂ ਹੀ ਆਪਣੀ ਜ਼ਮੀਨ ਗਹਿਣੇ ਧਰ ਦਿੱਤੀ ਤੇ ਰਕਮ ਲਿਆ ਕੇ ਬੇਅੰਤ ਦੇ ਹੱਥ ਵਿੱਚ ਫੜਾਉਂਦਿਆਂ ਉਸ ਸਿਰਫ਼ ਇਹੀ ਆਖਿਆ, "ਜੀਤੋ ਸਿਰਫ਼ ਤੇਰੀ ਹੀ ਨਹੀਂ, ਮੇਰੀ ਵੀ ਭੈਣ ਹੈ।" ਦੋਵਾਂ ਨੇ ਸਕੇ ਭਰਾਵਾਂ ਵਾਂਗ ਜੀਤੋ ਦੇ ਵਿਆਹ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ।

ਸਮਾਂ ਆਪਣੀ ਰਫ਼ਤਾਰ ਤੁਰਦਾ ਗਿਆ। ਬੇਅੰਤ ਤੇ ਗੁਰਨਾਮ ਦਾ ਪਰਿਵਾਰ ਵੀ ਵਧਿਆ। ਬੇਅੰਤ ਦਾ ਮੁੰਡਾ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਬੇਅੰਤ ਖ਼ੁਦ ਖੇਤੀਬਾੜੀ ਦਾ ਥੋੜ੍ਹਾ ਬਹੁਤ ਕੰਮ ਵੇਖ ਛੱਡਦਾ। ਉੱਧਰ ਗੁਰਨਾਮ ਦੇ ਮੁੰਡੇ ਨੇ ਜ਼ਮੀਨ ਵੇਚ ਕੇ ਸ਼ਹਿਰ ਵਿੱਚ ਕਾਰੋਬਾਰ ਖੋਲ੍ਹ ਲਿਆ, ਪਰ ਉਸ ਨੂੰ ਵੱਡਾ ਘਾਟਾ ਝੱਲਣਾ ਪਿਆ ਤੇ ਸਿਰ ਚੜ੍ਹੇ ਕਰਜ਼ੇ ਲਾਹੁਣ ਲਈ ਉਸ ਨੂੰ ਆਪਣਾ ਕਾਰੋਬਾਰ ਬੰਦ ਕਰਨਾ ਪਿਆ। ਹਾਲੇ ਵੀ ਇੱਕ ਵੱਡੀ ਰਕਮ ਉਸ ਦੇ ਸਿਰ ਖੜ੍ਹੀ ਸੀ। ਪੁੱਤਰ ਦਾ ਪਿੱਛਾ ਕਰਦੇ ਹੋਏ ਕਰਜ਼ਦਾਰ ਪਿੰਡ ਉਸ ਦੇ ਘਰ ਤੱਕ ਪੁੱਜ ਗਏ ਤੇ ਉਨ੍ਹਾਂ ਗੁਰਨਾਮ ਨੂੰ ਵੀ ਬੇਇੱਜ਼ਤ ਕੀਤਾ। ਇਸ ਘਟਨਾ ਤੋਂ ਬਾਅਦ ਗੁਰਨਾਮ ਕਾਫ਼ੀ ਚੁੱਪ ਚੁੱਪ ਰਹਿਣ ਲੱਗ ਪਿਆ ਸੀ। ਪੁੱਤਰ ਦੀ ਪ੍ਰੇਸ਼ਾਨੀ ਉਸ ਨੂੰ ਤੰਗ ਕਰ ਹੀ ਰਹੀ ਸੀ, ਪਰ ਉਹ ਕੁਝ ਨਹੀਂ ਸੀ ਕਰ ਪਾ ਰਿਹਾ। ਉਹ ਬੱਸ ਨਿੰਮੋਝੂਣਾ ਹੋਇਆ ਆਪਣੇ ਘਰ ਵਿੱਚ ਉਦਾਸ ਬੈਠਾ ਰਹਿੰਦਾ। ਬੇਅੰਤ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਸ ਗੁਰਨਾਮ ਕੋਲ ਰੋਜ਼ ਗੇੜਾ ਮਾਰਨਾ ਸ਼ੁਰੂ ਕਰ ਦਿੱਤਾ। ਉਹ ਜਾਣਦਾ ਸੀ ਕਿ ਗੁਰਨਾਮ ਨੂੰ ਇਸ ਵੇਲੇ ਉਸ ਦੀ ਲੋੜ ਹੈ।

ਗੁਰਨਾਮ ਦੀ ਪ੍ਰੇਸ਼ਾਨੀ ਬਾਰੇ ਸੋਚਦਿਆਂ ਬੇਅੰਤ ਨੇ ਆਪਣੇ ਪੁੱਤਰ ਨਾਲ ਸਲਾਹ ਕੀਤੀ ਤੇ ਆਪਣੀ ਜ਼ਮੀਨ ਗਹਿਣੇ ਧਰ ਕੇ ਰਕਮ ਗੁਰਨਾਮ ਨੂੰ ਦੇਣ ਤੁਰ ਪਿਆ। ਗੁਰਨਾਮ ਦੀਆਂ ਅੱਖਾਂ ਵਿੱਚ ਹੰਝੂ ਸਨ, ਉਹ ਵਾਰ ਵਾਰ ਬੇਅੰਤ ਨੂੰ ਆਖ ਰਿਹਾ ਸੀ ਕਿ ਉਹ ਇਹ ਰਕਮ ਨਹੀਂ ਲੈ ਸਕਦਾ। ਅਜਿਹਾ ਕਰਕੇ ਉਹ ਆਪਣੇ ਮਿੱਤਰ 'ਤੇ ਮੁਸੀਬਤਾਂ ਦਾ ਪਹਾੜ ਨਹੀਂ ਡੇਗ ਸਕਦਾ, ਪਰ ਬੇਅੰਤ ਆਪਣੇ ਇਰਾਦੇ ਦਾ ਪੱਕਾ ਸੀ। ਉਸ ਅਖੀਰ ਗੁਰਨਾਮ ਨੂੰ ਮਨਾ ਲਿਆ ਤੇ ਉਸ ਦੇ ਹੱਥੋਂ ਕਰਜ਼ਦਾਰਾਂ ਦਾ ਸਾਰਾ ਭਾਰ ਲ੍ਹਾ ਦਿੱਤਾ। ਗੁਰਨਾਮ ਜਾਣਦਾ ਸੀ ਕਿ ਸ਼ਾਇਦ ਉਹ ਇਹ ਕਰਜ਼ਾ ਜ਼ਿੰਦਗੀ ਭਰ ਨਾ ਲਾਹ ਸਕੇਗਾ, ਪਰ ਬੇਅੰਤ ਨੂੰ ਇਸ ਦੀ ਉੱਕਾ ਹੀ ਕੋਈ ਫ਼ਿਕਰ ਨਹੀਂ ਸੀ ਕਿਉਂਕਿ ਉਸ ਨੇ ਇਹ ਰਕਮ ਉਧਾਰ ਨਹੀਂ, ਸਗੋਂ ਆਪਣੇ ਭਰਾ ਦੀ ਲੋੜ ਪੂਰੀ ਕਰਨ ਲਈ ਸਦਾ ਲਈ ਦਿੱਤੀ ਸੀ ਲੋੜ ਵੇਲੇ ਸਾਥ ਨਿਭਾਅ ਕੇ ਦੋਵਾਂ ਨੇ ਹੀ ਆਪਣੀ ਆਪਣੀ ਥਾਂ ਮਿੱਤਰਤਾ ਦੇ ਇਸ ਪਵਿੱਤਰ ਰਿਸ਼ਤੇ ਦੀ ਨੀਂਹ ਹੋਰ ਮਜ਼ਬੂਤ ਕੀਤੀ ਸੀ। ਅੱਜ ਇਸ ਗੱਲ ਨੂੰ ਵੀਹ ਸਾਲ ਬੀਤ ਗਏ ਹਨ। ਸਮੇਂ ਦੇ ਗੇੜ ਨਾਲ ਕੀਤੀ ਨਿਰੰਤਰ ਮਿਹਨਤ ਸਦਕਾ ਦੋਵਾਂ ਦੇ ਪਰਿਵਾਰ ਮੁੜ ਖ਼ੁਸ਼ਹਾਲੀ ਵਿੱਚ ਜੀਅ ਰਹੇ ਹਨ ਅਤੇ ਆਪਣੇ ਹੱਥੀਂ ਲਾਏ ਬੋਹੜ ਦੀ ਛਾਵੇਂ ਗੁਰਨਾਮ ਤੇ ਬੇਅੰਤ ਆਪਣੀ ਜ਼ਿੰਦਗੀ ਦੇ ਇਸ ਸਭ ਤੋਂ ਮਜ਼ਬੂਤ ਰਿਸ਼ਤੇ ਦਾ ਨਿੱਘ ਮਾਣਦੇ ਹੋਏ ਬੁਢਾਪੇ ਦਾ ਆਨੰਦ ਮਾਣ ਰਹੇ ਹਨ। ਦੋਵਾਂ ਦੀਆਂ ਅੱਖਾਂ ਵਿੱਚ ਇੱਕ ਚਮਕ ਹੈ, ਜੋ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਆਪਣਾ ਮਤਲਬ ਕੱਢਣ ਵਾਲੀ ਇਸ ਦੁਨੀਆ ਵਿੱਚ ਬਿਨਾਂ ਸਵਾਰਥ ਇੱਕ ਦੂਜੇ ਦਾ ਭਲਾ ਕਰਨ ਵਾਲੇ ਵੀ ਵਸਦੇ ਹਨ।

# ਕਾਵਿ ਸੰਸਾਰ

## ਲੀਡਰ ਬਨਾਮ ਚੋਣਾਂ

**ਮਾ. ਨਰੰਜਨ ਸਿੰਘ**

ਅਗਲੇ ਸਾਲ ਵਿਧਾਨ ਸਭਾ ਦੀ ਚੋਣ ਹੈ ਹੋਣੀ
ਲੀਡਰ ਹੋ ਗਏ ਨੇ ਪੱਬਾਂ ਭਾਰ ਮੀਆਂ
ਜੋੜ ਤੋੜ ਕਰਨ ਲੱਗ ਪਏ ਨੇ ਸਾਰੇ
ਕਿਵੇਂ ਬਣੂ ਆਪਣੀ ਸਰਕਾਰ ਮੀਆਂ
ਲੋਕੀਂ ਹੋ ਗਏ ਨੇ ਬਹੁਤ ਸਿਆਣੇ
ਨਹੀਂ ਕਰਦਾ ਕੋਈ ਇਤਬਾਰ ਮੀਆਂ
ਚਲਣੀ ਪਊ ਕੋਈ ਚਾਲ ਐਸੀ
ਜਿਸ ਨਾਲ ਹੋਜੇ ਬੇੜਾ ਪਾਰ ਮੀਆਂ
ਸਾਧਾਂ ਸੰਤਾਂ ਨੂੰ ਪਏ ਮੱਥਾ ਟੇਕਣ
ਆਖਣ ਹੋਜੇ ਜਿੱਤ ਨਾ ਹੋਵੇ ਹਾਰ ਮੀਆਂ
ਦਲਬਦਲੂ ਵੀ ਹੁਣ ਬਹੁਤੇ ਹੋ ਗਏ
ਕੁਰਸੀ ਲਈ ਛੱਡ ਜਾਂਦੇ ਪੁਰਾਣੇ ਯਾਰ ਮੀਆਂ
ਦਾਗੀ ਚਿਹਰੇ ਹੋ ਗਏ ਸਭ ਤੋਂ ਮੂਹਰੇ
ਆਖਣ ਅਸੀਂ ਲੋਕਾਂ ਦੇ ਸੇਵਾਦਾਰ ਮੀਆਂ
ਕੀ ਹਾਲ ਬਣੂ ਮੇਰੇ ਦੇਸ ਦਾ
ਲੁੱਟਣ ਵਾਲਿਆਂ ਦੀ ਲੰਮੀ ਕਤਾਰ ਮੀਆਂ

## ਨੇਤਾ ਦੀ ਮਜਬੂਰੀ

**ਸੁੱਚਾ ਸਿੰਘ ਪਸਨਾਵਾਲ**



ਵੋਟਾਂ ਖ਼ਾਤਰ ਚੋਰਾਂ ਸੰਗ ਯਾਰੀ,
ਨੇਤਾ ਦੀ ਮਜਬੂਰੀ ਏ।
ਕੁਰਸੀ ਖ਼ਾਤਰ ਧੋਖੇ ਕਰਨਾ,
ਨੇਤਾ ਲਈ ਜ਼ਰੂਰੀ ਏ।
ਪਰਜਾ ਤਾਈਂ ਦੋਵੇਂ ਹੱਥੀਂ ਲੁੱਟਦੇ,
ਅੱਖੀਂ ਘੱਟਾ ਜਾਂਦੇ ਪਾਈ।
ਲਾਮ ਲਸ਼ਕਰ ਸਭ ਪਿੱਛੇ ਲਾ ਕੇ,
ਜਾਣ ਲੋਕਾਂ ਨੂੰ ਭਰਮਾਈ।
ਨਾਮ ਆਪਣਾ ਚਮਕਾਉਣ ਦੀ ਖਾਤਰ,
ਵੱਖ ਵੱਖ ਭੇਸ ਬਣਾਉਂਦੇ।
ਫੋਟੋਆਂ ਲਾ ਕੇ ਗ਼ਰੀਬਾਂ ਨਾਲ,
ਥਾਂ ਥਾਂ ਪੋਸਟਰ ਲਾਉਂਦੇ।
ਚੜ੍ਹਦੇ ਸੂਰਜ ਨੂੰ ਕਰਨ ਸਲਾਮਾਂ,
ਮੂੰਹ ਮੋੜਨ ਜਦ ਲਹਿੰਦੇ।
ਗਿਰਗਟ ਵਾਂਗੂੰ ਰੰਗ ਬਦਲਦੇ,
ਨਿੱਤ ਨਵੀਂ ਪਾਰਟੀ ਵਿੱਚ ਬਹਿੰਦੇ।
ਮੌਜ ਮਸਤੀਆਂ ਸੀ ਮਾਣੀਆਂ ਜਿੱਥੇ,
ਦਿਲ ਵਿੱਚ ਹੁਣ ਮਗਰੂਰੀ ਏ।
'ਪਸਨਾਵਾਲੀਆ' ਨਿੱਤ ਭੰਡਦੇ ਪਿਛਲੇ,
ਨਵਿਆਂ ਦੀ ਮਸ਼ਹੂਰੀ ਏ।
****** *

## ਮਿੱਟੀ

**ਅਮਰਜੀਤ ਦਸੂਹਾ**

ਹਰ ਮਿੱਟੀ ਦੀ ਹੈ ਆਪਣੀ ਖ਼ਸਲਤ,
ਇਸ ਦਾ ਮਸਲਾ ਆਸਮਾਨ ਨਹੀਂ ਹੈ।
ਮਿੱਟੀ ਜੜ੍ਹਾਂ ਦੀ ਹੈ ਸਿੰਜਣ ਹਾਰੀ ,
ਮਿੱਟੀ ਸੁੰਨ ਕਬਰਿਸਤਾਨ ਨਹੀਂ ਹੈ।
ਮਿੱਟੀ ਮੁੜ੍ਹਕਿਆਂ ਦੀ ਪਾਲਣਹਾਰੀ,
ਝੱਖੜਾਂ ਵਾਂਗੂੰ ਬਦਨਾਮ ਨਹੀਂ ਹੈ।
ਮਿੱਟੀ ਕੁੱਖੋਂ ਜੰਮ ਯੋਧੇ ਹਾਰੇ,
ਧੋਖੇਬਾਜ਼ ਦੀ ਪਛਾਣ ਨਹੀਂ ਹੈ।
'ਅਮਰ' ਧੂੜ ਬਣ ਕੇ ਅੰਬਰੀ ਉੱਡਿਆ,
ਪੱਥਰੀ ਉਕਰਿਆ ਨਿਸ਼ਾਨ ਨਹੀਂ ਹੈ।

## ਇਤ.ਫ਼ਾਕ

**ਸੁਖਦੇਵ ਸਿੰਘ ਭੁੱਲੜ**

ਜਿਸ ਘਰ ਵਿੱਚ ਪਿਆਰ ਇਤਫ਼ਾਕ ਹੋਵੇ,
ਉਸ ਘਰ ਦੀ ਉੱਚੀ ਸ਼ਾਨ ਹੁੰਦੀ।
ਉੱਥੇ ਬਰਕਤਾਂ ਦਾ ਸਦਾ ਮੀਂਹ ਵੱਸੇ,
ਵੱਸਣ ਵਾਲਿਆਂ ਦੀ ਮਿੱਠੀ ਜ਼ੁਬਾਨ ਹੁੰਦੀ।
ਗ਼ਲਤੀ ਨਾਲ ਜੇ ਕੰਮ ਕੋਈ ਵਿਗੜ ਜਾਵੇ,
ਉਹ ਵੀ ਲਾਭ ਦਿੰਦਾ, ਨਹੀਂ ਹਾਨ ਹੁੰਦੀ।
ਭੈੜੇ ਚੁਗਲ ਤੇ ਨਿੰਦਕ ਵੀ ਖ਼ੌਫ਼ ਖਾਂਦੇ,
ਸ਼ਕਤੀ ਇਤਫ਼ਾਕ ਦੀ ਏਨੀ ਬਲਵਾਨ ਹੁੰਦੀ।
ਜਿਸ ਘਰ ਵਿੱਚ ਏਕਾ ਇਤਫ਼ਾਕ ਹੋਵੇ,
ਵੱਸਣ ਵਾਲਿਆਂ ਦੀ ਜੈ-ਜੈ ਕਾਰ ਹੋਵੇ।
ਸੱਥ, ਪਰੇ-ਪੰਚਾਇਤ ਵਿੱਚ ਮਾਣ ਮਿਲਦਾ,
ਧੀਆਂ ਪੁੱਤ ਪਤਨੀ ਆਗਿਆਕਾਰ ਹੋਵੇ।
ਉੱਥੇ ਵਾਸ ਹੋਵੇ ਨਿਧੀਆਂ ਸਿੱਧੀਆਂ ਦਾ,
ਚਾਰਾਂ ਕੂੰਟਾਂ ਦੇ ਵਿੱਚ ਸਤਿਕਾਰ ਹੋਵੇ।
ਜਿਨ੍ਹਾਂ ਘਰਾਂ 'ਚ ਨਾ ਹੋਏ ਇਤਫ਼ਾਕ 'ਭੁੱਲੜਾ'
ਉੱਥੇ ਸਦਾ ਕਲੇਸ਼ ਤਕਰਾਰ ਹੋਵੇ।

## ਮੇਰਾ ਰੰਗਲਾ ਪੰਜਾਬ

**ਪੌਰਿੰਦਰ ਸਿੰਗਲਾ**



ਚਮਨ 'ਚ ਮਹਿਕਦਾ ਗੁਲਾਬ ਚਾਹੀਦੈ,
ਮੈਨੂੰ ਮੇਰਾ ਰੰਗਲਾ ਪੰਜਾਬ ਚਾਹੀਦੈ।
ਵਾੜਾਂ ਕਮਜ਼ੋਰ ਕਿਉਂ ਨੇ,
ਮਾਲੀ ਮੂੰਹਜ਼ੋਰ ਕਿਉਂ ਨੇ,
ਪਰਜੀਵੀ ਰੰਗ ਬਿਰੰਗੇ,
ਖਾਂਦੇ ਤੋੜ ਤੋੜ ਕਿਉਂ ਨੇ।
ਸਾਡੀਆਂ ਜੜ੍ਹਾਂ 'ਚ ਬੈਠੇ,
ਕੀੜੇ ਬਦਖੋਰ ਕਿਉਂ ਨੇ।
ਮੈਨੂੰ ਹਰ ਗੱਲ ਦਾ ਜਵਾਬ ਚਾਹੀਦੈ,
ਮੈਨੂੰ ਮੇਰਾ ਰੰਗਲਾ ਪੰਜਾਬ ਚਾਹੀਦੈ।
ਜ਼ਿੰਦਗੀ ਜਵਾਨ ਹੋਵੇ,
ਜੁੱਸਿਆਂ 'ਚ ਜਾਨ ਹੋਵੇ,
ਸਾਨੂੰ ਕਿਸੇ ਆਸ ਨਾਲ,
ਦੇਖਦਾ ਜਹਾਨ ਹੋਵੇ।
ਰੁਮਕੇ ਪੰਜਾਬੀ, ਜਿਵੇਂ
ਮਸਤੀ ਰਕਾਨ ਹੋਵੇ।
ਹਾਸਿਆਂ 'ਚ ਖੇਡਦਾ, ਸ਼ਬਾਬ ਚਾਹੀਦੈ,
ਮੈਨੂੰ ਮੇਰਾ ਰੰਗਲਾ ਪੰਜਾਬ ਚਾਹੀਦੈ।
ਗੁਰਾਂ ਦੀ ਰਹਿਨੁਮਾਈ ਹੋਵੇ,
ਤਰੱਕੀ ਮਸਤਾਈ ਹੋਵੇ,
ਜਿੱਥੇ ਜਾਈਏ ਹਰ ਪਾਸੇ,
ਸਾਡੀ ਸੁਣਵਾਈ ਹੋਵੇ।
ਲਹਿਲਹਾਉਂਦੀ ਹਰ ਡਾਲੀ,
ਖ਼ੂਬ ਗਦਰਾਈ ਹੋਵੇ।
ਦੁਨੀਆ 'ਚ ਨੰਬਰ ਇੱਕ ਦਾ,
ਖ਼ਿਤਾਬ ਚਾਹੀਦੈ,
ਮੈਨੂੰ ਮੇਰਾ ਰੰਗਲਾ ਪੰਜਾਬ ਚਾਹੀਦੈ।

## ਦੇਣਾ ਪੈਣਾ ਹੈ ਜਵਾਬ

**ਬਰਜਿੰਦਰ ਕੌਰ ਬਿਸਰਾਓ**

ਵਾਤਾਵਰਣ ਨੂੰ ਕਿਉਂ ਕਰੀ ਜਾਵੇਂ ਤੂੰ ਖਰਾਬ,
ਬੰਦਿਆ! ਰੱਬ ਨੂੰ ਵੀ ਦੇਣਾ ਪੈਣਾ ਹੈ ਜਵਾਬ।
ਵਧ ਗਿਆ ਤਾਪਮਾਨ ਹੈ ਤੇ ਸੁੱਕੇ ਫੁੱਲ ਬੂਟੇ,
ਅੱਗ ਪਈ ਵਰ੍ਹੀ ਜਾਵੇ ਆਸਮਾਨੋਂ ਬੇਹਿਸਾਬ।
ਜੋ ਬੀਜੇਂਗਾ, ਸੋ ਉੱਗ ਉੱਗ ਵਧੀ ਹੀ ਜਾਣਾ,
ਹਰੀ ਭਰੀ ਧਰਤੀ ਦੇ ਬਚ ਜਾਣੇ ਨੇ ਖ਼ਵਾਬ।
ਬੀਜ ਲੈ ਤੂੰ ਸੋਹਣੇ ਸੋਹਣੇ ਛਾਵਾਂ ਵਾਲੇ ਬੂਟੇ,
ਗੰਦ ਮੰਦ ਸੁੱਟ ਨਹੀਂ ਤੂੰ ਬਣ ਜਾਣਾ ਨਵਾਬ।
ਕਿਤੇ ਲਾਗੀਆਂ ਦੇ ਧੂੰਏਂ ਕਿਤੇ 'ਵ੍ਹਾਵਾਂ ਤੱਤੀਆਂ,
ਓਜ਼ੋਨ ਹੁੰਦੀ ਜਾਏ ਲੀਰੋ ਲੀਰ ਬੇਹਿਸਾਬ।
ਜਿੱਥੇ ਦਿਲ ਕਰੇ ਵੱਢ ਵੱਢ ਰੁੱਖ ਸੁੱਟੀ ਜਾਏਂ,
ਬਣਾਈ ਜਾਏਂ ਉੱਥੇ ਮੌਲ ਮਹਿਲ ਲਾਜਵਾਬ।
ਭੀੜਾਂ ਦੇ ਪਸਾਰੇ ਵਧਾ ਕੇ ਘਟਾਈ ਜਾਏਂ ਰੁੱਖ,
ਕੱਲਾ ਹੀ ਤੂੰ ਸੁਖ ਭਾਲੇਂ ਕਿਉਂ ਬਣਦਾ ਨਵਾਬ।
ਪਾਣੀ ਬਣਾ ਦਿੱਤੇ ਤੂੰ ਕਾਲੇ, ਖਾਰੇ ਤੇ ਤੇਜ਼ਾਬੀ,
ਕਿੱਥੋਂ ਭਾਲੇਂ ਤੰਦਰੁਸਤੀ ਦੇ ਰਾਜ਼ ਤੂੰ ਧਨਾਢ।
ਹਾਲੇ ਤਾਂ ਮੌਸਮਾਂ ਨੇ ਹੀ ਬਦਲੇ ਨੇ ਮਿਜਾਜ਼,
ਕਿੰਨਾ ਕੁਛ ਬਦਲੂ ਤੈਨੂੰ ਰੱਤਾ ਨਾ ਹਿਸਾਬ।
ਪਾਲ ਲਵੋ ਪੰਜ ਰੁੱਖ ਵਾਂਗ ਪੁੱਤਾਂ ਨਾਲ ਨਾਲ,
ਧਰਤੀ ਵੀ ਖ਼ੁਸ਼ ਨਾਲੇ ਵਾਤਾਵਰਨ ਕਮਾਲ।
ਬਣ ਜਾਵੋ ਸਾਰੇ ਮਾਂ ਕੁਦਰਤ ਦੇ ਵਾਰਿਸ ਪੁੱਤ,
ਜਿਹੜੀ ਪਾਲਦੀ ਰਹੀ ਦੇ ਕੇ ਬਾਣਾ ਪੰਜ ਨਾਦ।
ਵਾਤਾਵਰਣ ਨੂੰ ਕਿਉਂ ਤੂੰ ਕਰੀਂ ਜਾਵੇਂ ਖਰਾਬ,
ਬੰਦਿਆ! ਰੱਬ ਨੂੰ ਵੀ ਦੇਣਾ ਪੈਣਾ ਹੈ ਜਵਾਬ।

## .ਗ਼ਜ਼ਲ

**ਰਣਜੀਤ ਕੌਰ ਰਤਨ**

ਚਾਰੇ ਪਾਸੇ ਮੌਜ ਬਹਾਰਾਂ, ਰੂਹ ਦੇ ਕਾਸੇ ਖਾਲ਼ੀ।
ਦੂਰ ਗਿਆਂ ਦੀ ਪੈੜ ਮਿਲੇ ਨਾ, ਹੋਏ ਨੈਣ ਸਵਾਲੀ।
ਬਿਰਹਾ ਦੀ ਭੱਠੀ ਵਿੱਚ ਭੁੱਜਣ, ਦੁੱਖਾਂ ਵਾਲੇ ਦਾਣੇ,
ਚਾਵਾਂ ਵਾਲਾ ਬਾਲਣ ਪਾ ਕੇ, ਕੈਸੀ ਅਗਨੀ ਬਾਲ਼ੀ।
ਜ਼ਾਲਮ ਦੇ ਮੂੰਹਾਂ ਨੂੰ ਭੰਨਣ, ਇਸਦੇ ਧੀਆਂ ਪੁੱਤਰ,
ਦੇਸ਼ ਮਿਰੇ ਦੀ ਮਿੱਟੀ ਵੇਖੋ, ਕਿੰਨੀ ਅਣਖਾਂ ਵਾਲੀ।
ਜੰਗਲ ਬੇਲੇ ਵੱਢ ਮੁਕਾਏ, ਬੰਜਰ ਧਰਤ ਬਣਾਈ,
ਹਲ਼ ਹੁਣ ਕਿੱਥੇ ਹਾਲੀ ਜੋੜੇ, ਵੱਗ ਚਰਾਵੇ ਪਾਲ਼ੀ।
ਅੱਖਾਂ ਦੇ ਵਿੱਚ ਖਾਬਾਂ ਵਾਲੇ, ਲੱਖਾਂ ਜੁਗਨੂੰ ਲਿਸ਼ਕਣ,
ਮੁਖੜੇ ਉੱਤੋਂ ਡਲ੍ਹਕਾਂ ਮਾਰੇ, ਇਸ਼ਕ ਤਿਰੇ ਦੀ ਲਾਲੀ।

## ਸੂਰਜ ਦੀ ਮਹਿਮਾ

**ਯਸ਼ਪਾਲ ਮਾਨਵੀ**



ਸਾਡੇ ਪਿੰਡ ਸਕੂਲ ਵਿੱਚ
ਬੋਹੜ ਦੁਆਲੇ ਚੌਂਤਰਾ ਸੀ।
ਚੌਂਤਰੇ ਨਾਲ ਟੋਭਾ ਸੀ
ਟੋਭਾ ਇਸ ਦੀ ਸ਼ੋਭਾ ਸੀ।
ਟੋਭੇ ਉੱਤੇ ਫੱਟੀਆਂ ਧੋਂਦੇ
ਮਲ ਗਾਚਣੀ ਫਿਰ ਚਮਕਾਉਂਦੇ।
ਗਿੱਲੀ ਫੱਟੀ ਹੱਥ ਵਿੱਚ ਫੜ ਕੇ
ਖ਼ੂਬ ਲਹਿਰਾਉਂਦੇ ਤੇ ਗਾਉਂਦੇ:
ਸੂਰਜਾ ਸੂਰਜਾ ਫੱਟੀ ਸੁਕਾ
ਅੱਜ ਤੇਰਾ ਮੰਗਣਾ
ਕੱਲ੍ਹ ਤੇਰਾ ਵਿਆਹ।
ਨਹੀਂ ਸੁਕਾਉਣੀ ਗੰਗਾ ਜਾ।
ਬਸ ਏਨਾ ਹੀ ਪਤਾ ਸੀ ਸਾਨੂੰ
ਦਿਨ ਰਾਤ ਬਣਾਉਂਦਾ ਸੂਰਜ।
ਗਿੱਲੇ ਕੱਪੜੇ ਗਿੱਲੀ ਫੱਟੀ
ਰੋਜ਼ ਸੁਕਾਉਂਦਾ ਸੂਰਜ।
ਹੋਰ ਜਮਾਤਾਂ ਚੜ੍ਹੀਆਂ
ਪਤਾ ਲੱਗਿਆ ਸੂਰਜ
ਮੀਂਹ ਵੀ ਵਰ੍ਹਾਉਂਦਾ ਹੈ।
ਸੂਰਜ ਦੀ ਤਪਸ਼ ਨਾਲ
ਸਮੁੰਦਰ ਤੋਂ ਬੱਦਲ ਬਣ ਕੇ
ਫਿਰ ਜਿੱਥੇ ਜੀਅ ਕਰਦਾ ਵਰ੍ਹਦੇ।
ਜਿੱਥੇ ਵਰ੍ਹਦੇ ਹੁੰਦੀ ਹਰਿਆਲੀ
ਹਰਿਆਲੀ ਹੀ ਹੈ ਖ਼ੁਸ਼ਹਾਲੀ।
ਵਾਹ! ਇਹ ਖੇਡ ਰਚਾਈ ਕੁਦਰਤ
ਸੂਰਜ ਜਿਸ ਦਾ ਹੋਣਹਾਰ ਪੁੱਤਰ।
ਜੇ ਸੂਰਜ ਛੱਡ ਦੇਵੇ ਧਰਤੀ ਦਾ ਹੱਥ
ਫਿਰ ਨਾ ਰਹਿਣਾ ਧਰਤੀ 'ਤੇ ਕੱਖ!

## ਅਕਾਸ਼ ਅਤੇ ਅਸੀਂ

**ਪ੍ਰਸ਼ੋਤਮ ਪੱਤੋ**

ਚੁਬਾਰੇ ਦੀ ਖੁੱਲ੍ਹੀ ਬਾਰੀ 'ਚੋਂ,
ਮੈਂ ਦੇਖਦਾ ਹਾਂ ਅਕਾਸ਼,
ਉਹ ਦਿੰਦਾ ਹੈ
ਮੈਨੂੰ ਸੱਦਾ ਪੱਤਰ
ਪਰ
ਮੈਂ ਬੇਵੱਸ ਹਾਂ,
ਮੈਂ ਦੇਖਦਾ ਹਾਂ
ਸ਼ਾਮ ਨੂੰ ਡੁੱਬਦੇ ਸੂਰਜ ਨੂੰ,
ਹੱਸਦੇ ਆਉਂਦੇ ਚੰਦ ਨੂੰ,
ਕਿਲਕਾਰੀਆਂ ਮਾਰਦੇ ਤਾਰਿਆਂ ਨੂੰ
ਕਿੰਨਾ ਸੁੰਦਰ ਹੈ ਅਕਾਸ਼।
ਇਸ ਸਾਰੇ ਵਰਤਾਰੇ ਨੂੰ
ਵੇਖਦਾ-ਵੇਖਦਾ ਮੈਂ
ਸੋਚੀਂ ਪੈ ਜਾਂਦਾ ਹਾਂ
ਕਿ ਅਸੀਂ ਆਪਣੇ ਆਲੇ-ਦੁਆਲੇ ਨੂੰ
ਕਸਰ ਨਹੀਂ ਛੱਡੀ
ਗੰਧਲਾ ਕਰਨ ਤੇ ਵਿਗਾੜਨ ਦੀ।
ਸਾਡੇ ਸ਼ਹਿਰ ਸੁੰਦਰ
ਸਾਡੇ ਪਿੰਡ ਸੁੰਦਰ ਤੇ
ਅਸੀਂ ਸੋਹਣੇ ਕੱਪੜਿਆਂ 'ਚ
ਦਿਸਦੇ ਅਤਿ ਸੁੰਦਰ,
ਪਰ ਸਾਡਾ ਆਲਾ-ਦੁਆਲਾ,
ਪਾਣੀ, ਹਵਾ ਨੇ ਪ੍ਰਦੂਸ਼ਿਤ,
ਸਾਡੇ ਦਿਲ-ਦਿਮਾਗ਼
ਭਰੇ ਪਏ ਨੇ ਹਉਮੈਂ
ਤੇ ਈਰਖਾ ਦੇ ਨਾਲ।

## ਬਹੁਤ ਸੌਖਾ ਹੁੰਦੈ

**ਮਾ. ਰਾਜੇਸ਼ ਰਿਖੀ ਪੰਜਗਰਾਈਆਂ**

ਬਹੁਤ ਸੌਖਾ ਹੁੰਦਾ ਹੈ
ਕਿਸੇ ਵੀ ਇਨਸਾਨ ਵਿੱਚ ਤੁਰੰਤ ਨੁਕਸ ਲੱਭ ਲੈਣਾ
ਬਹੁਤ ਸੌਖਾ ਹੁੰਦਾ ਹੈ
ਕਿਸੇ ਦੀ ਇੱਕ ਕਮਜ਼ੋਰੀ ਨੂੰ ਫੜ ਲੈਣਾ
ਬਹੁਤ ਸੌਖਾ ਹੁੰਦਾ ਹੈ
ਕਿਸੇ ਦੀ ਬੁਰਾਈ ਦਾ ਢੋਲ ਵਜਾਉਣਾ
ਬਹੁਤ ਸੌਖਾ ਹੁੰਦਾ ਹੈ
ਕਿਸੇ ਦੂਸਰੇ ਦੀ ਜ਼ਿੰਦਗੀ ਵਿੱਚ ਬੇਲੋੜਾ ਝਾਕਣਾ
ਬਹੁਤ ਸੌਖਾ ਹੁੰਦਾ ਹੈ
ਵਧੀਆ ਕੰਮ ਵਿੱਚ ਇੱਕ ਅੱਧੀ ਘਾਟ ਨੂੰ ਹੀ ਦੇਖਦੇ ਰਹਿਣਾ
ਬਹੁਤ ਸੌਖਾ ਹੁੰਦਾ ਹੈ
ਬਿਨ ਮੰਗੀ ਸਲਾਹ ਦੇਣ ਆ ਟਪਕਣਾ
ਬਹੁਤ ਸੌਖਾ ਹੁੰਦਾ ਹੈ
ਹਮੇਸ਼ਾ ਦੂਸਰਿਆਂ ਲਈ ਜੱਜ ਬਣੇ ਰਹਿਣਾ
ਪਰ, ਐਨਾ ਔਖਾ ਵੀ ਨਹੀਂ ਹੁੰਦਾ
ਕਿਸੇ ਦੀ ਇੱਕ ਅੱਧੀ ਗਲਤੀ ਨੂੰ ਨਜ਼ਰਅੰਦਾਜ਼ ਕਰ ਦੇਣਾ
ਪਰ, ਐਨਾ ਔਖਾ ਵੀ ਨਹੀਂ ਹੁੰਦਾ
ਕਮੀਆਂ ਨੂੰ ਛੱਡ ਚੰਗਿਆਈਆਂ ਨੂੰ ਤੱਕਣਾ
ਪਰ, ਐਨਾ ਔਖਾ ਵੀ ਨਹੀਂ ਹੁੰਦਾ
ਕਿਸੇ ਲਈ ਜੱਜ ਬਣਨ ਤੋਂ ਪਹਿਲਾਂ
ਆਪਣੇ ਅੰਦਰ ਝਾਤੀ ਮਾਰਨਾ
ਪਰ, ਐਨਾ ਔਖਾ ਵੀ ਨਹੀਂ ਹੁੰਦਾ
ਕਿਸੇ ਦੇ ਚੰਗੇ ਕੰਮ ਲਈ, ਸੱਚੇ ਦਿਲੋਂ
ਦੋ ਸ਼ਬਦ ਕਹਿ ਦੇਣਾ
ਪਰ, ਐਨਾ ਔਖਾ ਵੀ ਨਹੀਂ ਹੁੰਦਾ
ਸੱਚ ਬੋਲਣਾ
ਐਨਾ ਔਖਾ ਵੀ ਨਹੀਂ ਹੁੰਦਾ
ਸਹੀ ਕੰਮ ਵਿੱਚ ਸਹੀ ਬੰਦੇ ਦਾ ਸਾਥ ਦੇ ਦੇਣਾ
ਐਨਾ ਔਖਾ ਵੀ ਨਹੀਂ ਹੁੰਦਾ...

# ਵੇਟਲਿਫਟਿੰਗ ’ਚ ਮਾਣਮੱਤਾ ਨਾਂਅ ਮੀਰਾਬਾਈ ਚਾਨੂ






ਨਵਦੀਪ ਸਿੰਘ ਗਿੱਲ

ਮੀਰਾਬਾਈ ਚਾਨੂ ਸਾਈਖੋਮ ਵੇਟਲਿਫਟਿੰਗ ਦੀ ਦੁਨੀਆ ਵਿੱਚ ਭਾਰਤ ਦਾ ਇੱਕ ਬਹੁਤ ਹੀ ਮਾਣਮੱਤਾ ਨਾਮ ਹੈ ਜਿਸ ਨੇ ਕੌਮਾਂਤਰੀ ਪੱਧਰ ’ਤੇ ਦੇਸ਼ ਦਾ ਨਾਮ ਬਹੁਤ ਉੱਚਾ ਕੀਤਾ ਹੈ। ਹਾਲ ਹੀ ਵਿੱਚ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ ਉਸ ਨੇ 48 ਕਿਲੋ ਭਾਰ ਵਰਗ ਵਿੱਚ ਤਿੰਨ ਨਵੇਂ ਰਿਕਾਰਡ ਬਣਾਉਂਦੇ ਹੋਏ ਲਗਾਤਾਰ ਤੀਜੀ ਵਾਰ ਸੋਨ ਤਗ਼ਮਾ ਜਿੱਤਿਆ ਹੈ।ਮੀਰਾਬਾਈ ਨੇ 12 ਸਾਲ ਪਹਿਲਾਂ ਗਲਾਸਗੋ ਵਿਖੇ ਹੀ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ, ਜਿਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ।2018 ਵਿੱਚ ਗੋਲਡ ਕੋਸਟ ਅਤੇ 2022 ਵਿੱਚ ਬਰਮਿੰਘਮ ਵਿਖੇ ਲਗਾਤਾਰ ਦੋ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਿਆ। ਆਪਣੇ ਇਸ ਸ਼ਾਨਾਂਮੱਤੇ ਕੈਰੀਅਰ ਵਿੱਚ ਮੀਰਾਬਾਈ ਨੇ ਉਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪ, ਰਾਸ਼ਟਰਮੰਡਲ ਖੇਡਾਂ, ਰਾਸ਼ਟਰਮੰਡਲ ਚੈਂਪੀਅਨਸ਼ਿਪ, ਏਸ਼ੀਅਨ ਚੈਂਪੀਅਨਸ਼ਿਪ ਅਤੇ ਸੈਫ ਖੇਡਾਂ ਵਿੱਚ 9 ਸੋਨ ਤਗ਼ਮਿਆਂ ਸਮੇਤ ਕੁੱਲ 15 ਤਗ਼ਮੇ ਜਿੱਤੇ ਹਨ। ਮੀਰਾਬਾਈ ਨਾ ਸਿਰਫ਼ ਵੇਟਲਿਫਟਿੰਗ, ਬਲਕਿ ਭਾਰਤੀ ਖੇਡਾਂ ਦੇ ਮਹਾਨ ਖਿਡਾਰੀਆਂ ਦੀ ਸੂਚੀ ਵਿੱਚ ਸਿਖਰਲੇ ਨਾਵਾਂ ਵਿੱਚ ਸ਼ੁਮਾਰ ਹੈ। ਨਿੱਕੇ ਕੱਦ ਦੀ ਸੰਗਾਊ ਅਤੇ ਸ਼ਰਮਾਕਲ ਸੁਭਾਅ ਵਾਲੀ ਮੀਰਾਬਾਈ ਦੀਆਂ ਪ੍ਰਾਪਤੀਆਂ ਪਹਾੜ ਦੀ ਟੀਸੀ ਜਿੱਡੀਆਂ ਹਨ ਜਿਸ ਥਾਂ ਉੱਤੇ ਪਹੁੰਚ ਕੇ ਵੀ ਉਸ ਦੇ ਪੱਬ ਧਰਤੀ ਉੱਤੇ ਹੀ ਹਨ।ਨਿਮਰਤਾ ਅਤੇ ਸਾਦਗੀ ਉਸ ਦੇ ਵੱਡੇ ਗੁਣ ਹਨ। ਮੀਰਾਬਾਈ ਚਾਨੂ ਦੀ ਤਗ਼ਮਿਆਂ ਦੀ ਸੁਨਹਿਰੀ ਕਹਾਣੀ ਪਿੱਛੇ ਉਸ ਦਾ ਸੰਘਰਸ਼, ਆਤਮ-ਵਿਸ਼ਵਾਸ ਅਤੇ ਡਿੱਗ ਕੇ ਮੁੜ ਖੜ੍ਹੇ ਹੋਣ ਦਾ ਜਜ਼ਬਾ ਹੈ।

ਮੀਰਾਬਾਈ ਦਾ ਜਨਮ 9 ਅਗਸਤ 1994 ਨੂੰ ਮਨੀਪੁਰ ਦੇ ਇੱਕ ਪਿੰਡ ਵਿੱਚ ਹੋਇਆ। ਛੇ ਭੈਣ-ਭਰਾਵਾਂ ਵਿੱਚ ਸਭ ਤੋਂ ਛੋਟੀ ਮੀਰਾਬਾਈ ਦਾ ਬਚਪਨ ਬਹੁਤ ਗ਼ਰੀਬੀ ਵਿੱਚ ਬੀਤਿਆ। ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਉਸ ਨੂੰ ਜੰਗਲਾਂ ਤੋਂ ਲੱਕੜਾਂ ਚੁੱਕ ਕੇ ਲਿਆਉਣੀਆਂ ਪੈਂਦੀਆਂ ਸਨ। ਉਦੋਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਲੱਕੜੀਆਂ ਚੁੱਕਦੀ ਇਹ ਨੰਨ੍ਹੀ ਬੱਚੀ ਖੇਡਾਂ ਦੇ ਖੇਤਰ ਵਿੱਚ ਭਾਰਤ ਦੀਆਂ ਉਮੀਦਾਂ ਦਾ ਭਾਰ ਚੁੱਕਦੀ ਹੋਈ ਵਿਸ਼ਵ ਪੱਧਰ ਉੱਤੇ ਭਾਰਤ ਦਾ ਨਾਮ ਰੌਸ਼ਨ ਕਰੇਗੀ। ਖੇਡਾਂ ਵਿੱਚ ਮਨੀਪੁਰ ਭਾਰਤ ਦੇ ਸਿਖਰਲੇ ਸੂਬਿਆਂ ਵਿੱਚੋਂ ਇੱਕ ਹੈ, ਖ਼ਾਸ ਕਰਕੇ ਵੇਟਲਿਫਟਿੰਗ ਅਤੇ ਮੁੱਕੇਬਾਜ਼ੀ ਆਦਿ ਖੇਡਾਂ ਵਿੱਚ।

ਵੇਟਲਿਫਟਿੰਗ ਵਿੱਚ ਮਨੀਪੁਰ ਦੀ ਕੁੰਜਾਰਾਣੀ ਦੇਵੀ ਭਾਰਤ ਦੀ ਸਿਖਰਲੀ ਵੇਟਲਿਫਟਰ ਸੀ, ਜਿਸ ਨੇ ਸੱਤ ਵਾਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗ਼ਮਾ, ਦੋ ਵਾਰ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਦੋ ਵਾਰ ਸੋਨੇ ਦਾ ਤਗ਼ਮਾ ਜਿੱਤਿਆ। ਕੁੰਜਾਰਾਣੀ ਦੇ ਸੁਨਹਿਰੀ ਕੈਰੀਅਰ ਤੋਂ ਪ੍ਰਭਾਵਿਤ ਹੋ ਕੇ ਛੋਟੀ ਮੀਰਾਬਾਈ ਵੇਟਲਿਫਟਿੰਗ ਖੇਡ ਵੱਲ ਖਿੱਚੀ ਗਈ। ਮੀਰਾਬਾਈ ਨੂੰ ਇੰਫ਼ਾਲ ਦੇ ਕੋਚਿੰਗ ਸੈਂਟਰ ਤੱਕ ਬਹੁਤ ਲੰਬਾ ਪੈਂਡਾ ਤੈਅ ਕਰਨਾ ਪਿਆ। ਸੀਮਤ ਸਾਧਨਾਂ ਨਾਲ ਅਭਿਆਸ ਕਰਦੀ ਮੀਰਾਬਾਈ ਨੇ ਆਪਣੀ ਸਖ਼ਤ ਮਿਹਨਤ ਵਿੱਚ ਕੋਈ ਕਮੀ ਨਾ ਛੱਡੀ। 19 ਵਰ੍ਹਿਆਂ ਦੀ ਉਮਰੇ ਮੀਰਾਬਾਈ ਨੂੰ ਪਹਿਲੀ ਵੱਡੀ ਸਫ਼ਲਤਾ ਮਿਲੀ, ਜਦੋਂ ਉਸ ਨੇ ਮਲੇਸ਼ੀਆ ਵਿਖੇ ਹੋਈ ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਇੱਕ ਸਾਲ ਦੇ ਅੰਦਰ ਹੀ ਉਸ ਨੇ 2014 ਵਿੱਚ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ। ਅਗਲੇ ਹੀ ਸਾਲ ਪੁਣੇ ਵਿਖੇ ਹੋਈ ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗ਼ਮਾ ਅਤੇ ਸਾਲ 2016 ਵਿੱਚ ਗੁਹਾਟੀ ਵਿੱਚ ਹੋਈਆਂ ਸੈਫ ਖੇਡਾਂ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਵੱਡੀਆਂ ਪ੍ਰਾਪਤੀਆਂ ਅਤੇ ਪ੍ਰਸਿੱਧੀ ਦੇ ਬਾਵਜੂਦ ਉਹ ਹਮੇਸ਼ਾ ਸਾਦਗੀ ਨਾਲ ਧਰਤੀ ਨਾਲ ਜੁੜੀ ਰਹੀ ਹੈ ਅਤੇ ਅੱਜ ਦੇਸ਼ ਦੀਆਂ ਧੀਆਂ ਲਈ ਇੱਕ ਵੱਡੀ ਪ੍ਰੇਰਣਾ ਸ੍ਰੋਤ ਹੈ। ਉਸ ਦੀਆਂ ਇਨ੍ਹਾਂ ਮਹਾਨ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ ਉਸ ਨੂੰ ‘ਪਦਮ ਸ੍ਰੀ’ ਅਤੇ ‘ਮੇਜਰ ਧਿਆਨ ਚੰਦ ਖੇਡ ਰਤਨ’ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਹੈ ਜਦਕਿ ਮਨੀਪੁਰ ਸਰਕਾਰ ਵੱਲੋਂ ਉਸ ਨੂੰ ਏ ਐੱਸ ਪੀ ਦਾ ਅਹੁਦਾ ਦਿੱਤਾ ਗਿਆ ਹੈ। ਉਸ ਦੀ ਜ਼ਿੰਦਗੀ ਉੱਤੇ ਮੈਤੇਈ ਭਾਸ਼ਾ ਵਿੱਚ ਫ਼ੀਚਰ ਫ਼ਿਲਮਾਂ ਵੀ ਬਣ ਚੁੱਕੀਆਂ ਹਨ। ਆਪਣੇ ਅਟੱਲ ਹੌਸਲੇ ਅਤੇ ਅਣਥੱਕ ਮਿਹਨਤ ਦੇ ਬਲਬੂਤੇ, ਮੀਰਾਬਾਈ ਦਾ ਅਗਲਾ ਟੀਚਾ ਹੁਣ ਏਸ਼ਿਆਈ ਖੇਡਾਂ ਅਤੇ ਦੋ ਸਾਲ ਬਾਅਦ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਦੇਸ਼ ਲਈ ਨਵੇਂ ਕੀਰਤੀਮਾਨ ਸਥਾਪਤ ਕਰਨਾ ਹੈ।

# ਪ੍ਰਸਿੱਧ ਫੁੱਟਬਾਲਰ ਰੋਨਾਲਡੋ ਨੇ ਮੈਦਾਨ ਦੇ ਬਾਹਰ ਕੀਤਾ ਮਹੱਤਵਪੂਰਨ ‘ਗੋਲ’



## ਚੁੱਪ-ਚਪੀਤੇ ਹੀ ਕਰਵਾ ਲਿਆ ਵਿਆਹ

ਵਿਸ਼ਵ ਪ੍ਰਸਿੱਧ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਆਪਣੇ ਪ੍ਰਸ਼ੰਸਕਾਂ ਨੂੰ ਹੈਰਾਨ ਕਰਦੇ ਰਹਿੰਦੇ ਹਨ। ਇਸ ਵਾਰ ਉਨ੍ਹਾਂ ਨੇ ਫੁੱਟਬਾਲ ਦੇ ਮੈਦਾਨ ਦੇ ਬਾਹਰ ਅਜਿਹਾ ਕੀਤਾ ਹੈ। ਪੁਰਤਗਾਲ ਦੇ ਇਸ ਸਟਾਰ ਖਿਡਾਰੀ ਨੇ ਪਿਛਲੇ ਦਿਨੀਂ ਆਪਣੀ ਲੰਬੇ ਸਮੇਂ ਦੀ ਸਾਥੀ ਜਾਰਜੀਨਾ ਰੋਡਰਿਗਜ਼ ਨਾਲ ਵਿਆਹ ਕੀਤਾ। ਪ੍ਰਸ਼ੰਸਕਾਂ ਨੇ ਇਸ ਵੱਲ ਧਿਆਨ ਵੀ ਨਹੀਂ ਦਿੱਤਾ।

ਇਹ ਖਬਰ ਉਦੋਂ ਸਾਹਮਣੇ ਆਈ ਜਦੋਂ ਰੋਨਾਲਡੋ ਨੇ ਜਾਰਜੀਨਾ ਨਾਲ ਆਪਣੀ ਇਕ ਤਸਵੀਰ ਸੋਸ਼ਲ ਮੀਡੀਆ ’ਤੇ ਸ਼ੇਅਰ ਕੀਤੀ। ਇਸ ਤਸਵੀਰ ’ਚ ਦੋਵੇਂ ਵਿਆਹ ਦੀਆਂ ਮੁੰਦਰੀਆਂ ਪਾ ਕੇ ਇਕ-ਦੂਜੇ ਦਾ ਹੱਥ ਫੜੇ ਨਜ਼ਰ ਆ ਰਹੇ ਹਨ। ਜੋੜੇ ਨੇ ਕਥਿਤ ਤੌਰ ’ਤੇ ‘ਇੱਕ ਨਿੱਜੀ ਸਮਾਰੋਹ ਵਿੱਚ ਵਿਆਹ ਕੀਤਾ, ਜਿਸ ਵਿੱਚ ਉਨ੍ਹਾਂ ਦੇ ਪੰਜ ਬੱਚੇ ਵੀ ਸ਼ਾਮਲ ਹੋਏ ਸਨ।’

ਬਰੰਸਵਿਕ ਸਮੂਹ ਨੇ ਐਲਾਨ ਕੀਤਾ ਕਿ ਇਹ ਸਮਾਰੋਹ ਪੱਛਮੀ ਪੁਰਤਗਾਲ ਵਿੱਚ ਰਾਜਧਾਨੀ ਲਿਸਬਨ ਦੇ ਨੇੜੇ ਇੱਕ ਸਮੁੰਦਰੀ ਕਿਨਾਰੇ ਵਾਲੇ ਸ਼ਹਿਰ ਕੈਸਕੇਸ ਵਿੱਚ ਹੋਇਆ ਸੀ। ਇਨ੍ਹਾਂ ਪੰਜ ਬੱਚਿਆਂ ਦੇ ਨਾਂਅ ਕ੍ਰਿਸਟੀਆਨੋ ਜੂਨੀਅਰ, ਜੁੜਵਾਂ ਈਵਾ ਅਤੇ ਮਾਟੇਓ, ਅਲਾਨਾ ਮਾਰਟੀਨਾ ਅਤੇ ਬੇਲਾ ਐਸਮੇਰਾਲਡ ਹਨ।

ਰੋਨਾਲਡੋ ਅਤੇ ਜਾਰਜੀਨਾ ਰੋਡਰਿਗਜ਼ 2016 ਵਿੱਚ ਮੈਡ੍ਰਿਡ ਵਿੱਚ ਮਿਲਣ ਤੋਂ ਬਾਅਦ ਪਿਛਲੇ ਇੱਕ ਦਹਾਕੇ ਤੋਂ ਇਕੱਠੇ ਰਹੇ ਹਨ। ਪਿਛਲੇ ਦਸ ਸਾਲਾਂ ਵਿੱਚ, ਉਹਨਾਂ ਦਾ ਰਿਸ਼ਤਾ ਜੋ ਮੈਡ੍ਰਿਡ ਵਿੱਚ ਇੱਕ ਮੌਕਾ ਮਿਲਣ ਦੇ ਰੂਪ ਵਿੱਚ ਸ਼ੁਰੂ ਹੋਇਆ ਸੀ, ਇੱਕ ਮਜ਼ਬੂਤ ਪਰਿਵਾਰ ਵਿੱਚ ਵਧਿਆ ਹੈ। ਰਿਪੋਰਟਾਂ ਮੁਤਾਬਕ, ਦੋਵੇਂ ਪਹਿਲੀ ਵਾਰ ਮੈਡ੍ਰਿਡ ਦੇ ਗੁਚੀ ਬੁਟੀਕ ’ਚ ਮਿਲੇ ਸਨ, ਜਿੱਥੇ ਜਾਰਜੀਨਾ ਸੇਲ ਅਸਿਸਟੈਂਟ ਦੇ ਤੌਰ ’ਤੇ ਕੰਮ ਕਰਦੀ ਸੀ। ਉਸ ਸਮੇਂ ਰੋਨਾਲਡੋ ਲਾ ਲੀਗਾ ਦੀ ਵੱਡੀ ਟੀਮ ਰੀਅਲ ਮੈਡਰਿਡ ਲਈ ਖੇਡ ਰਿਹਾ ਸੀ। ਕੁਝ ਦਿਨਾਂ ਬਾਅਦ ਉਹ ਇੱਕ ਬ੍ਰਾਂਡ ਇਵੈਂਟ ਵਿੱਚ ਦੁਬਾਰਾ ਮਿਲੇ, ਜਿੱਥੇ ਉਨ੍ਹਾਂ ਨੂੰ ਕੰਮ ਦੇ ਸਮੇਂ ਤੋਂ ਬਾਅਦ ਆਰਾਮ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ।

ਨਵੰਬਰ 2017 ਵਿੱਚ, ਜਾਰਜੀਨਾ ਨੇ ਆਪਣੀ ਬੇਟੀ ਅਲਾਨਾ ਮਾਰਟੀਨਾ ਨੂੰ ਜਨਮ ਦਿੱਤਾ। ਇਸ ਤੋਂ ਕੁਝ ਮਹੀਨੇ ਪਹਿਲਾਂ ਰੋਨਾਲਡੋ ਸਰੋਗੇਟ ਰਾਹੀਂ ਜੁੜਵਾਂ ਬੱਚਿਆਂ ਮੈਟੀਓ ਅਤੇ ਈਵਾ ਮਾਰੀਆ ਦੇ ਪਿਤਾ ਬਣੇ ਸਨ। ਰੋਨਾਲਡੋ ਜੂਨੀਅਰ ਦੇ ਨਾਲ, ਜਾਰਜੀਨਾ ਨੇ ਆਪਣੇ ਵਧ ਰਹੇ ਪਰਿਵਾਰ ਦੇ ਹਿੱਸੇ ਵਜੋਂ ਇਨ੍ਹਾਂ ਬੱਚਿਆਂ ਨੂੰ ਪੂਰੇ ਦਿਲ ਨਾਲ ਗੋਦ ਲਿਆ।

ਇਸ ਮਹਾਨ ਪੁਰਤਗਾਲੀ ਖਿਡਾਰੀ ਦੇ ਨਾਂਅ ਅੰਤਰਰਾਸ਼ਟਰੀ ਫੁੱਟਬਾਲ ’ਚ 146 ਗੋਲ ਕਰਨ ਦਾ ਰਿਕਾਰਡ ਹੈ। ਉਹ 5 ਵਾਰ ਬੈਲਨ ਡੀ ਓਰ ਜਿੱਤ ਚੁੱਕੇ ਹਨ। ਹਾਲ ਹੀ ’ਚ ਉਨ੍ਹਾਂ ਨੂੰ ਆਪਣੀ ਰਾਸ਼ਟਰੀ ਟੀਮ ਲਈ ਛੇਵੇਂ ਵਿਸ਼ਵ ਕੱਪ ’ਚ ਖੇਡਦੇ ਦੇਖਿਆ ਗਿਆ ਸੀ। ਹਾਲਾਂਕਿ, ਇਹ ਅਜਿਹਾ ਟੂਰਨਾਮੈਂਟ ਨਹੀਂ ਸੀ ਜਿਸ ਨੂੰ ਰੋਨਾਲਡੋ ਜਾਂ ਪੁਰਤਗਾਲ ਲੰਬੇ ਸਮੇਂ ਤੱਕ ਯਾਦ ਰੱਖਣਾ ਚਾਹੁਣਗੇ। ਕਲੱਬ ਪੱਧਰ ’ਤੇ, ਰੋਨਾਲਡੋ ਸਾਊਦੀ ਪ੍ਰੋ ਲੀਗ ਟੀਮ ਅਲ-ਨਾਸਰ ਲਈ ਖੇਡਦੇ ਹਨ।

# ਹਰਮਨਪ੍ਰੀਤ ਦੀ ਅਗਵਾਈ ’ਚ ਵਿਸ਼ਵ ਕੱਪ ਜਿੱਤ ਸਕਦੀ ਹੈ ਭਾਰਤੀ ਹਾਕੀ ਟੀਮ: ਜੁਗਰਾਜ ਸਿੰਘ


ਹਰਮਨਪ੍ਰੀਤ ਸਿੰਘ ਜੁਗਰਾਜ ਸਿੰਘ

ਭਾਰਤ ਦੇ ਦਿੱਗਜ ਡਰੈਗ ਫ਼ਲਿਕਰਾਂ ’ਚ ਸ਼ੁਮਾਰ ਜੁਗਰਾਜ ਸਿੰਘ ਦੇ ਸੁਨਹਿਰੇ ਸਫ਼ਰ ’ਤੇ 2003 ’ਚ ਇਕ ਕਾਰ ਹਾਦਸੇ ਨੇ ਰੋਕ ਲਗਾ ਦਿੱਤੀ ਸੀ ਪਰ ਉਸ ਨੂੰ ਹਰਮਨਪ੍ਰੀਤ ਸਿੰਘ ’ਚ ਆਪਣਾ ਅਕਸ ਨਜ਼ਰ ਆਉਂਦਾ ਹੈ ਤੇ ਉਸਦਾ ਮੰਨਣਾ ਹੈ ਕਿ ਭਾਰਤੀ ਕਪਤਾਨ ਵਿਸ਼ਵ ਕੱਪ ’ਚ ਟੀਮ ਦਾ ਟਰੰਪਕਾਰਡ ਸਾਬਿਤ ਹੋਵੇਗਾ। ਜੁਗਰਾਜ ਨੇ ਕਿਹਾ ਕਿ ਇਸ ਸਮੇਂ ਵਿਸ਼ਵ ਦੇ ਸਿਖਰਲੇ ਤਿੰਨ ਡਰੈਗ ਫ਼ਲਿਕਰਾਂ ’ਚੋਂ ਇਕ ਹਰਮਨਪ੍ਰੀਤ ਹੈ। ਉਹ ਟੋਕੀਓ ਉਲੰਪਿਕ ਦੇ ਸਮੇਂ ਤੋਂ ਹੀ ਸ਼ਾਨਦਾਰ ਖੇਡ ਰਿਹਾ ਹੈ। ਟੀਮ ਦੀ ਲੋੜ ਦੇ ਸਮੇਂ ਲਗਾਤਾਰ ਚੰਗਾ ਪ੍ਰਦਰਸ਼ਨ ਕਰਨ ਵਾਲਾ ਖਿਡਾਰੀ ਹੀ ਟਰੰਪਕਾਰਡ ਹੁੰਦਾ ਹੈ ਤੇ ਮੈਨੂੰ ਲੱਗਦਾ ਹੈ ਕਿ ਉਹ ਹਰਮਨਪ੍ਰੀਤ ਹੋਵੇਗਾ। ਉਸਦੀ ਫ਼ਿਟਨੈੱਸ ਵੀ ਚੰਗੀ ਹੈ। ਹਰਮਨਪ੍ਰੀਤ ਦੀ ਹੀ ਤਰ੍ਹਾਂ ਸੁਰਜੀਤ ਹਾਕੀ ਅਕੈਡਮੀ ਤੋਂ ਹੀ ਨਿਕਲੇ ਜੁਗਰਾਜ ਨੇ ਕਿਹਾ ਕਿ ਉਸਦਾ ਸਟਾਈਲ ਬਿਲਕੁਲ ਮੇਰੇ ਵਰਗਾ ਹੈ। ਉਸਦਾ ਖੇਡਣ ਦਾ ਤਰੀਕਾ ਤੇ ਹਮਲਾਵਰਤਾ ਮੈਨੂੰ ਆਪਣੀ ਯਾਦ ਦਿਵਾਉਂਦੇ ਹਨ। ਉਸ ਵਿਚ ਮੈਨੂੰ ਆਪਣਾ ਅਕਸ ਨਜ਼ਰ ਆਉਂਦਾਹੈ । ਮੈਂ ਬੋਲਦਾ ਵੀ ਹਾਂ ਕਿ ਖੇਡ ਤੂੰ ਰਿਹਾ ਹੁੰਦਾ ਏਂ ਤੇ ਮੈਨੂੰ ਲੱਗਦਾ ਹੈ ਕਿ ਮੈਦਾਨ ’ਤੇ ਮੈਂ ਹਾਂ।

ਉਸਨੇ ਦੱਸਿਆ ਕਿ ਹਰ ਟੂਰਨਾਮੈਂਟ ਜਾਂ ਕੈਂਪ ਤੋਂ ਬਾਅਦ ਹਰਮਨਪ੍ਰੀਤ ਨਾਲ ਉਸਦੀ ਗੱਲ ਜਾਂ ਮੁਲਾਕਾਤ ਜ਼ਰੂਰ ਹੁੰਦੀ ਹੈ ਤੇ ਉਹ ਉਸਦੀ ਖੇਡ ਨੂੰ ਬਾਰੀਕੀ ਨਾਲ ਦੇਖ ਕੇ ਸਲਾਹ ਵੀ ਦਿੰਦਾ ਹੈ। ਉਸਨੇ ਕਿਹਾ ਕਿ ਅਸੀਂ ਬਾਹਰ ਬੈਠ ਕੇ ਉਸਦੀ ਬਹੁਤ ਸਾਰੀਆਂ ਚੀਜ਼ਾਂ ਨੋਟ ਕਰ ਸਕਦੇ ਹਾਂ ਤੇ ਉਸ ਨੂੰ ਮਾਰਗਦਰਸ਼ਨ ਦੇ ਸਕਦੇ ਹਾਂ। ਯਕੀਨੀ ਤੌਰ ’ਤੇ ਕੋਚਿੰਗ ਸਟਾਫ਼ ਵੀ ਇਹੀ ਕਰ ਰਿਹਾ ਹੋਵੇਗਾ ਪਰ ਮੈਂ ਹਰਮਨ ਨਾਲ ਕਾਫ਼ੀ ਲੰਬਾ ਸਮਾਂ ਕੰਮ ਕੀਤਾ ਹੈ।

# ਪਹਿਲੀ ਏਸ਼ਿਆਈ ਪ੍ਰੀਮੀਅਰ ਕਬੱਡੀ ਲੀਗ ਕਰਵਾਉਣ ਦਾ ਐਲਾਨ



ਏਸ਼ਿਆਈ ਕਬੱਡੀ ਫੈਡਰੇਸ਼ਨ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ 25 ਸਤੰਬਰ ਤੋਂ ਸਰਕਲ ਸਟਾਈਲ ਕਬੱਡੀ ਦੀ ਪਹਿਲੀ ਏਸ਼ਿਆਈ ਪ੍ਰੀਮੀਅਰ ਲੀਗ ਕਰਵਾਉਣ ਦਾ ਐਲਾਨ ਕੀਤਾ ਹੈ। ਫੈਡਰੇਸ਼ਨ ਦੇ ਚੇਅਰਮੈਨ ਅਤੇ ਲੀਗ ਦੇ ਮੁੱਖ ਪ੍ਰਬੰਧਕ ਗੁਲਾਬ ਸਿੰਘ ਸੈਣੀ ਨੇ ਦੱਸਿਆ ਕਿ ਇਸ ਉੱਦਮ ਦਾ ਮੁੱਖ ਮਕਸਦ ਸਰਕਲ ਸਟਾਈਲ ਕਬੱਡੀ ਨੂੰ ਪੇਸ਼ੇਵਰ ਲੀਹਾਂ ’ਤੇ ਲਿਆਉਣਾ ਹੈ ।ਇਸ ਲੀਗ ਵਿੱਚ ਕੁੱਲ 8 ਟੀਮਾਂ ਹਿੱਸਾ ਲੈਣਗੀਆਂ, ਜਿਨ੍ਹਾਂ ਦੇ ਨਾਵਾਂ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ। ਲੀਗ ਦੇ ਮੁਕਾਬਲੇ ਉੱਤਰੀ ਭਾਰਤ ਦੇ ਸੂਬਿਆਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਕਰਵਾਏ ਜਾਣਗੇ। ਪ੍ਰਬੰਧਕਾਂ ਵੱਲੋਂ ਮੈਚ ਰੰਗਦਾਰ ਮੈਟ ’ਤੇ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।ਸੈਣੀ ਨੇ ਦੱਸਿਆ ਕਿ ਲੀਗ ਵਿੱਚ ਦੇਸ਼ ਦੇ ਨਾਮਵਰ ਖਿਡਾਰੀਆਂ ਸਮੇਤ ਵਿਦੇਸ਼ੀ ਖਿਡਾਰੀ ਵੀ ਹਿੱਸਾ ਲੈਣਗੇ। ਲੀਗ ਵਾਸਤੇ ਖਿਡਾਰੀਆਂ ਦੀ ਚੋਣ ਲਈ 25 ਅਤੇ 26 ਅਗਸਤ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਪੋਰਟਸ ਕੰਪਲੈਕਸ ਵਿੱਚ ਟਰਾਇਲ ਰੱਖੇ ਗਏ ਹਨ। ਇਨ੍ਹਾਂ ਟਰਾਇਲਾਂ ਦੌਰਾਨ ਬਿਹਤਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਦੀ ਅੰਤਿਮ ਚੋਣ ਕੀਤੀ ਜਾਵੇਗੀ ।ਚੁਣੇ ਗਏ ਖਿਡਾਰੀਆਂ ਨੂੰ ਢੁਕਵਾਂ ਮਿਹਨਤਾਨਾ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਜੇਤੂ ਟੀਮਾਂ ਨੂੰ ਵੱਡੇ ਇਨਾਮਾਂ ਨਾਲ ਨਿਵਾਜਿਆ ਜਾਵੇਗਾ ਅਤੇ ਟੂਰਨਾਮੈਂਟ ਦੇ ਸਰਵੋਤਮ ਧਾਵੀ ਅਤੇ ਜਾਫੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਪੰਜਾਬੀ ਸੰਗੀਤ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਨ ਵਾਲੀ

# ਮਨਪ੍ਰੀਤ ਅਖ਼ਤਰ





ਰਾਈ ਤੈਨੂੰ ਸੁੱਤਿਆਂ ਖ਼ਬਰ ਨਾ ਕਾਈ।
ਬਾਬਲਾ ਪਵਾਦੇ ਬੇੜੀਆਂ ਮੇਰੀ ਜੰਝ ਪੱਤਣਾਂ 'ਤੇ ਆਈ।

ਉੱਘੇ ਗੀਤਕਾਰ ਬਾਬੂ ਸਿੰਘ ਮਾਨ ਦੇ ਲਿਖੇ ਇਹ ਟੱਪੇ ਲੋਕ ਗਾਇਕਾ ਮਨਪ੍ਰੀਤ ਅਖ਼ਤਰ ਦੀ ਆਵਾਜ਼ ਅਤੇ ਸੰਗੀਤ ਦੇ ਸੁਮੇਲ ਨਾਲ ਜਦੋਂ ਹਵਾਵਾਂ ਵਿੱਚ ਗੂੰਜਦੇ ਹਨ ਤਾਂ ਸਮਾਂ ਜਿਵੇਂ ਰੁਕ ਜਾਂਦਾ ਹੈ। ਲੋਕ ਗਾਇਕਾ ਮਨਪ੍ਰੀਤ ਅਖ਼ਤਰ ਪੰਜਾਬੀ ਸੰਗੀਤ ਦਾ ਇੱਕ ਅਜਿਹਾ ਨਾਯਾਬ ਹੀਰਾ ਸੀ, ਜਿਸ ਦੀ ਚਮਕ ਨਾਲ ਪੰਜਾਬੀ ਸੰਗੀਤ ਰੁਸ਼ਨਾ ਗਿਆ ਸੀ। ਉਹ ਕਲਾਸੀਕਲ ਸੰਗੀਤ ਦੀ ਤਾਲੀਮ ਯਾਫ਼ਤਾ ਅਤੇ ਆਪਣੇ ਵੱਡਿਆ ਤੋਂ ਵਿਰਸੇ ਵਿੱਚ ਮਿਲੀ ਪੰਜਾਬੀ ਲੋਕ ਗਾਇਕੀ ਦੇ ਖ਼ਜ਼ਾਨੇ ਨਾਲ ਮਾਲਾਮਾਲ ਸੀ। ਉਸ ਨੇ ਜੋ ਵੀ ਗਾਇਆ ਮਿਆਰੀ ਗਾਇਆ ਤੇ ਉਸ ਦੇ ਗੀਤਾਂ ਨੂੰ ਸਰੋਤਿਆ ਦਾ ਭਰਭੂਰ ਪਿਆਰ ਵੀ ਮਿਲਿਆ।

ਪੰਜਾਬੀ ਸੰਗੀਤ ਦੀਆਂ ਅਮੀਰ ਪਰੰਪਰਾਵਾਂ ਨੂੰ ਜਿਨ੍ਹਾਂ ਲੋਕ ਗਾਇਕਾਵਾਂ ਨੇ ਜਿੰਦਾ ਰੱਖਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਉਨ੍ਹਾਂ 'ਚ ਗਾਇਕਾਵਾਂ ਦਾ ਨਾਂ ਪੰਜਾਬੀ ਸੰਗੀਤ ਜਗਤ ਵਿੱਚ ਬੜੇ ਅਦਬ ਨਾਲ ਲਿਆ ਜਾਂਦਾ ਹੈ। ਮਨਪ੍ਰੀਤ ਅਖ਼ਤਰ ਵੀ ਉਨ੍ਹਾਂ ਲੋਕ ਗਾਇਕਾਵਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਪੰਜਾਬੀ ਸੰਗੀਤ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਿਆ। ਆਪਣੇ ਸੰਗੀਤਕ ਸਫ਼ਰ ਦੌਰਾਨ ਉਸ ਨੇ ਪੰਜਾਬੀ ਸੰਗੀਤ ਦੀ ਹਰ ਵੰਨਗੀ ਗਾਈ। ਟੱਪੇ, ਬੋਲੀਆਂ, ਲੋਕ ਗੀਤ, ਸੁਹਾਗ, ਘੋੜੀਆਂ, ਲੰਮੀ ਹੇਕ ਵਾਲੇ ਗੀਤ, ਦੋ ਗਾਣਾ ਗੀਤ, ਏਕਲ ਗੀਤ, ਮਿਰਜ਼ਾ, ਹੀਰ, ਲੋਕ ਦਾਸਤਾਨਾਂ ਅਤੇ ਨਾਲ ਹੀ ਪੰਜਾਬੀ, ਹਿੰਦੀ ਫਿਲਮਾਂ ਵਿੱਚ ਪਿੱਠਵਰਤੀ ਗਾਇਕਾ ਵਜੋਂ ਉਸ ਨੇ ਹਰ ਤਰ੍ਹਾਂ ਦੇ ਗੀਤ ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ।

ਉਸ ਦਾ ਜਨਮ 24 ਜਨਵਰੀ 1965 ਵਿੱਚ ਮੁਕਤਸਰ ਵਿਖੇ ਉਸਤਾਦ ਕੀੜੇ ਖਾਂ ਸ਼ੌਕੀਨ ਅਤੇ ਨਸੀਬ ਬੀਬੀ ਦੇ ਘਰ ਹੋਇਆ। ਮਨਪ੍ਰੀਤ ਹੋਰੀਂ ਚਾਰ ਭੈਣ-ਭਰਾ ਹਨ, ਸਭ ਤੋਂ ਵੱਡੀ ਭੈਣ ਵੀਰਪਾਲ, ਉਸ ਤੋਂ ਛੋਟਾ ਭਰਾ ਗੁਰਾਂਦਿੱਤਾ ਤੇ ਤੀਸਰੇ ਨੰਬਰ 'ਤੇ ਮਨਪ੍ਰੀਤ ਤੇ ਸਭ ਤੋਂ ਛੋਟਾ ਉਨ੍ਹਾਂ ਦਾ ਭਰਾ ਮਸ਼ਹੂਰ ਗਾਇਕ ਦਿਲਸ਼ਾਦ ਅਖ਼ਤਰ। ਮਨਪ੍ਰੀਤ ਦੇ ਪਿਤਾ ਉਸਤਾਦ ਕੀੜੇ ਖਾਂ ਸ਼ੌਕੀਨ ਦਾ ਪੰਜਾਬੀ ਲੋਕ ਗਾਇਕੀ ਵਿੱਚ ਬਹੁਤ ਵੱਡਾ ਨਾਂ ਸੀ ਜੋ ਲੋਕ ਗਾਇਕੀ ਦੇ ਨਾਲ ਨਾਲ ਕਲਾਸੀਕਲ ਗਾਇਕੀ ਵਿੱਚ ਵੀ ਉੱਚਾ ਮੁਕਾਮ ਰੱਖਦਾ ਸੀ। ਉਸ ਦੀ 20ਵੀਂ ਸਦੀ ਦੇ ਪਿਛਲੇ ਅੱਧ ਵਿੱਚ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਮਕਬੂਲੀਅਤ ਸਿਖਰਾਂ 'ਤੇ ਸੀ। ਪਰੰਪਰਿਕ ਢੱਡ ਸਾਰੰਗੀ ਨਾਲ ਆਪਣੀ ਗਾਇਕੀ ਨੂੰ ਸ਼ੁਰੂ ਕਰਨ ਵਾਲੇ ਉਸਤਾਦ ਕੀੜੇ ਖਾਂ ਨੇ ਸਟੇਜੀ ਗਾਇਕੀ, ਦੋਗਾਣੇ ਅਤੇ ਸੋਲੋ ਵੀ ਗਾਇਆ ਅਤੇ ਅਖੀਰ ਧਾਰਮਿਕ ਗਾਇਕੀ ਨੂੰ ਅਪਣਾ ਲਿਆ। ਸੋ ਘਰ ਵਿੱਚ ਸੰਗੀਤਕ ਮਾਹੌਲ ਹੋਣ ਕਾਰਨ ਮਨਪ੍ਰੀਤ ਅਖ਼ਤਰ ਬਚਪਨ ਤੋਂ ਹੀ ਸੰਗੀਤ ਪ੍ਰਤੀ ਲਗਾਅ ਰੱਖਣ ਲੱਗੀ। ਅਜੇ ਉਸ ਦੀ ਉਮਰ ਦੋ- ਤਿੰਨ ਸਾਲ ਹੀ ਸੀ ਜਦੋਂ ਉਹ ਘਰ ਵਿੱਚ ਆਪਣੇ ਪਿਤਾ ਜੀ ਨੂੰ ਰਿਆਜ਼ ਕਰਦਿਆਂ ਸੁਣਦੀ ਤੇ ਫਿਰ ਉਨ੍ਹਾਂ ਵੱਲੋਂ ਗਾਏ ਜਾਂਦੇ ਗੀਤਾਂ ਤੇ ਬੰਦਸ਼ਾਂ ਨੂੰ ਦੁਹਰਾਉਂਦੀ। ਇਸ ਤਰ੍ਹਾਂ ਬਚਪਨ ਵਿੱਚ ਹੀ ਉਸ ਨੇ ਆਪਣੇ ਪਿਤਾ ਤੋਂ ਸੁਰ ਦਾ ਗਿਆਨ ਹਾਸਲ ਕਰਨਾ ਸ਼ੁਰੂ ਕਰ ਦਿੱਤਾ ਸੀ। ਸੰਗੀਤ ਦੇ ਨਾਲ ਨਾਲ ਮਨਪ੍ਰੀਤ ਦੀ ਰੁਚੀ ਖੇਡਾਂ ਵਿੱਚ ਵੀ ਰਹੀ। ਉਹ ਵਾਲੀਵਾਲ, ਅਥਲੈਟਿਕਸ ਅਤੇ ਕਬੱਡੀ ਦੀ ਵਧੀਆ ਖਿਡਾਰਨ ਸੀ ਅਤੇ ਕਬੱਡੀ ਟੀਮ ਦੀ ਤਾਂ ਉਹ ਕਪਤਾਨ ਵੀ ਰਹੀ। ਉਸ ਨੇ ਕਲਾਸੀਕਲ ਸੰਗੀਤ ਦੀ ਤਾਲੀਮ ਸਰਕਾਰੀ ਬਰਜਿੰਦਰਾ ਕਾਲਜ ਦੇ ਪ੍ਰੋਫੈਸਰ ਪੰਡਿਤ ਕ੍ਰਿਸ਼ਨ ਕਾਂਤ ਸ਼ਰਮਾ ਤੋਂ ਹਾਸਲ ਕੀਤੀ ਜੋ ਦਿਲਸ਼ਾਦ ਅਖ਼ਤਰ ਦੇ ਵੀ ਸੰਗੀਤਕ ਉਸਤਾਦ ਸਨ। ਦਸਵੀਂ ਕਰਨ ਤੋਂ ਬਾਅਦ ਮਨਪ੍ਰੀਤ ਦਾ ਪਰਿਵਾਰ ਕੋਟਕਪੂਰੇ ਆ ਵੱਸਿਆ ਜਿੱਥੇ ਉਸ ਨੇ ਗਾਂਧੀ ਮੈਮੋਰੀਅਲ ਕਾਲਜ ਫਾਰ ਵਿਮੈੱਨ ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। ਬੀ.ਏ. ਕਰਦਿਆਂ ਉਸ ਨੇ ਇੰਟਰ ਕਾਲਜ ਯੂਥ ਫੈਸਟੀਵਲਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਿੱਥੇ ਗੀਤ ਮੁਕਾਬਲਿਆਂ ਵਿੱਚ ਉਸ ਨੇ ਗੋਲਡ ਮੈਡਲ ਜਿੱਤਿਆ। ਮਨਪ੍ਰੀਤ ਪੰਜਾਬੀ ਸੰਗੀਤ ਜਗਤ ਦੀ ਪਹਿਲੀ ਅਜਿਹੀ ਗਾਇਕਾ ਸੀ ਜੋ ਵਿਰਸੇ ਵਿੱਚ ਮਿਲੀ ਲੋਕ ਗਾਇਕੀ ਦੀ ਤਾਲੀਮ ਤਾਂ ਰੱਖਦੀ ਹੀ ਸੀ, ਪਰ ਨਾਲ ਹੀ ਉਸ ਨੇ ਸੰਗੀਤ ਵਿੱਚ ਉੱਚ ਵਿੱਦਿਅਕ ਯੋਗਤਾ ਵੀ ਪ੍ਰਾਪਤ ਕੀਤੀ ਤੇ ਬਤੌਰ ਸੰਗੀਤ ਲੈਕਚਰਾਰ ਦੇ ਤੌਰ 'ਤੇ ਸਰਕਾਰੀ ਸਕੂਲਾਂ ਵਿੱਚ ਆਪਣੀਆਂ ਨਿਰੰਤਰ ਸੇਵਾਵਾਂ ਦਿੱਤੀਆਂ।

ਬੇਸ਼ੱਕ ਉਹ ਅਜਿਹੇ ਪਰਿਵਾਰ ਨਾਲ ਸਬੰਧ ਰੱਖਦੀ ਸੀ ਜਿਨ੍ਹਾਂ ਦਾ ਸੰਗੀਤ ਦੇ ਖੇਤਰ ਵਿੱਚ ਉੱਚਾ ਨਾਮ ਤੇ ਰੁਤਬਾ ਸੀ, ਪਰ ਸੰਗੀਤਕ ਘਰਾਣਾ ਹੋਣ ਦੇ ਬਾਵਜੂਦ ਮਨਪ੍ਰੀਤ ਦੇ ਖ਼ਾਨਦਾਨ ਵਿੱਚ ਕੁੜੀਆਂ ਦਾ ਗਾਉਣਾ ਤੇ ਉਸ ਨੂੰ ਇੱਕ ਕਿੱਤੇ ਵਜੋਂ ਅਪਣਾਉਣਾ ਪਸੰਦ ਨਹੀਂ ਕੀਤਾ ਜਾਂਦਾ ਸੀ ਜਿਸ ਕਰਕੇ ਗਾਇਕੀ ਵਿੱਚ ਮੁਹਾਰਤ ਹਾਸਲ ਕਰਨ ਦੇ ਬਾਵਜੂਦ ਉਸ ਨੇ ਸੰਗੀਤ ਦੀ ਦੁਨੀਆ ਵਿੱਚ ਕਦਮ ਰੱਖਣਾ ਮੁਨਾਸਿਬ ਨਾ ਸਮਝਿਆ, ਪਰ ਜਦੋਂ ਉਸ ਦਾ ਵਿਆਹ ਪਿੰਡ ਕੱਦੋਂ ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਸੰਜੀਵ ਕੁਮਾਰ ਨਾਲ ਹੋਇਆ ਤਾਂ ਸਹੁਰੇ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਮਨਪ੍ਰੀਤ ਦੇ ਪਤੀ ਨੇ ਉਸ ਨੂੰ ਗਾਇਕੀ ਦੇ ਖੇਤਰ ਵਿੱਚ ਕਦਮ ਰੱਖਣ ਲਈ ਉਤਸ਼ਾਹਿਤ ਕੀਤਾ ਅਤੇ ਨਾਲ ਹੀ ਉਸ ਨੂੰ ਸੰਗੀਤ ਵਿੱਚ ਅੱਗੇ ਵਧਣ ਤੇ ਹੋਰ ਬਿਹਤਰ ਕਰਨ ਲਈ ਹਮੇਸ਼ਾਂ ਹੌਸਲਾ ਅਫ਼ਜ਼ਾਈ ਕੀਤੀ।

ਮਨਪ੍ਰੀਤ ਦਾ ਛੋਟਾ ਭਰਾ ਦਿਲਸ਼ਾਦ ਅਖ਼ਤਰ ਪੰਜਾਬੀ ਗਾਇਕੀ ਵਿੱਚ ਬਹੁਤ ਵੱਡਾ ਨਾਂ ਸੀ ਜਿਸ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਆਪਣੀ ਖ਼ੂਬਸੂਰਤ ਗਾਇਕੀ ਰਾਹੀਂ ਲੱਖਾਂ ਲੋਕਾਂ ਨੂੰ ਆਪਣਾ ਦੀਵਾਨਾ ਬਣਾ ਲਿਆ। ਪਰ ਬਹੁਤ ਥੋੜ੍ਹੀ ਉਮਰ ਵਿੱਚ ਹੀ ਉਸ ਦਾ ਕਤਲ ਕਰ ਦਿੱਤਾ ਗਿਆ। ਇੰਝ ਲੱਖਾਂ ਦਿਲਾਂ ਦੀ ਧੜਕਣ ਬਣੇ ਦਿਲਸ਼ਾਦ ਦੀ ਦੁਖਦਾਈ ਮੌਤ ਤੋਂ ਬਾਅਦ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਡਿੱਗ ਪਿਆ। ਹੁਣ ਬਦਲੇ ਹਾਲਾਤ ਵਿੱਚ ਗਾਇਕੀ ਦੀ ਖ਼ਾਨਦਾਨੀ ਪਰੰਪਰਾ ਨੂੰ ਅੱਗੇ ਲੈ ਕੇ ਜਾਣ ਵਾਲੀ ਇਕੱਲੀ ਵਾਰਸ ਮਨਪ੍ਰੀਤ ਹੀ ਸੀ ਜਿਸ ਨੇ ਸੰਗੀਤ ਦੀ ਵਿੱਦਿਆ ਵੀ ਹਾਸਲ ਕੀਤੀ ਸੀ ਤੇ ਉਸ 'ਤੇ ਸੰਗੀਤ ਦੀ ਦੇਵੀ ਦੀ ਪੂਰੀ ਕਿਰਪਾ ਵੀ ਸੀ। ਪੰਜਾਬੀ ਸੰਗੀਤ ਜਗਤ ਦੀਆਂ ਬਹੁਤ ਸਾਰੀਆਂ ਉੱਘੀਆਂ ਸ਼ਖ਼ਸੀਅਤਾਂ ਵੱਲੋਂ ਮਨਪ੍ਰੀਤ ਨੂੰ ਇਸ ਗੱਲ ਲਈ ਮਨਾਇਆ ਗਿਆ ਕਿ ਉਹ ਪੰਜਾਬੀ ਸੰਗੀਤ ਜਗਤ ਵਿੱਚ ਕਦਮ ਰੱਖਣ ਤੇ ਆਪਣੇ ਛੋਟੇ ਭਰਾ ਦਿਲਸ਼ਾਦ ਦੇ ਅਧੂਰੇ ਰਹਿ ਗਏ ਸੁਪਨਿਆ ਨੂੰ ਪੂਰਾ ਕਰਨ। ਇਸ ਤਰ੍ਹਾਂ ਉਸ ਨੇ ਪੰਜਾਬੀ ਸੰਗੀਤ ਜਗਤ ਦੇ ਖੇਤਰ ਵਿੱਚ ਕਦਮ ਰੱਖਿਆ।

ਉਸ ਨੇ ਲੋਕ ਗਾਇਕੀ ਦੇ ਨਾਲ ਨਾਲ ਏਕਲ ਗਾਇਕੀ ਅਤੇ ਦੋਗਾਣਾ ਗਾਇਕੀ ਦੋਹਾਂ ਨੂੰ ਬਰਾਬਰ ਦੀ ਤਰਜੀਹ ਦਿੱਤੀ। ਆਪਣੀ ਗਾਇਕੀ ਦੇ ਸਫ਼ਰ ਦੌਰਾਨ ਉਸ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਅਨੇਕਾਂ ਸੱਭਿਆਚਾਰਕ ਪ੍ਰੋਗਰਾਮਾਂ, ਮੇਲਿਆਂ, ਟੈਲੀਵਿਜ਼ਨ ਦੇ ਗੀਤ ਸੰਗੀਤ ਦੇ ਪ੍ਰੋਗਰਾਮਾਂ ਵਿੱਚ ਗਾਇਆ। ਇਹ ਗੱਲ 1996 ਤੋਂ ਪਹਿਲਾਂ ਦੀ ਹੈ ਜਦੋਂ ਮਨਪ੍ਰੀਤ ਨੇ ਅਜੇ ਗਾਇਕੀ ਦੇ ਖੇਤਰ ਵਿੱਚ ਪੱਕੇ ਤੌਰ 'ਤੇ ਕਦਮ ਨਹੀਂ ਰੱਖਿਆ ਸੀ। ਉਹ ਗੀਤ ਗਾ ਤਾਂ ਰਹੀ ਸੀ, ਪਰ ਪਰਦੇ ਦੇ ਪਿੱਛੇ ਰਹਿ ਕੇ ਪਿੱਠਵਰਤੀ ਗਾਇਕਾ ਦੇ ਤੌਰ 'ਤੇ ਹੀ ਉਸ ਨੂੰ ਗੀਤ ਗਾਉਣਾ ਪਸੰਦ ਸੀ। ਇਸੇ ਸਮੇਂ ਦੌਰਾਨ ਉਸ ਨੇ ਸ਼ੌਕੀਆ ਹੀ ਇੱਕ ਟੇਪ ਰਿਕਾਰਡ ਕਰਵਾਈ ਜਿਸ ਦਾ ਟਾਈਟਲ ਸੀ 'ਤੁਰ ਪ੍ਰਦੇਸ ਗਿਓਂ'। ਜਲੰਧਰ ਦੂਰਦਰਸ਼ਨ ਲਈ ਉਹ ਜਿਹੜਾ ਵੀ ਗੀਤ ਰਿਕਾਰਡ ਕਰਵਾਉਂਦੀ ਉਸ ਦੇ ਫਿਲਮਾਂਕਣ ਵਿੱਚ ਉਹ ਹਿੱਸਾ ਨਾ ਲੈਂਦੀ। 1996 ਦੀ ਹੀ ਗੱਲ ਹੈ ਜਦੋਂ ਮਨਪ੍ਰੀਤ ਦੀ ਚੋਣ ਸਟਾਰ ਪਲੱਸ ਦੇ ਸੰਗੀਤਕ ਪ੍ਰਤਿਭਾ ਖੋਜ ਮੁਕਾਬਲੇ ਦੇ ਸ਼ੋਅ 'ਮੇਰੀ ਆਵਾਜ਼ ਸੁਨੋ' ਲਈ ਹੋ ਗਈ, ਜਿਸ ਨੂੰ ਮਸ਼ਹੂਰ ਅਦਾਕਾਰ ਅਨੂ ਕਪੂਰ ਹੋਸਟ ਕਰ ਰਿਹਾ ਸੀ। ਸਟਾਰ ਪਲੱਸ ਟੈਲੀਵਿਜ਼ਨ, ਲਤਾ ਮੰਗੇਸ਼ਕਰ ਅਤੇ ਯਸ਼ ਚੋਪੜਾ ਦੀ ਕੰਪਨੀ ਮੈਟਾਵਿਜ਼ਨ ਦੀ ਸਾਂਝੀ ਪੇਸ਼ਕਸ਼ ਇਸ ਰਿਐਲਟੀ ਸ਼ੋਅ ਦਾ ਪਹਿਲਾ ਐਪੀਸੋਡ 1996 ਵਿੱਚ ਟੈਲੀਕਾਸਟ ਹੋਇਆ ਸੀ ਤੇ ਜਿਸ ਨੂੰ ਮਸ਼ਹੂਰ ਗਾਇਕਾ ਸੁਨਿਧੀ ਚੌਹਾਨ ਨੇ ਜਿੱਤਿਆ ਸੀ। ਮੈਗਾ ਫਾਈਨਲ ਤੱਕ ਇਸ ਸ਼ੋਅ ਵਿੱਚ ਪਹੁੰਚਣ ਵਾਲੀ ਮਨਪ੍ਰੀਤ ਦੀ ਆਵਾਜ਼ ਅਤੇ ਗਾਇਕੀ ਨੂੰ ਸੰਗੀਤ ਦੀਆਂ ਕਈ ਮਸ਼ਹੂਰ ਹਸਤੀਆਂ ਨੇ ਸੁਣਿਆ ਜਿਨ੍ਹਾਂ ਵਿੱਚੋਂ ਲਤਾ ਮੰਗੇਸ਼ਕਰ, ਹਰੀਹਰਨ ਅਤੇ ਪ੍ਰਵੀਨ ਸੁਲਤਾਨਾ ਪ੍ਰਮੁੱਖ ਸਨ। ਇਸੇ ਪ੍ਰੋਗਰਾਮ ਦੀ ਬਦੌਲਤ ਬਾਅਦ ਵਿੱਚ ਯਸ਼ ਚੋਪੜਾ ਦੀ ਪਤਨੀ ਪਾਮੇਲਾ ਚੋਪੜਾ ਰਾਹੀਂ ਮਨਪ੍ਰੀਤ ਨੂੰ ਕਰਨ ਜੌਹਰ ਦੀ ਲਿਖੀ ਅਤੇ ਨਿਰਦੇਸ਼ਿਤ ਕੀਤੀ ਪਹਿਲੀ ਹਿੰਦੀ ਫਿਲਮ 'ਕੁਛ ਕੁਛ ਹੋਤਾ ਹੈ' ਵਿੱਚ ਗੀਤ ਗਾਉਣ ਦਾ ਮੌਕਾ ਮਿਲਿਆ। ਅਕਤੂਬਰ 1998 ਵਿੱਚ ਰਿਲੀਜ਼ ਹੋਈ ਇਸ ਫਿਲਮ ਵਿੱਚ ਮਨਪ੍ਰੀਤ ਨੇ ਅਲਕਾ ਯਾਗਨਿਕ ਅਤੇ ਉਦਿਤ ਨਰਾਇਣ ਨਾਲ ਡਿਊਟ ਗੀਤ ਗਾਇਆ। ਜਤਿਨ ਲਲਿਤ ਦੇ ਸੰਗੀਤ ਨਾਲ ਸਜੇ ਅਤੇ ਸਮੀਰ ਦੁਆਰਾ ਲਿਖੇ ਇਸ ਗੀਤ ਦੇ ਬੋਲ ਸਨ;

ਤੁਝੇ ਯਾਦ ਨਾ ਮੇਰੀ ਆਈ
ਕਿਸੀ ਸੇ ਅਬ ਕਿਆ ਕਹਿਨਾ।
ਦਿਲ ਰੋਇਆ ਤੇ ਅੱਖ ਭਰ ਆਈ
ਕਿਸੀ ਸੇ ਅਬ ਕਿਆ ਕਹਿਨਾ।

ਇਹ ਗੀਤ ਬਹੁਤ ਮਕਬੂਲ ਹੋਇਆ।

(ਬਾਕੀ ਸਫ਼ਾ 27 'ਤੇ)

# ਆਪਣੀ ਸ਼ਾਨਦਾਰ ਅਦਾਕਾਰੀ ਨਾਲ ਸਭ ਦਾ ਮਨ ਮੋਹ ਲੈਂਦੀ ਸੀ ਅਭਿਨੇਤਰੀ ਨੀਲੋ

**ਭੁਪਿੰਦਰ ਸਿੰਘ ਆਸ਼ਟ**



ਜੇਕਰ ਪਾਕਿਸਤਾਨੀ ਫ਼ਿਲਮ ਅਭਿਨੇਤਰੀਆਂ ਦੀ ਗੱਲ ਕਰੀਏ ਤਾਂ ਉਸ ਵਿੱਚ ਬਹੁਤ ਸਾਰੇ ਨਾਂਅ ਉੱਭਰ ਕੇ ਸਾਹਮਣੇ ਆਉਂਦੇ ਹਨ ਜਿਵੇਂ ਸਬੀਹਾ, ਅੰਜੂਮਨ, ਦੀਬਾ, ਆਲੀਆ, ਆਸੀਆ, ਮੁਮਤਾਜ਼ ਚਕੋਰੀ, ਬਾਬਰਾ ਸ਼ਰੀਫ਼, ਫ਼ਿਰਦੌਸ, ਹੁਸਨਾ ਤੇ ਸ਼ੀਰੀਂ ਪਰ ਅਦਾਕਾਰਾ ਨੀਲੋ ਇੱਕ ਵੱਖਰੀ ਸ਼ਖ਼ਸੀਅਤ ਦੀ ਮਾਲਕ ਸੀ ਜਿਸ ਨੂੰ ਮਨਮੋਹਕ ਅਦਾਕਾਰੀ ਅਤੇ ਨ੍ਰਿਤ 'ਤੇ ਮੁਹਾਰਤ ਹਾਸਲ ਸੀ। ਨੀਲੋ ਦਾ ਜਨਮ 30 ਜੂਨ, 1940 ਨੂੰ ਜ਼ਿਲ੍ਹਾ ਸਰਗੋਧਾ (ਅਣਵੰਡੇ ਪੰਜਾਬ) ਦੇ ਪਿੰਡ ਭੇਰਾ ਦੇ ਇਸਾਈ ਪਰਿਵਾਰ ਵਿੱਚ ਹੋਇਆ ਸੀ। ਨੀਲੋ ਦਾ ਬਚਪਨ ਦਾ ਨਾਮ ਸੰਥਿਆ ਅਲੈਗਜੈਂਡਰ ਫ਼ਰਨਾਂਡਿਸ ਸੀ।

ਉਸ ਨੂੰ ਬਚਪਨ ਤੋਂ ਹੀ ਫ਼ਿਲਮਾਂ ਵਿੱਚ ਕੰਮ ਕਰਨ ਦਾ ਸ਼ੌਕ ਸੀ ਜੋ 12 ਸਾਲ ਦੀ ਉਮਰ ਵਿੱਚ ਹੀ ਉਸ ਨੂੰ ਲਾਹੌਰ ਲੈ ਆਇਆ। ਉਸ ਨੂੰ ਸਭ ਤੋਂ ਪਹਿਲਾ ਬਰੇਕ 1956 ਵਿੱਚ ਫ਼ਿਲਮ 'ਭਵਾਨੀ ਜੰਕਸ਼ਨ' ਵਿੱਚ ਮਿਲਿਆ ਸੀ। ਇਸ ਪਿੱਛੋਂ ਉਸ ਨੂੰ ਫ਼ਿਲਮ 'ਸਾਤ ਲਾਖ' ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਇਸ ਫ਼ਿਲਮ ਨੇ ਉਸ ਦੀ ਸਰਵੋਤਮ ਅਦਾਕਾਰੀ ਅਤੇ ਇਸ 'ਤੇ ਫ਼ਿਲਮਾਏ ਗੀਤਾਂ ਕਰਕੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ। ਇਸ ਫ਼ਿਲਮ ਨੂੰ ਪਾਕਿਸਤਾਨ ਦੇ ਵੱਕਾਰੀ ਪੁਰਸਕਾਰ 'ਨਿਗਾਰ ਐਵਾਰਡ' ਨਾਲ ਨਿਵਾਜਿਆ ਗਿਆ।

ਨੀਲੋ ਇੱਕ ਗ਼ੈਰਤਮੰਦ ਅਦਾਕਾਰਾ ਸੀ। ਉਸ ਨੇ ਕਦੇ ਵੀ ਗ਼ਲਤ ਦੁਨੀਆਵੀ ਕਦਰਾਂ-ਕੀਮਤਾਂ ਨਾਲ ਸਮਝੌਤਾ ਨਹੀਂ ਕੀਤਾ। ਘਟਨਾ ਉਸ ਵੇਲੇ ਦੀ ਹੈ ਜਦੋਂ ਇਰਾਨ ਦੇ ਸ਼ਾਹ ਨੂੰ ਪਾਕਿਸਤਾਨ ਆਉਣ ਦਾ ਸੱਦਾ ਭੇਜਿਆ ਗਿਆ। ਸ਼ਾਹ ਦੀ ਆਮਦ 'ਤੇ ਗਵਰਨਰ ਨੇ ਨੀਲੋ ਦੇ ਰਕਸ ਦਾ ਇੱਕ ਪ੍ਰੋਗਰਾਮ ਉਲੀਕ ਰੱਖਿਆ ਸੀ, ਪਰ ਅਦਾਕਾਰਾ ਨੀਲੋ ਨੇ ਸ਼ਾਹ ਦੇ ਸਵਾਗਤੀ ਪ੍ਰੋਗਰਾਮ ਨੂੰ ਠੁਕਰਾ ਦਿੱਤਾ ਸੀ। ਗਵਰਨਰ ਨੇ ਆਪਣੇ ਅਸਰ ਰਸੂਖ਼ ਨਾਲ ਨੀਲੋ ਨੂੰ ਘਰ ਤੋਂ ਜ਼ਬਰੀ ਚੁਕਵਾਉਣ ਦੇ ਹੁਕਮ ਦੇ ਦਿੱਤੇ ਸਨ। ਇਸ ਹਰਕਤ ਤੋਂ ਨਾਰਾਜ਼ ਹੋ ਕੇ ਨੀਲੋ ਨੇ ਕਾਫ਼ੀ ਮਾਤਰਾ ਵਿੱਚ ਨੀਂਦ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਸ ਨੂੰ ਨਵੀਂ ਜ਼ਿੰਦਗੀ ਮਿਲੀ। ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਫ਼ਿਲਮ ਡਾਇਰੈਕਟਰ ਤੇ ਲੇਖਕ ਜਨਾਬ ਰਿਆਜ਼ ਸ਼ਾਹਿਦ ਨੇ ਨੀਲੋ ਨੂੰ ਵਿਆਹ ਦੀ ਪੇਸ਼ਕਸ਼ ਕਰ ਦਿੱਤੀ।

ਸੰਨ 1965 ਵਿੱਚ ਰਿਆਜ਼ ਸ਼ਾਹਿਦ ਅਤੇ ਅਦਾਕਾਰਾ ਨੀਲੋ ਵਿਆਹ ਦੇ ਬੰਧਨ ਵਿੱਚ ਬੱਝੇ। ਵਿਆਹ ਤੋਂ ਬਾਅਦ ਨੀਲੋ ਨੇ ਆਪਣਾ ਪਰਿਵਾਰਕ ਨਾਂਅ 'ਆਬਿਦਾ ਰਿਆਜ਼' ਰੱਖ ਲਿਆ। ਇਨ੍ਹਾਂ ਦੇ ਘਰ ਦੋ ਪੁੱਤਰ ਅਤੇ ਇੱਕ ਧੀ ਨੇ ਜਨਮ ਲਿਆ। ਵਿਆਹ ਤੋਂ ਕੁਝ ਅਰਸੇ ਮਗਰੋਂ ਨੀਲੋ ਨੇ ਪਤੀ ਦੀ ਸਲਾਹ ਨਾਲ ਫ਼ਿਲਮ ਇੰਡਸਟਰੀ ਤੋਂ ਦੂਰੀ ਬਣਾ ਲਈ ਸੀ। ਉਸ ਦੀ ਜ਼ਿੰਦਗੀ ਵਿੱਚ ਇੱਕ ਸਮਾਂ ਉਹ ਵੀ ਆਇਆ ਜਦੋਂ ਉਸ ਦੇ ਪਤੀ ਰਿਆਜ਼ ਸ਼ਾਹਿਦ ਦੀ ਬਲੱਡ ਕੈਂਸਰ ਕਰਕੇ ਮੌਤ ਹੋ ਗਈ ਸੀ। ਪਤੀ ਦੀ ਮੌਤ ਤੋਂ ਬਾਅਦ ਉਹ ਆਰਥਿਕ ਤੌਰ 'ਤੇ ਲਾਚਾਰ ਹੋ ਗਈ। ਲਿਹਾਜ਼ਾ ਉਸ ਨੂੰ 1972 ਵਿੱਚ ਦੁਬਾਰਾ ਫ਼ਿਲਮ ਇੰਡਸਟਰੀ ਵੱਲ ਰੁਖ਼ ਕਰਨਾ ਪਿਆ। ਉਸ ਨੇ ਫ਼ਿਲਮ 'ਖ਼ਤਰਨਾਕ' ਵਿੱਚ ਕੰਮ ਕੀਤਾ। ਇਸ ਫ਼ਿਲਮ ਨੇ ਵੀ ਸਫ਼ਲਤਾ ਦੇ ਝੰਡੇ ਗੱਡ ਦਿੱਤੇ ਜਿਸ ਸਦਕਾ ਨੀਲੋ ਦੀ ਆਰਥਿਕ ਸਥਿਤੀ ਸੁਧਰ ਗਈ। 'ਖ਼ਤਰਨਾਕ' ਫ਼ਿਲਮ ਤੋਂ ਪਹਿਲਾਂ ਉਸ ਨੇ ਫ਼ਿਲਮ 'ਜ਼ਰਕਾ' ਵਿੱਚ ਅਦਾਕਾਰੀ ਕੀਤੀ ਜਿਸ ਦੇ ਡਾਇਰੈਕਟਰ ਉਸ ਦੇ ਪਤੀ ਸਨ। ਇਹ ਫ਼ਿਲਮ ਨੀਲੋ ਦੀ ਜ਼ਿੰਦਗੀ ਵਿੱਚ ਮੀਲ ਦਾ ਪੱਥਰ ਸਾਬਤ ਹੋਈ। ਫ਼ਿਲਮ ਦੀ ਸਫ਼ਲਤਾ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਆਪਣੀ ਧੀ ਦਾ ਨਾਮ ਵੀ 'ਜ਼ਰਕਾ' ਰੱਖਿਆ ਸੀ।

ਨੀਲੋ ਨੇ ਆਪਣੀ ਜ਼ਿੰਦਗੀ ਵਿੱਚ 150 ਦੇ ਕਰੀਬ ਉਰਦੂ, ਪੰਜਾਬੀ ਤੇ ਪਸ਼ਤੋ ਫ਼ਿਲਮਾਂ ਵਿੱਚ ਕੰਮ ਕੀਤਾ। ਫ਼ਿਲਮ ਇੰਡਸਟਰੀ ਵਿੱਚ ਉਹ ਪੰਜਾਹ ਸਾਲ ਸਰਗਰਮ ਰਹੀ। ਉਸ ਦੀਆਂ ਹਿੱਟ ਫ਼ਿਲਮਾਂ ਹਨ:- ਜ਼ਰਕਾ, ਸ਼ੇਰ ਦੀ ਬੱਚੀ, ਲਾਡੋ, ਖ਼ਤਰਨਾਕ, ਡਾਚੀ, ਦਿਲ ਦਾ ਜਾਨੀ, ਜੱਟ ਕੁੜੀਆਂ ਤੋਂ ਡਰਦਾ ਮਾਰਾ, ਸਾਤ ਲਾਖ, ਸਬੀਰਾ, ਚੰਗੇਜ਼ ਖ਼ਾਨ, ਦਰਬਾਰ, ਕੋਇਲ, ਸੁੱਚੇ ਮੋਤੀ, ਨਾਗਿਨ, ਯਾਰ ਬੇਲੀ, ਅਜਰਾ ਅਤੇ ਬੰਜਾਰਨ ਆਦਿ। ਅਦਾਕਾਰਾ ਨੀਲੋ ਨੂੰ ਆਪਣੀ ਬਿਹਤਰੀਨ ਅਦਾਕਾਰੀ ਸਦਕਾ ਕਈ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਉਸ ਨੂੰ ਚਾਰ ਵਾਰੀ ਪਾਕਿਸਤਾਨ ਦਾ ਵੱਕਾਰੀ ਪੁਰਸਕਾਰ 'ਨਿਗਾਰ ਐਵਾਰਡ' ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਉਸ ਨੂੰ ਇੱਕ ਹੋਰ ਐਵਾਰਡ 'ਸਿਤਾਰਾ-ਏ-ਇਮਤਿਆਜ਼' ਰਾਸ਼ਟਰਪਤੀ ਵੱਲੋਂ ਪ੍ਰਦਾਨ ਕੀਤਾ ਗਿਆ।

ਨੀਲੋ ਦੇ ਦੋ ਪੁੱਤਰਾਂ ਦੇ ਨਾਮ ਸ਼ਾਨ ਤੇ ਸ਼ਾਹਿਦ ਹਨ ਜੋ ਕਿ ਫ਼ਿਲਮ ਇੰਡਸਟਰੀ ਵਿੱਚ ਅਦਾਕਾਰ ਦੇ ਤੌਰ 'ਤੇ ਚੰਗਾ ਨਾਮ ਕਮਾ ਰਹੇ ਹਨ। ਨੀਲੋ ਨੂੰ ਆਪਣੀ ਢਲਦੀ ਉਮਰ 'ਚ ਆ ਕੇ ਫ਼ਿਲਮਾਂ ਤੋਂ ਕਿਨਾਰਾ ਕਰਨਾ ਪਿਆ। ਅਖ਼ੀਰ ਇਹ ਅਭਿਨੇਤਰੀ 23 ਜਨਵਰੀ, 2021 ਨੂੰ ਆਪਣੇ ਚਾਹੁਣ ਵਾਲਿਆਂ ਨੂੰ ਸਦਾ ਲਈ ਵਿਛੋੜਾ ਦੇ ਗਈ।

## ਐਮ.ਐਸ.ਪੀ. ਵਪਾਰ ਸਮਝੌਤਾ

ਇਸ ਨਾਲ ਭਾਰਤੀ ਕਿਸਾਨਾਂ ਨੂੰ ਆਪਣੀ ਫ਼ਸਲ ਅਤੇ ਹੋਰ ਉਤਪਾਦਾਂ ਦੇ ਚੰਗੇ ਭਾਅ ਮਿਲਣ ਵਿੱਚ ਮੁਸ਼ਕਿਲ ਆ ਸਕਦੀ ਹੈ।' ਕਿਸਾਨ ਜਥੇਬੰਦੀਆਂ ਨੂੰ ਇਹ ਵੀ ਡਰ ਹੈ ਕਿ ਇਸ ਤਰ੍ਹਾਂ ਦੇ ਸਮਝੌਤਿਆਂ ਨਾਲ ਭਵਿੱਖ ਵਿੱਚ ਐਮ.ਐਸ.ਪੀ. ਅਤੇ ਖੁਰਾਕ ਸੁਰੱਖਿਆ ਨਾਲ ਜੁੜੀਆਂ ਨੀਤੀਆਂ 'ਤੇ ਅਸਰ ਪੈ ਸਕਦਾ ਹੈ।

ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਸੰਘਰਸ਼ ਕਰਨ, ਬਿਆਨ ਤੇ ਭਾਸ਼ਣ ਦੇਣ ਤੱਕ ਹੀ ਸੀਮਿਤ ਨਾ ਰਹਿਣ ਸਗੋਂ ਪਬਲਿਕ ਪਲੇਟਫ਼ਾਰਮਾਂ ਸਮੇਤ ਸੋਸ਼ਲ ਮੀਡੀਆ ਉੱਪਰ ਆਪਣਾ 'ਬਲਿਊ ਪ੍ਰਿੰਟ' ਪੇਸ਼ ਕਰਨ। ਕਿਸਾਨ ਕੇਂਦਰ ਸਰਕਾਰ ਵਿਰੁੱਧ ਸੜਕਾਂ 'ਤੇ ਸੰਘਰਸ਼ ਕਰਨ ਦੇ ਨਾਲ ਹੀ ਵਿਸ਼ੇਸ਼ ਸੈਮੀਨਾਰ, ਗੋਸ਼ਟੀਆਂ, ਕਨਵੈਨਸ਼ਨਾਂ ਅਤੇ ਸਭਾਵਾਂ ਕਰਵਾ ਕੇ ਭਾਰਤ- ਅਮਰੀਕਾ ਸਮਝੌਤੇ ਦੀ ਪੂਰੀ ਅਸਲੀਅਤ ਨੂੰ ਆਮ ਲੋਕਾਂ ਦੇ ਸਾਹਮਣੇ ਰੱਖਣ ਅਤੇ ਆਪਣਾ ਪੱਖ ਪੇਸ਼ ਕਰਨ। ਇਹ ਵੀ ਵੇਖਣ ਵਾਲੀ ਗੱਲ ਹੋਵੇਗੀ ਕਿ ਕੀ ਦੇਸ਼ ਦੇ ਹਰ ਵਰਗ ਦੇ ਲੋਕਾਂ ਦਾ ਸਾਥ ਕਿਸਾਨਾਂ ਨੂੰ ਮਿਲੇਗਾ ? ਅਤੇ ਕੀ ਦੇਸ਼ ਦੀ ਜਨਤਾ ਪਹਿਲੇ ਕਿਸਾਨ ਅੰਦੋਲਨ ਵਾਂਗ ਇਸ ਵਾਰ ਵੀ ਕਿਸਾਨਾਂ ਦਾ ਤਨ, ਮਨ ਅਤੇ ਧਨ ਨਾਲ ਪੂਰਾ ਸਹਿਯੋਗ ਕਰੇਗੀ ?

***

## ਪੰਜਾਬ 2027 ਚੋਣਾਂ 'ਚ ਪੰਥਕ ਰਾਜਨੀਤੀ

ਕੈਨੇਡਾ, ਯੂ.ਕੇ. ਵਿੱਚ ਵਸਦੇ ਪੰਜਾਬੀ ਭਾਈਚਾਰੇ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੀਆਂ ਪੰਜਾਬ ਨਾਲ ਸਬੰਧਿਤ ਨੀਤੀਆਂ ਅਤੇ ਕਿਸਾਨ ਅੰਦੋਲਨਾਂ ਪ੍ਰਤੀ ਰਵੱਈਏ ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ। ਇਹ ਨਾਰਾਜ਼ਗੀ ਪੰਜਾਬ ਵਿੱਚ ਭਾਜਪਾ ਦੇ ਜਨ-ਆਧਾਰ ਸਿਰਜਣ ਵਿੱਚ ਰੁਕਾਵਟ ਹੈ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਪ੍ਰਵਾਸੀ ਪੰਜਾਬੀ ਭਾਈਚਾਰਾ ਜੋ ਪਹਿਲਾਂ 'ਆਪ' ਦਾ ਵੱਡਾ ਸਮਰਥਕ ਸੀ, ਹੁਣ ਸੂਬੇ ਵਿੱਚ ਕਾਨੂੰਨ-ਵਿਵਸਥਾ, ਗੈਂਗਸਟਰ ਕਲਚਰ ਅਤੇ ਆਪਣੀਆਂ ਜ਼ਮੀਨਾਂ-ਜਾਇਦਾਦਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਉਹ ਹੁਣ ਅਜਿਹੀ ਲੀਡਰਸ਼ਿਪ ਦੀ ਭਾਲ ਵਿੱਚ ਹਨ ਜੋ ਪੰਜਾਬ ਦੇ ਆਰਥਿਕ, ਖੇਤੀਬਾੜੀ ਅਤੇ ਸਮਾਜਿਕ ਹਿੱਤਾਂ ਦੀ ਰਾਖੀ ਕਰ ਸਕੇ।

ਪੰਥਕ ਵਿਦਵਾਨ ਡਾਕਟਰ ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਸਿਰਫ਼ ਇੱਕ ਨਵੀਂ ਸਰਕਾਰ ਚੁਣਨ ਦਾ ਮੌਕਾ ਨਹੀਂ ਹਨ, ਸਗੋਂ ਇਹ ਪੰਜਾਬ ਦੇ ਭਵਿੱਖੀ ਰੂਪ-ਰੇਖਾ ਦੀ ਪ੍ਰੀਖਿਆ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੀ ਰਾਜਨੀਤੀ ਨੂੰ ਜੇਕਰ ਮੁੜ ਲੀਹ 'ਤੇ ਲਿਆਉਣਾ ਹੈ, ਤਾਂ ਸਿੱਖ ਰਾਜਨੀਤੀ ਨੂੰ ਆਪਣੇ ਮੂਲ ਨਿਆਂਪੂਰਨ ਸਿਧਾਂਤਾਂ 'ਤੇ ਪਰਤਣਾ ਪਵੇਗਾ। ਸੂਬੇ ਦੇ ਨੌਜਵਾਨਾਂ ਨੂੰ ਵੀ ਏ.ਆਈ. ਦੇ ਝੂਠੇ ਨੈਰੇਟਿਵਾਂ, ਕੱਟੜਤਾ ਅਤੇ ਭਾਵਨਾਤਮਕ ਭਟਕਾਅ ਤੋਂ ਬਾਹਰ ਨਿਕਲ ਕੇ ਦੇਸ਼ ਦੇ ਬਾਕੀ ਯੂਥ ਵਾਂਗ ਆਪਣੇ ਸਿੱਖਿਆ, ਰੁਜ਼ਗਾਰ ਅਤੇ ਬਿਹਤਰ ਭਵਿੱਖ ਲਈ ਸਿਆਸੀ ਲੀਡਰਸ਼ਿਪ ਤੋਂ ਜਵਾਬਦੇਹੀ ਮੰਗਣੀ ਪਵੇਗੀ। ਵੋਟਰਾਂ, ਪ੍ਰਵਾਸੀ ਪੰਜਾਬੀ ਭਾਈਚਾਰੇ ਅਤੇ ਸਿਆਸੀ ਪਾਰਟੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਸੱਤਾ ਦੀ ਲਾਲਸਾ ਲਈ ਸੂਬੇ ਦੇ ਭਵਿੱਖ ਨੂੰ ਦਾਅ 'ਤੇ ਲਾਉਣਾ ਪੰਜਾਬ ਲਈ ਅਤਿ-ਘਾਤਕ ਸਿੱਧ ਹੋਵੇਗਾ।

***

## ਅਮਰੀਕਾ 'ਚ ਕੁੱਲ ਨਫ਼ਰਤੀ ਅਪਰਾਧ ਘਟੇ

ਇਹ ਤੁਲਨਾਤਮਕ ਅਧਿਐਨ ਦਰਸਾਉਂਦਾ ਹੈ ਕਿ ਅਮਰੀਕਾ ਵਿੱਚ ਸਿੱਖ ਭਾਈਚਾਰਾ ਸਭ ਤੋਂ ਤੇਜ਼ੀ ਨਾਲ ਨਿਸ਼ਾਨਾ ਬਣ ਰਿਹਾ ਹੈ।

ਪੰਥਕ ਆਗੂ ਤੇ ਕਨੈਕਟੀਕਟ ਦੇ ਸ਼ਹਿਰ ਨੌਰਵਿਚ ਦੇ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਦਾ ਇਹ ਵੀ ਮੰਨਣਾ ਹੈ ਕਿ ਐਫ.ਬੀ.ਆਈ. ਦੇ ਇਹ ਅੰਕੜੇ ਅਸਲ ਸਥਿਤੀ ਦਾ ਸਿਰਫ਼ ਇੱਕ ਹਿੱਸਾ ਹੀ ਪੇਸ਼ ਕਰਦੇ ਹਨ ਕਿਉਂਕਿ ਬਹੁਤ ਸਾਰੇ ਮਾਮਲੇ ਦਰਜ ਹੀ ਨਹੀਂ ਹੁੰਦੇ। ਭਾਸ਼ਾ ਦੀ ਰੁਕਾਵਟ, ਕਾਨੂੰਨੀ ਪ੍ਰਕਿਰਿਆਵਾਂ ਦੀ ਗੁੰਝਲਦਾਰਤਾ, ਪੁਲਿਸ ਕਾਰਵਾਈ ਦੇ ਡਰ ਜਾਂ ਰਿਕਾਰਡ ਦਰਜ ਕਰਵਾਉਣ ਦੇ ਬਾਵਜੂਦ ਕੋਈ ਨਤੀਜਾ ਨਾ ਨਿਕਲਣ ਦੀ ਨਿਰਾਸ਼ਾ ਕਾਰਨ ਅਣਗਿਣਤ ਸਿੱਖ ਛੋਟੀਆਂ-ਮੋਟੀਆਂ ਹਿੰਸਕ ਘਟਨਾਵਾਂ, ਧਮਕੀਆਂ ਅਤੇ ਗਾਲੀ-ਗਲੋਚ ਦੀ ਸ਼ਿਕਾਇਤ ਦਰਜ ਨਹੀਂ ਕਰਵਾਉਂਦੇ। ਇਸ 'ਅੰਡਰ-ਰਿਪੋਰਟਿੰਗ' ਕਾਰਨ ਜ਼ਮੀਨੀ ਪੱਧਰ 'ਤੇ ਨਫ਼ਰਤ ਦਾ ਕਹਿਰ ਸਰਕਾਰੀ ਅੰਕੜਿਆਂ ਨਾਲੋਂ ਕਿਤੇ ਵੱਧ ਭਿਆਨਕ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਮਰੀਕੀ ਟਰੰਪ ਪ੍ਰਸ਼ਾਸਨ ਵੱਲੋਂ ਹਮੇਸ਼ਾ ਦੇਸ਼ ਵਿੱਚ ਕਾਨੂੰਨ-ਵਿਵਸਥਾ ਕਾਇਮ ਰੱਖਣ ਅਤੇ ਨਫ਼ਰਤੀ ਅਪਰਾਧਾਂ ਪ੍ਰਤੀ 'ਜ਼ੀਰੋ ਟਾਲਰੈਂਸ' ਦੀ ਨੀਤੀ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਜ਼ਮੀਨੀ ਪੱਧਰ 'ਤੇ ਬਜਟ ਫ਼ੈਸਲੇ ਅਤੇ ਕਾਨੂੰਨੀ ਢਾਂਚਾ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਸਿੱਖ ਭਾਈਚਾਰੇ ਨੂੰ ਵੀ ਆਪਣੀ ਪਹੁੰਚ ਹੋਰ ਵਿਆਪਕ ਕਰਨੀ ਪਵੇਗੀ। ਸਕੂਲਾਂ, ਕਾਲਜਾਂ ਅਤੇ ਸਥਾਨਕ ਭਾਈਚਾਰਿਆਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਲਾਜ਼ਮੀ ਹਨ ਤਾਂ ਜੋ ਆਮ ਅਮਰੀਕੀਆਂ ਨੂੰ ਸਿੱਖ ਧਰਮ ਦੇ ਸ਼ਾਂਤੀਪੂਰਨ ਸਿਧਾਂਤਾਂ, ਲੰਗਰ ਪ੍ਰਥਾ ਅਤੇ ਸਮਾਜਿਕ ਸੇਵਾ ਬਾਰੇ ਜਾਣੂ ਕਰਵਾਇਆ ਜਾ ਸਕੇ। ਇਸ ਦੇ ਨਾਲ ਹੀ, ਸਿੱਖ ਨੌਜਵਾਨਾਂ ਨੂੰ ਅਮਰੀਕੀ ਸਿਆਸਤ, ਪ੍ਰਸ਼ਾਸਨ ਅਤੇ ਮੁੱਖ ਧਾਰਾ ਦੇ ਮੀਡੀਆ ਵਿੱਚ ਆਪਣੀ ਸਰਗਰਮ ਭੂਮਿਕਾ ਵਧਾਉਣੀ ਚਾਹੀਦੀ ਹੈ ਤਾਂ ਜੋ ਨੀਤੀ-ਘਾੜਿਆਂ ਤੱਕ ਭਾਈਚਾਰੇ ਦੇ ਮਸਲੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਸਕਣ।

ਏਸ਼ੀਅਨ ਅਮਰੀਕਨਜ਼ ਐਡਵਾਂਸਿੰਗ ਜਸਟਿਸ ਦੇ ਐਂਟੀ-ਹੇਟ ਪ੍ਰੋਗਰਾਮ ਦੇ ਡਾਇਰੈਕਟਰ ਸਿਮ ਜੇ ਸਿੰਘ ਅਟਾਰੀਵਾਲਾ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਜੇਕਰ ਸਰਕਾਰ ਵੱਲੋਂ ਨਫ਼ਰਤੀ ਅਪਰਾਧਾਂ ਦੀ ਰੋਕਥਾਮ ਅਤੇ ਜਾਗਰੂਕਤਾ ਲਈ ਰੱਖੇ ਗਏ ਫੰਡਾਂ ਵਿੱਚ ਕਟੌਤੀ ਕੀਤੀ ਜਾਂਦੀ ਹੈ, ਤਾਂ ਇਸ ਨਾਲ ਪੀੜਤ ਲੋਕਾਂ ਵਿੱਚ ਪੁਲਿਸ ਕੋਲ ਜਾਣ ਦਾ ਭਰੋਸਾ ਟੁੱਟ ਜਾਵੇਗਾ ਅਤੇ ਅਪਰਾਧੀ ਬੇਖ਼ੌਫ਼ ਹੋ ਜਾਣਗੇ।

ਪੰਥਕ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਸਥਿਤੀ 'ਤੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਸਿੱਖ ਕੋਲੀਸ਼ਨ ਦੀ ਸੀਨੀਅਰ ਫ਼ੈਡਰਲ ਪਾਲਿਸੀ ਮੈਨੇਜਰ ਮਨਨਿਰਮਲ ਕੌਰ ਨੇ ਕਿਹਾ ਕਿ ਘੱਟ-ਗਿਣਤੀਆਂ ਲਈ ਬਣ ਰਹੇ ਇਸ ਦੁਸ਼ਮਣੀ ਭਰੇ ਮਾਹੌਲ ਵਿੱਚ ਸਿੱਖਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਥਾਨਕ ਪੁਲਿਸ ਵਿਭਾਗਾਂ, ਮੇਅਰ ਦਫ਼ਤਰਾਂ ਅਤੇ ਜ਼ਿਲ੍ਹਾ ਅਟਾਰਨੀ ਦਫ਼ਤਰਾਂ ਨਾਲ ਸਿੱਧਾ ਅਤੇ ਮਜ਼ਬੂਤ ਤਾਲਮੇਲ ਰੱਖਣ ਤਾਂ ਜੋ ਕਿਸੇ ਵੀ ਮੰਦਭਾਗੀ ਘਟਨਾ ਵੇਲੇ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਵੇ। ਇਸ ਦੇ ਨਾਲ ਹੀ ਪੰਥਕ ਆਗੂਆਂ ਨੇ ਮੰਗ ਕੀਤੀ ਹੈ ਕਿ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਸਿੱਖ ਰਹਿਣੀ-ਬਹਿਣੀ ਅਤੇ ਧਾਰਮਿਕ ਚਿੰਨ੍ਹਾਂ ਦੀ ਪਵਿੱਤਰਤਾ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇ।

ਅਖ਼ੀਰ ਵਿੱਚ, ਅਮਰੀਕਾ ਵਰਗੇ ਵਿਕਸਤ ਲੋਕਤੰਤਰ ਵਿੱਚ ਕਿਸੇ ਵੀ ਸ਼ਾਂਤੀਪਸੰਦ ਭਾਈਚਾਰੇ ਦਾ ਆਪਣੀ ਦਿੱਖ ਜਾਂ ਧਾਰਮਿਕ ਚਿੰਨ੍ਹਾਂ ਕਾਰਨ ਨਫ਼ਰਤ ਦਾ ਸ਼ਿਕਾਰ ਹੋਣਾ ਦੇਸ਼ ਦੇ ਸੰਵਿਧਾਨਕ ਮੁੱਲਾਂ ਅਤੇ ਬਰਾਬਰੀ ਦੇ ਸਿਧਾਂਤਾਂ 'ਤੇ ਵੱਡਾ ਦਾਗ਼ ਹੈ। ਐਫ.ਬੀ.ਆਈ. ਦੇ ਇਹ ਅੰਕੜੇ ਅਮਰੀਕੀ ਪ੍ਰਸ਼ਾਸਨ ਲਈ ਇੱਕ ਗੰਭੀਰ ਚੇਤਾਵਨੀ ਹਨ। ਜੇਕਰ ਸਮਾਂ ਰਹਿੰਦੇ ਨਫ਼ਰਤੀ ਭਾਸ਼ਣਾਂ ਨੂੰ ਨੱਥ ਨਾ ਪਾਈ ਗਈ, ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਨਾ ਕੀਤਾ ਗਿਆ ਅਤੇ ਪ੍ਰਭਾਵਿਤ ਭਾਈਚਾਰਿਆਂ ਦੀ ਸੁਰੱਖਿਆ ਯਕੀਨੀ ਨਾ ਬਣਾਈ ਗਈ, ਤਾਂ ਇਹ ਨਸਲੀ ਕੁੜੱਤਣ ਸਿਰਫ਼ ਸਿੱਖਾਂ ਨੂੰ ਹੀ ਨਹੀਂ ਸਗੋਂ ਸਮੁੱਚੇ ਅਮਰੀਕੀ ਸਮਾਜਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰ ਦੇਵੇਗੀ।

***

## ਧੂਰੀ ਤੋਂ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼

ਹਾਲਾਂਕਿ, ਇਸ ਸਬੰਧੀ ਅਜੇ ਤੱਕ ਕੋਈ ਰਸਮੀ ਜਾਂ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ, ਪਰ ਅੰਦਰੂਨੀ ਸਿਆਸੀ ਬੈਠਕਾਂ ਅਤੇ ਸਲਾਹ-ਮਸ਼ਵਰੇ ਦਾ ਦੌਰ ਲਗਾਤਾਰ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਸਿਆਸੀ ਗਠਜੋੜਾਂ ਅਤੇ ਕਾਨੂੰਨੀ ਪਹਿਲੂਆਂ ਦੇ ਸਪੱਸ਼ਟ ਹੋਣ ਤੋਂ ਬਾਅਦ ਹੀ ਇਸ ਬਾਰੇ ਅੰਤਿਮ ਫ਼ੈਸਲਾ ਲਏ ਜਾਣ ਦੀ ਉਮੀਦ ਹੈ। ਫਿਲਹਾਲ ਇਸ ਚਰਚਾ ਨੇ ਸੂਬੇ ਦੇ ਸਿਆਸੀ ਗਲਿਆਰਿਆਂ ਵਿੱਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ।

***

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ

ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਦੀ ਹਰ ਸਿੱਖ ਦੀ ਭਾਵਨਾ ਹੁੰਦੀ ਹੈ, ਜਿਸ ਨੂੰ ਵੇਖਦਿਆਂ ਹਾਈ ਕਮਿਸ਼ਨਰ ਨੂੰ ਖੁੱਲ੍ਹਦਿਲੀ ਨਾਲ ਵੀਜ਼ੇ ਜਾਰੀ ਕਰਨੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਵਿਚਾਲੇ ਹੋਏ ਸਮਝੌਤਿਆਂ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਂਦਾ ਹੈ। ਆਮ ਤੌਰ 'ਤੇ ਇਸ ਯਾਤਰਾ ਲਈ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਲਗਭਗ 1800 ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਨਿੱਜੀ ਤੌਰ 'ਤੇ ਸੰਗਠਿਤ ਸਿੱਖ ਜਥਿਆਂ ਨੂੰ ਵੀਜ਼ੇ ਨਾ ਮਿਲਣ ਅਤੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਬੰਦ ਹੋਣ ਕਾਰਨ ਸਿੱਖ ਸੰਗਤ ਅੰਦਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਦੀ ਤਾਂਘ ਹੋਰ ਵੀ ਵਧੀ ਹੈ। ਇਸੇ ਕਾਰਨ ਨਵੰਬਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਜਾਣ ਲਈ 7500 ਤੋਂ ਵੱਧ ਸਿੱਖ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਗਿਣਤੀ ਸਿਰਫ਼ ਇਕ ਅੰਕੜਾ ਨਹੀਂ, ਸਗੋਂ ਸਿੱਖ ਸੰਗਤ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਪ੍ਰਤੀ ਡੂੰਘੀ ਸ਼ਰਧਾ ਅਤੇ ਭਾਵਨਾਤਮਕ ਸਾਂਝ ਦਾ ਪ੍ਰਗਟਾਵਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਪਾਕਿਸਤਾਨ ਹਾਈ ਕਮਿਸ਼ਨ ਨੂੰ ਆਖਿਆ ਗਿਆ ਹੈ ਕਿ ਨਿਰਧਾਰਤ ਕੋਟੇ ਦੀ ਸੀਮਾ ਤੋਂ ਉੱਪਰ ਉੱਠਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾ ਰਹੇ 7500 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਉਮੀਦ ਪ੍ਰਗਟਾਈ ਕਿ ਪਾਕਿਸਤਾਨ ਹਾਈ ਕਮਿਸ਼ਨ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਮਝਦਿਆਂ ਇਸ ਵਿਸ਼ੇਸ਼ ਮੌਕੇ 'ਤੇ ਵੱਧ ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਲਈ ਹਾਂ-ਪੱਖੀ ਫ਼ੈਸਲਾ ਕਰੇਗਾ, ਤਾਂ ਜੋ ਸਿੱਖ ਸ਼ਰਧਾਲੂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰ ਸਕਣ ਅਤੇ ਸ਼ਰਧਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸਮਾਗਮਾਂ ਵਿੱਚ ਸ਼ਾਮਲ ਹੋ ਸਕਣ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਪਾਕਿਸਤਾਨ ਸਰਕਾਰ ਕੋਲ ਪ੍ਰਭਾਵਸ਼ਾਲੀ ਢੰਗ ਨਾਲ ਉਠਾ ਕੇ ਵੱਧ ਤੋਂ ਵੱਧ ਸਿੱਖ ਸ਼ਰਧਾਲੂਆਂ ਦੀ ਪਾਕਿਸਤਾਨ ਯਾਤਰਾ ਨੂੰ ਸੁਖਾਲਾ ਬਣਾਉਣ ਲਈ ਉੱਦਮ ਕਰੇ।

***

## ਜਨਗਣਨਾ ਵਿੱਚ ਵੱਖਰੇ ਰਵਿਦਾਸੀਆ ਧਰਮ

ਪੰਜਾਬ ਵਿੱਚ ਸਿੱਖ ਧਰਮ ਵਜੋਂ ਦਰਜ ਹੋਣ ਵਾਲੀ ਕੁੱਲ ਆਬਾਦੀ ਦੇ ਅੰਕੜਿਆਂ ਵਿੱਚ ਗਿਰਾਵਟ ਦੇਖਣ ਨੂੰ ਮਿਲ ਸਕਦੀ ਹੈ। ਉਹ ਵੱਡਾ ਦਲਿਤ ਵਰਗ ਜੋ ਹੁਣ ਤੱਕ ਜਨਗਣਨਾ ਫਾਰਮ ਵਿੱਚ ਖੁਦ ਨੂੰ ਸਿੱਖ ਵਜੋਂ ਦਰਜ ਕਰਵਾਉਂਦਾ ਆ ਰਿਹਾ ਸੀ, ਜੇਕਰ ਉਹ ਰਵਿਦਾਸੀਆ ਧਰਮ ਚੁਣਦਾ ਹੈ, ਤਾਂ ਸਿੱਖ ਆਬਾਦੀ ਦੀ ਪ੍ਰਤੀਸ਼ਤਤਾ ਘਟੇਗੀ।

ਅਲੱਗ ਧਾਰਮਿਕ ਗ੍ਰੰਥ ਅਤੇ ਅਲੱਗ ਪ੍ਰਤੀਕ ਅਪਣਾਉਣ ਨਾਲ ਸਮਾਜਿਕ ਪੱਧਰ 'ਤੇ ਦੂਰੀਆਂ ਵਧਣ ਦਾ ਖਦਸ਼ਾ ਜਤਾਇਆ ਜਾਂਦਾ ਹੈ। ਹਾਲਾਂਕਿ, ਸਮਾਜ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਹ ਕਦਮ ਸਿੱਖ ਧਰਮ ਦੇ ਵਿਰੋਧ ਵਿੱਚ ਨਹੀਂ ਹੈ, ਸਗੋਂ ਇਹ ਜ਼ਮੀਨੀ ਪੱਧਰ 'ਤੇ ਮੌਜੂਦ ਜਾਤੀਗਤ ਵਿਤਕਰੇ, ਗੁਰਦੁਆਰਿਆਂ ਵਿੱਚ ਬਰਾਬਰੀ ਨਾ ਮਿਲਣ ਅਤੇ ਆਪਣੀ ਸੁਤੰਤਰ ਪਛਾਣ ਦੀ ਭਾਲ ਦਾ ਨਤੀਜਾ ਹੈ। ਇਸ ਨਾਲ ਸਿੱਖੀ ਦੀ ਰੂਹਾਨੀ ਸਾਂਝ ਖਤਮ ਨਹੀਂ ਹੁੰਦੀ, ਪਰ ਸੰਸਥਾਗਤ ਵੰਡ ਜ਼ਰੂਰ ਵਧ ਸਕਦੀ ਹੈ।

**ਕੀ ਚਮਾਰ ਸਿੱਖ ਭਾਈਚਾਰਾ ਨਵੇਂ ਧਰਮ ਨਾਲ ਜੁੜੇਗਾ ?**

2011 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਲਗਭਗ 32 ਫੀਸਦੀ ਦਲਿਤ ਆਬਾਦੀ ਹੈ। 'ਦਿ ਕੌਂਸਟੀਟਿਊਸ਼ਨ (ਸ਼ੈਡਿਊਲ ਕਾਸਟ) ਆਰਡਰ, 1950' ਅਧੀਨ ਪੰਜਾਬ ਦੀਆਂ 39 ਅਨੁਸੂਚਿਤ ਜਾਤੀਆਂ ਵਿੱਚੋਂ ਆਦਿ ਧਰਮੀ, ਚਮਾਰ, ਮਜ਼ਹਬੀ ਅਤੇ ਵਾਲਮੀਕ ਸਮਾਜ ਦੀ ਆਬਾਦੀ ਸਭ ਤੋਂ ਵੱਧ ਹੈ। ਰਵਿਦਾਸੀਆ ਭਾਈਚਾਰਾ ਸਰਕਾਰੀ ਕਾਗਜ਼ਾਤ ਵਿੱਚ ਚਮਾਰ ਜਾਤੀ ਦੀ ਹੀ ਇੱਕ ਸਬ-ਕੈਟੇਗਰੀ ਵਜੋਂ ਦਰਜ ਹੈ।

ਨਵੇਂ ਧਰਮ ਨਾਲ ਜੁੜਨ ਦੇ ਸਵਾਲ 'ਤੇ ਭਾਈਚਾਰੇ ਵਿੱਚ ਮੁੱਖ ਤੌਰ 'ਤੇ ਦੋ ਤਰ੍ਹਾਂ ਦੀਆਂ ਸਥਿਤੀਆਂ ਦੇਖਣ ਨੂੰ ਮਿਲ ਸਕਦੀਆਂ ਹਨ:

ਦੋਆਬਾ ਖੇਤਰ ਅਤੇ ਵਿਦੇਸ਼ਾਂ ਵਿੱਚ ਵਸਦੇ ਚਮਾਰ/ਰਵਿਦਾਸੀਆ ਸਮਾਜ ਉੱਤੇ ਡੇਰਾ ਸਚਖੰਡ ਬੱਲਾਂ ਦਾ ਅਥਾਹ ਧਾਰਮਿਕ ਅਤੇ ਸਮਾਜਿਕ ਪ੍ਰਭਾਵ ਹੈ। ਵੀਏਨਾ ਘਟਨਾ ਤੋਂ ਬਾਅਦ 'ਅੰਮ੍ਰਿਤਬਾਣੀ' ਦਾ ਪ੍ਰਕਾਸ਼ ਕਰਨ ਅਤੇ ਵੱਖਰੇ ਧਰਮ ਦੇ ਐਲਾਨ ਨੂੰ ਭਾਈਚਾਰੇ ਦੇ ਇੱਕ ਬਹੁਤ ਵੱਡੇ ਹਿੱਸੇ ਨੇ ਸਵੀਕਾਰ ਕੀਤਾ ਹੈ। ਇਸ ਲਈ ਇੱਕ ਵੱਡੀ ਵੋਟ ਅਤੇ ਸ਼ਰਧਾਲੂ ਵਰਗ ਦੇ ਨਵੇਂ ਧਰਮ ਅਧੀਨ ਰਜਿਸਟਰ ਹੋਣ ਦੀ ਪੂਰੀ ਸੰਭਾਵਨਾ ਹੈ।

ਪ੍ਰੋ. ਰੌਣਕੀ ਰਾਮ ਅਨੁਸਾਰ, ਇਹ ਵੀ ਇੱਕ ਵੱਡਾ ਸਵਾਲ ਹੈ ਕਿ ਕੀ ਚਮਾਰ ਜਾਤੀ ਤੋਂ ਇਲਾਵਾ ਹੋਰ ਐੱਸਸੀ ਜਾਤੀਆਂ ਜਾਂ ਸਾਰੇ ਹੀ ਚਮਾਰ ਸਿੱਖ ਇਸ ਨਵੇਂ ਧਰਮ ਅਧੀਨ ਦਰਜ ਹੋਣਗੇ ? ਕਈ ਪਰਿਵਾਰ ਅਜੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਅਤੇ ਸਿੱਖੀ ਸਰੂਪ ਨਾਲ ਡੂੰਘੇ ਜੁੜੇ ਹੋਏ ਹਨ। ਉਹ ਰਵਿਦਾਸੀਆ ਪਰੰਪਰਾ ਨੂੰ ਮੰਨਦੇ ਹੋਏ ਵੀ ਆਪਣੀ ਧਾਰਮਿਕ ਪਛਾਣ 'ਸਿੱਖ' ਹੀ ਰੱਖਣਾ ਪਸੰਦ ਕਰਦੇ ਹਨ। ਇਸ ਲਈ ਪੂਰੇ ਭਾਈਚਾਰੇ ਦਾ ਇੱਕੋ ਵੇਲੇ ਨਵੇਂ ਧਰਮ ਵੱਲ ਜਾਣਾ ਇੱਕ ਜਟਿਲ ਪ੍ਰਕਿਰਿਆ ਹੈ।

**ਕੀ ਮੋਦੀ ਸਰਕਾਰ ਰਵਿਦਾਸ ਭਾਈਚਾਰੇ ਦੀ ਮੰਗ ਮੰਨੇਗੀ ?**

ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਲਈ ਰਵਿਦਾਸੀਆ ਭਾਈਚਾਰੇ ਦੀ ਇਸ ਮੰਗ ਨੂੰ ਪ੍ਰਵਾਨ ਕਰਨਾ ਕੇਵਲ ਇੱਕ ਪ੍ਰਸ਼ਾਸਨਿਕ ਫੈਸਲਾ ਨਹੀਂ ਹੈ, ਸਗੋਂ ਇਸ ਨਾਲ ਗੰਭੀਰ ਸੰਵਿਧਾਨਕ, ਕਾਨੂੰਨੀ ਅਤੇ ਰਾਜਨੀਤਿਕ ਪਹਿਲੂ ਜੁੜੇ ਹੋਏ ਹਨ।

ਸੰਵਿਧਾਨਕ ਨਿਯਮਾਂ ਅਨੁਸਾਰ ਭਾਰਤ ਵਿੱਚ ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਧਰਮ ਨਾਲ ਸਿੱਧਾ ਬੱਝਾ ਹੋਇਆ ਹੈ।

**ਇਤਿਹਾਸਕ ਸੋਧਾਂ**: 1950 ਵਿੱਚ ਇਹ ਰਾਖਵਾਂਕਰਨ ਸਿਰਫ਼ ਹਿੰਦੂਆਂ ਲਈ ਸੀ। 1956 ਵਿੱਚ ਸੋਧ ਕਰਕੇ ਸਿੱਖਾਂ ਨੂੰ ਅਤੇ 1990 ਵਿੱਚ ਬੁੱਧ ਧਰਮ ਅਪਣਾਉਣ ਵਾਲੇ ਐੱਸ.ਸੀ. ਭਾਈਚਾਰਿਆਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ।

ਸੁਪਰੀਮ ਕੋਰਟ ਨੇ 25 ਮਾਰਚ 2026 ਨੂੰ ਵੀ ਸਪੱਸ਼ਟ ਕੀਤਾ ਹੈ ਕਿ ਹਿੰਦੂ, ਸਿੱਖ ਜਾਂ ਬੋਧ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਨੂੰ ਮੰਨਣ ਵਾਲਾ ਵਿਅਕਤੀ ਐੱਸਸੀ ਕੋਟੇ ਦਾ ਹੱਕਦਾਰ ਨਹੀਂ ਹੋ ਸਕਦਾ।

ਪ੍ਰੋ. ਸੁਰਿੰਦਰ ਸਿੰਘ ਜੋਧਕਾ ਅਨੁਸਾਰ, ਜੇਕਰ ਰਵਿਦਾਸੀਆ ਭਾਈਚਾਰੇ ਨੂੰ ਹਿੰਦੂ, ਸਿੱਖ ਜਾਂ ਬੋਧ ਤੋਂ ਅਲੱਗ ਛੇਵਾਂ/ਸੱਤਵਾਂ ਸੁਤੰਤਰ ਧਰਮ ਮੰਨ ਲਿਆ ਜਾਂਦਾ ਹੈ, ਤਾਂ ਉਹਨਾਂ ਨੂੰ ਐੱਸ.ਸੀ. ਰਾਖਵੇਂਕਰਨ ਦਾ ਲਾਭ ਮਿਲਣਾ ਕਾਨੂੰਨੀ ਤੌਰ 'ਤੇ ਬੰਦ ਹੋ ਸਕਦਾ ਹੈ। ਕੇਂਦਰ ਸਰਕਾਰ ਜਨਗਣਨਾ ਵਿੱਚ ਵੱਖਰਾ ਕਾਲਮ ਤਾਂ ਜੋੜ ਸਕਦੀ ਹੈ, ਪਰ ਰਾਖਵਾਂਕਰਨ ਬਚਾਉਣ ਲਈ ਸੰਸਦ ਵਿੱਚ 1950 ਦੇ ਆਰਡਰ ਵਿੱਚ ਸੋਧ ਕਰਨੀ ਪਵੇਗੀ। ਇਹ ਇੱਕ ਬਹੁਤ ਹੀ ਸੰਵੇਦਨਸ਼ੀਲ ਕਾਨੂੰਨੀ ਪ੍ਰਕਿਰਿਆ ਹੈ।

**ਪੰਜਾਬ ਦੀ 32 ਫੀਸਦੀ ਦਲਿਤ ਆਬਾਦੀ ਸਿਆਸੀ ਤੌਰ 'ਤੇ ਅਤਿ ਮਹੱਤਵਪੂਰਨ ਹੈ**

ਕੇਂਦਰ ਸਰਕਾਰ ਨੇ ਭਾਈਚਾਰੇ ਨੂੰ ਲੁਭਾਉਣ ਲਈ ਕਈ ਵੱਡੇ ਕਦਮ ਚੁੱਕੇ ਹਨ; ਜਿਵੇਂ 1 ਫਰਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਦਾ ਡੇਰਾ ਬੱਲਾਂ ਦੌਰਾ, ਆਦਮਪੁਰ ਹਵਾਈ ਅੱਡੇ ਦਾ ਨਾਂਅ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣਾ ਅਤੇ ਸੰਤ ਨਿਰੰਜਨ ਦਾਸ ਜੀ ਨੂੰ ਪਦਮ ਪੁਰਸਕਾਰ ਨਾਲ ਨਵਾਜ਼ਣਾ।

ਪੰਜਾਬ ਯੂਨੀਵਰਸਿਟੀ ਦੀ ਪ੍ਰੋ. ਨਵਜੋਤ ਅਨੁਸਾਰ, 2027 ਦੀਆਂ ਵਿਧਾਨ ਸਭਾ ਚੋਣਾਂ ਅਤੇ ਆਉਣ ਵਾਲੀ ਜਾਤੀਗਤ ਜਨਗਣਨਾ ਦੇ ਮੱਦੇਨਜ਼ਰ ਇਹ ਮੰਗ ਹੋਰ ਜ਼ੋਰ ਫੜੇਗੀ।

ਮੋਦੀ ਸਰਕਾਰ ਇਸ ਮੰਗ 'ਤੇ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਇਸ ਦੇ ਰਾਜਨੀਤਿਕ ਲਾਹੇ-ਹਾਣ ਅਤੇ ਕਾਨੂੰਨੀ ਅੜਚਨਾਂ ਦਾ ਬਾਰੀਕੀ ਨਾਲ ਮੁਲਾਂਕਣ ਕਰੇਗੀ। ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਇਹ ਰਹੇਗੀ ਕਿ ਭਾਈਚਾਰੇ ਨੂੰ ਵੱਖਰੀ ਧਾਰਮਿਕ ਪਛਾਣ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਰਾਖਵੇਂਕਰਨ ਦੇ ਅਧਿਕਾਰਾਂ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇ।

ਰਵਿਦਾਸੀਆ ਭਾਈਚਾਰੇ ਵੱਲੋਂ ਜਨਗਣਨਾ ਵਿੱਚ ਵੱਖਰੇ ਧਰਮ ਦੇ ਕਾਲਮ ਦੀ ਮੰਗ ਕੇਵਲ ਇੱਕ ਧਾਰਮਿਕ ਮੁੱਦਾ ਨਹੀਂ, ਸਗੋਂ ਇਹ ਸਮਾਜਿਕ ਨਿਆਂ, ਆਤਮ-ਸਨਮਾਨ ਅਤੇ ਰਾਜਨੀਤਿਕ ਭਾਈਵਾਲੀ ਦੀ ਲੜਾਈ ਹੈ। ਜਿੱਥੇ ਇਹ ਮੰਗ ਸਮਾਜ ਨੂੰ ਆਪਣੇ ਅਸਲ ਅੰਕੜਿਆਂ ਦੇ ਆਧਾਰ 'ਤੇ ਹੱਕ ਲੈਣ ਵਿੱਚ ਮਜ਼ਬੂਤੀ ਪ੍ਰਦਾਨ ਕਰੇਗੀ, ਉੱਥੇ ਹੀ ਸੰਵਿਧਾਨਕ ਰਾਖਵੇਂਕਰਨ ਨੂੰ ਬਚਾਉਣਾ ਅਤੇ ਆਪਸੀ ਸਮਾਜਿਕ ਤਾਣੇ-ਬਾਣੇ ਨੂੰ ਬਣਾਏ ਰੱਖਣਾ ਇਸ ਲਹਿਰ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ ਹਨ। ਕੇਂਦਰ ਸਰਕਾਰ ਦਾ ਆਉਣ ਵਾਲਾ ਰੁੱਖ ਇਹ ਤੈਅ ਕਰੇਗਾ ਕਿ ਇਹ ਮੰਗ ਭਾਰਤੀ ਸੰਵਿਧਾਨਕ ਢਾਂਚੇ ਵਿੱਚ ਕਿਸ ਮੋੜ 'ਤੇ ਪਹੁੰਚਦੀ ਹੈ।

***

## ਪੰਜਾਬ ਵਿੱਚ ਸਾਢੇ ਚਾਰ ਸਾਲਾਂ ਦੌਰਾਨ ਖਪਤ

ਪਰ ਜੇਕਰ ਇਸ ਦਵਾਈ ਨੂੰ ਡਾਕਟਰੀ ਪ੍ਰੋਟੋਕੋਲ ਮੁਤਾਬਕ ਹੌਲੀ-ਹੌਲੀ ਘਟਾ ਕੇ ਬੰਦ ਨਾ ਕੀਤਾ ਜਾਵੇ, ਤਾਂ ਮਰੀਜ਼ ਦਾ ਸਰੀਰ ਇਸੇ ਦਵਾਈ ਦਾ ਆਦੀ ਹੋ ਜਾਂਦਾ ਹੈ। ਲੰਬੇ ਸਮੇਂ ਤੱਕ ਇਸ ਦਵਾਈ ਦਾ ਨਿਰੰਤਰ ਸੇਵਨ ਲਿਵਰ ਦੀ ਕਾਰਜਪ੍ਰਣਾਲੀ, ਹਾਰਮੋਨਲ ਸੰਤੁਲਨ, ਦਿਲ ਅਤੇ ਸਾਹ ਪ੍ਰਣਾਲੀ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਸਭ ਤੋਂ ਖ਼ਤਰਨਾਕ ਸਥਿਤੀ ਉਦੋਂ ਬਣਦੀ ਹੈ ਜਦੋਂ ਇਹ ਦਵਾਈ ਸਰਕਾਰੀ ਦਾਇਰੇ ਵਿੱਚੋਂ ਲੀਕ ਹੋ ਕੇ ਗ਼ੈਰ-ਕਾਨੂੰਨੀ ਨਿੱਜੀ ਕੇਂਦਰਾਂ ਜਾਂ ਬਲੈਕ ਮਾਰਕੀਟ ਵਿੱਚ ਪਹੁੰਚਦੀ ਹੈ। ਰਿਪੋਰਟ ਵਿੱਚ ਇਸ ਗੱਲ ਦਾ ਵੀ ਖ਼ੁਲਾਸਾ ਹੋਇਆ ਹੈ ਕਿ ਅੰਮ੍ਰਿਤਸਰ ਸਮੇਤ ਕਈ ਜ਼ਿਲ੍ਹਿਆਂ ਵਿੱਚ ਨਿੱਜੀ ਕੋਠੀਆਂ ਅੰਦਰ ਬਿਨਾਂ ਮਨਜ਼ੂਰੀ ਅਤੇ ਬਿਨਾਂ ਮਾਹਿਰ ਡਾਕਟਰਾਂ ਤੋਂ ਨਸ਼ਾ ਛਡਾਊ ਅੱਡੇ ਚੱਲ ਰਹੇ ਹਨ, ਜਿੱਥੇ ਇਸ ਦਵਾਈ ਦੀ ਖੁੱਲ੍ਹੀ ਦੁਰਵਰਤੋਂ ਕਰਕੇ ਮਰੀਜ਼ਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਪੰਜਾਬ ਵਿੱਚ ਨੌਜਵਾਨਾਂ ਦਾ ਨਸ਼ਿਆਂ ਦੇ ਦਲਦਲ ਵਿੱਚ ਫਸਣ ਦਾ ਕਾਰਨ ਸਿਰਫ਼ ਦਵਾਈਆਂ ਦੀ ਉਪਲਬਧਤਾ ਨਹੀਂ, ਸਗੋਂ ਡੂੰਘੇ ਸਮਾਜਿਕ ਅਤੇ ਆਰਥਿਕ ਕਾਰਨ ਹਨ। ਬੇਰੁਜ਼ਗਾਰੀ ਦੀ ਮਾਰ, ਖੇਤੀਬਾੜੀ ਅਤੇ ਆਰਥਿਕਤਾ ਦਾ ਸੰਕਟ, ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਨਿਰਾਸ਼ਾ, ਪਰਵਾਸ ਦੀ ਅੰਨ੍ਹੀ ਦੌੜ ਅਤੇ ਪਰਿਵਾਰਕ ਟੁੱਟ-ਭੱਜ ਨੇ ਨੌਜਵਾਨ ਪੀੜ੍ਹੀ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਦਿੱਤਾ ਹੈ। ਸਰਹੱਦ ਪਾਰੋਂ ਅਤੇ ਅੰਤਰ-ਰਾਜੀ ਸਮੱਗਲਿੰਗ ਰਾਹੀਂ ਨਸ਼ਿਆਂ ਦੀ ਸੌਖੀ ਆਮਦ ਨੇ ਇਸ ਅੱਗ ਵਿੱਚ ਘਿਓ ਪਾਇਆ ਹੈ। ਸਰਕਾਰੀ ਪੱਧਰ 'ਤੇ ਵੀ ਬੁਨਿਆਦੀ ਢਾਂਚੇ ਦੀ ਭਾਰੀ ਕਮੀ ਹੈ; ਮਿਸਾਲ ਵਜੋਂ ਲੁਧਿਆਣਾ ਸਿਵਲ ਹਸਪਤਾਲ ਵਿੱਚ ਰੋਜ਼ਾਨਾ 250 ਤੋਂ ਵੱਧ ਮਰੀਜ਼ ਆਉਂਦੇ ਹਨ ਪਰ ਉੱਥੇ ਦਾਖ਼ਲੇ ਲਈ ਸਿਰਫ਼ 15 ਬੈੱਡ ਹਨ। ਜਦੋਂ ਸਿਸਟਮ ਕੋਲ ਕਾਊਂਸਲਿੰਗ, ਮਨੋਵਿਗਿਆਨਕ ਸਹਾਇਤਾ ਅਤੇ ਇਲਾਜ ਲਈ ਥਾਂ ਹੀ ਨਹੀਂ ਹੋਵੇਗੀ, ਤਾਂ ਡਾਕਟਰਾਂ ਵੱਲੋਂ ਮਰੀਜ਼ ਨੂੰ ਸਿਰਫ਼ ਦਵਾਈ ਦੇ ਕੇ ਤੋਰ ਦੇਣਾ ਇੱਕ ਮਜਬੂਰੀ ਬਣ ਜਾਂਦਾ ਹੈ।

ਜੇਕਰ ਪੰਜਾਬ ਨੇ ਇਸ ਗੰਭੀਰ ਸੰਕਟ ਵਿੱਚੋਂ ਸੱਚਮੁੱਚ ਬਾਹਰ ਨਿਕਲਣਾ ਹੈ ਤਾਂ ਸਰਕਾਰ ਨੂੰ ਆਪਣੀ ਨੀਤੀ ਅਤੇ ਰਣਨੀਤੀ ਵਿੱਚ ਬੁਨਿਆਦੀ ਤਬਦੀਲੀ ਕਰਨੀ ਪਵੇਗੀ। ਨਸ਼ਾ ਛਡਾਊ ਪ੍ਰੋਗਰਾਮਾਂ ਵਿੱਚ ਸਿਰਫ਼ ਗੋਲੀਆਂ ਦੀ ਵੰਡ 'ਤੇ ਜ਼ੋਰ ਦੇਣ ਦੀ ਬਜਾਏ ਇੱਕ ਸਖ਼ਤ ਟਾਈਮ-ਬਾਊਂਡ ਟੇਪਰਿੰਗ ਨਿਯਮ ਲਾਗੂ ਹੋਣਾ ਚਾਹੀਦਾ ਹੈ, ਜਿਸ ਤਹਿਤ ਤੈਅ ਸਮੇਂ ਅੰਦਰ ਮਰੀਜ਼ ਦੀ ਦਵਾਈ ਪੂਰੀ ਤਰ੍ਹਾਂ ਬੰਦ ਕਰਵਾਈ ਜਾਵੇ। ਹਸਪਤਾਲਾਂ ਵਿੱਚ ਬੈੱਡਾਂ ਅਤੇ ਪੇਸ਼ੇਵਰ ਕਾਊਂਸਲਰਾਂ ਦੀ ਗਿਣਤੀ ਵਧਾਈ ਜਾਵੇ, ਜੇਲ੍ਹਾਂ ਵਿੱਚ ਦਵਾਈਆਂ ਦੀ ਸਪਲਾਈ ਦੀ ਡਿਜੀਟਲ ਨਿਗਰਾਨੀ ਹੋਵੇ ਅਤੇ ਗ਼ੈਰ-ਕਾਨੂੰਨੀ ਨਿੱਜੀ ਕੇਂਦਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਰਾਜਨੀਤਿਕ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਸਰਕਾਰ ਆਪਣੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਕਾਮਯਾਬੀ ਦਾ ਮੁਲਾਂਕਣ ਇਸ ਗੱਲ ਤੋਂ ਨਾ ਕਰੇ ਕਿ ਕਿੰਨੇ ਮਰੀਜ਼ ਰਜਿਸਟਰ ਹੋਏ ਜਾਂ ਕਿੰਨੀਆਂ ਕਰੋੜ ਗੋਲੀਆਂ ਵੰਡੀਆਂ ਗਈਆਂ, ਸਗੋਂ ਇਸ ਗੱਲ ਤੋਂ ਕਰੇ ਕਿ ਕਿੰਨੇ ਨੌਜਵਾਨ ਦਵਾਈ ਅਤੇ ਨਸ਼ੇ ਦੋਵਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਖੇਡਾਂ, ਰੁਜ਼ਗਾਰ ਅਤੇ ਆਮ ਸਮਾਜਿਕ ਜ਼ਿੰਦਗੀ ਵਿੱਚ ਵਾਪਸ ਪਰਤੇ ਹਨ।

## ਮੋਟਾਪੇ ਕਾਰਨ ਲੱਗਦੀਆਂ ਨੇ

ਇਹ ਤਾਂ ਹੀ ਸੰਭਵ ਹੈ ਜਦੋਂ ਅਸੀਂ ਆਲਸ ਛੱਡ ਅਤੇ ਸਰੀਰਕ ਤੌਰ 'ਤੇ ਸਰਗਰਮ ਰਹਿ ਕੇ ਘਰ ਦੇ ਕੰਮਕਾਰ ਕਰਾਂਗੇ। ਰੇਸ਼ਿਆਂ ਵਾਲੇ ਭੋਜਨ ਜਿਵੇਂ ਗਾਜਰਾਂ, ਮੂਲੀਆਂ, ਖੀਰੇ, ਹਰੇ ਪੱਤਿਆਂ ਵਾਲੀਆਂ ਸਬਜ਼ੀਆਂ, ਚੁਕੰਦਰ ਅਤੇ ਸਾਬਤ ਅਨਾਜ ਨੂੰ ਆਪਣੀ ਖ਼ੁਰਾਕ ਦਾ ਹਿੱਸਾ ਬਣਾਇਆ ਜਾਵੇ। ਰੋਜ਼ਾਨਾ ਦੇ ਆਮ ਭੋਜਨ ਵਿੱਚ ਪ੍ਰੋਟੀਨ ਵਾਲੀਆਂ ਚੀਜ਼ਾਂ ਜਿਵੇਂ ਦਾਲਾਂ, ਪਨੀਰ, ਅੰਡੇ ਅਤੇ ਦੁੱਧ ਆਦਿ ਨੂੰ ਜ਼ਰੂਰ ਸ਼ਾਮਿਲ ਕਰੋ। ਫ਼ਲਾਂ ਦਾ ਜੂਸ ਪੀਣ ਦੀ ਬਜਾਏ ਰੇਸ਼ਿਆਂ ਅਤੇ ਗੁੱਦੇ ਸਮੇਤ ਫ਼ਲ ਖਾਣ ਨੂੰ ਪਹਿਲ ਦਿੱਤੀ ਜਾਵੇ। ਸਰੀਰ ਨੂੰ ਜਿੰਨੀ ਜ਼ਰੂਰਤ ਹੋਵੇ ਓਨਾ ਹੀ ਖਾਓ। ਹੌਲੀ-ਹੌਲੀ ਅਤੇ ਥੋੜ੍ਹਾ ਖਾਣ ਦੇ ਨਿਯਮ ਨੂੰ ਅਪਣਾਓ। ਗੂੜ੍ਹੀ ਨੀਂਦ ਦਾ ਆਨੰਦ ਲਓ। ਤਣਾਅ ਤੋਂ ਦੂਰ ਰਹੋ। ਜਿੰਨਾ ਜ਼ਿਆਦਾ ਹੋ ਸਕੇ ਸਰੀਰਕ ਤੌਰ 'ਤੇ ਸਰਗਰਮ ਰਹੋ। ਸਰੀਰ ਦੀ ਸਮਰੱਥਾ ਅਨੁਸਾਰ ਰੋਜ਼ਾਨਾ ਕਸਰਤ ਕਰੋ। ਦਿਨ ਵਿੱਚ 6 ਤੋਂ 8 ਗਲਾਸ ਪਾਣੀ ਪੀਓ।

***

## ਰੁੱਖਾਂ ਨਾਲ ਗੱਲਾਂ

ਜੋ ਮਨੁੱਖ ਰੁੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਹ ਆਪਣੀਆਂ ਹੀ ਜੜ੍ਹਾਂ ਕੱਟਦਾ ਹੈ। ਜੋ ਰੁੱਖ ਲਗਾਉਂਦਾ ਹੈ, ਉਹ ਭਵਿੱਖ ਸਾਜਦਾ ਤੇ ਸਜਾਉਂਦਾ ਹੈ।

ਰੁੱਖ ਮਨ ਦੇ ਹਕੀਮ ਵੈਦ ਹੁੰਦੇ ਹਨ। ਅੱਜ ਡਿਪ੍ਰੈਸ਼ਨ, ਚਿੰਤਾ ਅਤੇ ਅੰਦਰੂਨੀ ਖਾਲੀਪਣ ਵਧ ਰਿਹਾ ਹੈ, ਪਰ ਇੱਕ ਸਧਾਰਨ ਹੱਲ ਸਾਡੇ ਕੋਲ ਹੈ, ਰੋਜ਼ 20 ਮਿੰਟ ਰੁੱਖਾਂ ਦੇ ਨਾਲ ਬਿਤਾਉਣਾ। ਉਨ੍ਹਾਂ ਨਾਲ ਗੱਲਬਾਤ ਕਰਨੀ ਤੇ ਬਾਤਾਂ ਪਾਉਣੀਆਂ। ਦੁੱਖ ਉਦਾਸੀਆਂ ਦੱਸਣੀਆਂ, ਪੁੱਛਣੀਆਂ, ਕਿੰਨੀਆਂ ਮੁਹੱਬਤੀ ਸਾਂਝਾਂ ਹਨ। ਨੰਗੇ ਪੈਰ ਘਾਹ 'ਤੇ ਤੁਰਨਾ, ਪੱਤਿਆਂ ਨੂੰ ਛੂਹਣਾ, ਰੁੱਖ ਨੂੰ ਗਲੇ ਲਗਾਉਣਾ, ਇਹ ਸਿਰਫ਼ ਭਾਵਨਾਤਮਕ ਨਹੀਂ, ਨਰਵਸ ਸਿਸਟਮ ਨੂੰ ਰੀਸੈੱਟ ਕਰਕੇ ਰੀਚਾਰਜ ਕਰਦੇ ਹਨ। ਇਹ ਸਭ ਤੋਂ ਨਵੀਨਤਮ ਕੁਦਰਤੀਕਰਨ ਦਾ ਮਾਡਲ ਹੈ।

ਰੁੱਖ ਸਾਨੂੰ ਕਹਿੰਦੇ ਹਨ: 'ਹੌਲੀ ਹੌਲੀ ਵਧੀਦਾ, ਡੂੰਘੇ ਜਾਈਦਾ, ਜੜ੍ਹਾਂ ਮਜ਼ਬੂਤ ਕਰੀਦੀਆਂ।' ਫਿਰ ਕੋਈ ਹਨੇਰੀ ਤੂਫ਼ਾਨ ਤੁਹਾਨੂੰ ਹਿਲਾ ਨਹੀਂ ਸਕੇਗਾ। ਸਾਨੂੰ ਵੱਡੇ ਬਦਲਾਅ ਦੀ ਲੋੜ ਨਹੀਂ। ਸਿਰਫ਼ ਇੱਕ ਰੁੱਖ ਨਾਲ ਦੋਸਤੀ ਕਰ ਲਵੋ। ਹਰ ਹਫ਼ਤੇ ਉਸ ਦੇ ਹੇਠ ਬੈਠੋ। ਉਸ ਨੂੰ ਪਾਣੀ ਦਿਓ। ਉਸ ਨਾਲ ਗੱਲਾਂ ਕਰੋ ਕਿਉਂਕਿ ਜਦੋਂ ਅਸੀਂ ਰੁੱਖਾਂ ਨਾਲ ਸਮਾਂ ਬਿਤਾਉਂਦੇਹਾਂ ਤਾਂ ਅਸਲ ਵਿੱਚ ਆਪਣੀ ਰੂਹ ਨਾਲ ਸਮਾਂ ਬਿਤਾ ਰਹੇ ਹੁੰਦੇ ਹਾਂ। ਇੰਝ ਰੂਹ ਰਾਜ਼ੀ ਹੋ ਕੇ ਖਿੜ ਜਾਂਦੀ ਹੈ।

ਰੁੱਖਾਂ ਦੀ ਛਾਂ ਵਿੱਚ ਮਨੁੱਖ ਆਪਣੇ ਅੰਦਰਲੇ ਸ਼ੋਰ ਨੂੰ ਸੁਣਦਾ ਹੈ ਅਤੇ ਫਿਰ ਉਹ ਸ਼ੋਰ ਹੌਲੀ-ਹੌਲੀ ਸ਼ਾਂਤ ਹੋ ਜਾਂਦਾ ਹੈ। ਅੱਜ ਹੀ ਫ਼ੈਸਲਾ ਕਰੋ ਸਮਾਰਟਫੋਨ ਨਾਲ ਘੱਟ, ਰੁੱਖਾਂ ਨਾਲ ਵੱਧ ਸਮਾਂ ਬਿਤਾਉਣ ਲੱਗ ਜਾਓ। ਫੁੱਲਾਂ ਤੋਂ ਹੱਸਣਾ ਮਹਿਕਣਾ ਸਿੱਖੋ। ਰੁੱਖ ਲਗਾਉ ਫੁੱਲਾਂ ਫਲਾਂ ਵਾਲੇ ਬਣੋ। ਫਿਰ ਦੇਖਣਾ ਤੁਹਾਡਾ ਮਨ ਕਿਵੇਂ ਖਿੜ ਜਾਵੇਗਾ, ਸੋਚ ਵੱਡੀ ਵਿਲੱਖਣ ਉੱਚੀ ਹੋ ਜਾਵੇਗੀ ਅਤੇ ਜੀਵਨ ਵਿੱਚ ਇੱਕ ਅਜਿਹਾ ਅਸ਼-ਅਸ਼ ਉੱਭਰੇਗਾ ਜੋ ਕਿਸੇ ਵੀ ਦਵਾਈ ਨਾਲ ਨਹੀਂ, ਸਿਰਫ਼ ਰੁੱਖਾਂ ਦੇ ਪੱਤਿਆਂ, ਟਹਿਣੀਆਂ 'ਤੇ ਸਜੇ ਫੁੱਲਾਂ ਦੀਆਂ ਮਹਿਕਾਂ ਵਿੱਚੋਂ ਹੀ ਪ੍ਰਾਪਤ ਹੋਵੇਗਾ। ਨਜ਼ਾਰਾ ਇਹ ਹੋਵੇਗਾ ਜਿਵੇਂ ਕੁਦਰਤ ਬੂਹੇ ਉੱਤੇ ਹੀ ਆ ਕੇ ਖੜ੍ਹੀ ਹੋ ਗਈ ਹੋਵੇ, ਉਹ ਆ ਕੇ ਤੁਹਾਡਾ ਦਰਵਾਜ਼ਾ ਖੜਕਾਉਂਦੀ ਹੋਵੇ।

***

## ਪੰਜਾਬੀ ਸੰਗੀਤ ਦੀ ਅਮੀਰ ਵਿਰਾਸਤ ਨੂੰ

ਇਸ ਨੇ ਮਨਪ੍ਰੀਤ ਨੂੰ ਪ੍ਰਸਿੱਧੀ ਦੀਆਂ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਤੋਂ ਬਾਅਦ ਅਕਤੂਬਰ 2002 ਵਿੱਚ ਰਿਲੀਜ਼ ਹੋਈ ਇੱਕ ਹੋਰ ਬੌਲੀਵੁੱਡ ਫਿਲਮ 'ਜ਼ਿੰਦਗੀ ਖ਼ੂਬਸੂਰਤ ਹੈ' ਜਿਸ ਵਿੱਚ ਗੁਰਦਾਸ ਮਾਨ, ਤੱਬੂ ਅਤੇ ਦਿਵਿਆ ਦੱਤਾ ਨੇ ਮੁੱਖ ਕਿਰਦਾਰ ਅਦਾ ਕੀਤੇ ਸਨ, ਵਿੱਚ ਇੱਕ ਵਾਰ ਫਿਰ ਮਨਪ੍ਰੀਤ ਨੇ ਇੱਕ ਉਦਾਸ ਗੀਤ ਗਾਇਆ ਜਿਸ ਨੂੰ ਸੰਗੀਤਕਾਰ ਆਨੰਦ ਰਾਜ ਆਨੰਦ ਨੇ ਸੰਗੀਤਬੱਧ ਕੀਤਾ ਸੀ ਅਤੇ ਜਿਸ ਦੇ ਬੋਲ ਸਨ;

ਤੁਮ ਗਏ ਗ਼ਮ ਨਹੀਂ, ਆਂਖ ਯੇ ਨਮ ਨਹੀਂ।
ਦਰਦ ਹੋਗਾ ਦਵਾ ਅਬ, ਕੋਈ ਹਮਦਮ ਨਹੀਂ।

ਬੌਲੀਵੁੱਡ ਤੋਂ ਇਲਾਵਾ ਮਨਪ੍ਰੀਤ ਦੀ ਆਵਾਜ਼ ਪੌਲੀਵੁੱਡ ਵਿੱਚ ਵੀ ਗੂੰਜੀ। ਨਵੰਬਰ 2002 ਨੂੰ ਰਿਲੀਜ਼ ਹੋਈ ਫਿਲਮ 'ਜੀ ਆਇਆ ਨੂੰ' ਵਿੱਚ ਮਨਪ੍ਰੀਤ ਦਾ ਗਾਇਆ ਸੁਪਰਹਿੱਟ ਗੀਤ 'ਮੈਂ ਵਾਰੀ ਮੈਂ ਵਾਰੀ ਮੇਰੀ ਸੰਮੀਏ, ਸੰਮੀ ਮੇਰੀ ਵਾਰ' ਅਜਿਹਾ ਗੀਤ ਹੈ ਜਿਸ ਨੂੰ ਅੱਜ ਵੀ ਵਿਆਹ ਸ਼ਾਦੀਆਂ ਦੇ ਪ੍ਰੋਗਰਾਮਾਂ, ਸਕੂਲਾਂ ਤੇ ਕਾਲਜਾਂ ਦੇ ਸਾਲਾਨਾ ਪ੍ਰੋਗਰਾਮਾਂ ਵਿੱਚ ਪੂਰੀ ਸ਼ਾਨ ਨਾਲ ਵਜਾਇਆ ਜਾਂਦਾ ਹੈ। ਇਸ ਗੀਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਜਿਨ੍ਹਾਂ ਵਿੱਚ 1997 ਵਿੱਚ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ 'ਟਰੱਕ ਡਰਾਈਵਰ', 'ਸਿਕੰਦਰਾ', 2005 ਵਿੱਚ ਰਿਲੀਜ਼ ਹੋਈ ਗੁੱਗੂ ਗਿੱਲ, ਯੋਗਰਾਜ ਸਿੰਘ ਦੀ ਪੰਜਾਬੀ ਫਿਲਮ 'ਬਦਲਾ ਦਿ ਰਿਵੈਂਜ' ਅਤੇ 2013 ਵਿੱਚ ਰਿਲੀਜ਼ ਹੋਈ ਸਰਬਜੀਤ ਚੀਮਾ, ਬੀਨੂੰ ਢਿੱਲੋਂ ਅਭਿਨੀਤ ਪੰਜਾਬੀ ਫਿਲਮ 'ਪੰਜਾਬ ਬੋਲਦਾ' ਪ੍ਰਮੁੱਖ ਹਨ, ਵਿੱਚ ਮਨਪ੍ਰੀਤ ਨੇ ਪਿੱਠਵਰਤੀ ਗਾਇਕਾ ਵਜੋਂ ਗੀਤ ਗਾਏ। ਸਤੰਬਰ 2013 ਵਿੱਚ ਰਿਲੀਜ਼ ਹੋਈ ਹਰਭਜਨ ਮਾਨ ਦੀ ਫਿਲਮ 'ਹਾਣੀ' ਦੇ ਸੁਪਰਹਿੱਟ ਗੀਤ 'ਜਾਗੋ' ਵਿੱਚ ਵੀ ਮਨਪ੍ਰੀਤ ਨੇ ਪਿੱਠਵਰਤੀ ਗਾਇਕਾ ਵਜੋਂ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ। ਆਪਣੀ ਗਾਇਕੀ ਦੇ ਸਫ਼ਰ ਦੌਰਾਨ ਜਿੱਥੇ ਉਸ ਨੇ ਪੰਜਾਬੀ ਲੋਕ ਗੀਤ ਆਪਣੇ ਖ਼ਾਸ ਅੰਦਾਜ਼ ਵਿੱਚ ਗਾਏ, ਉੱਥੇ ਅਜਿਹੇ ਗੀਤ ਵੀ ਗਾਏ ਜਿਨ੍ਹਾਂ ਵਿੱਚ ਉਸ ਦੀ ਆਵਾਜ਼ ਵਿਚਲਾ ਦਰਦ ਉਸ ਗੀਤ ਨੂੰ ਸੁਣਨ ਵਾਲੇ ਦੀ ਰੂਹ ਤੱਕ ਨੂੰ ਝੰਜੋੜ ਜਾਂਦਾ ਸੀ।

17 ਜਨਵਰੀ 2016 ਨੂੰ ਦਿਲ ਦੀ ਧੜਕਣ ਰੁਕ ਜਾਣ ਕਾਰਨ ਉਹ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਈ। ਮਨਪ੍ਰੀਤ ਨੇ ਆਪਣੀ ਸੰਗੀਤ ਦੀ ਅਮੁੱਲੀ ਵਿਰਾਸਤ ਆਪਣੇ ਦੋਵੇਂ ਬੇਟਿਆਂ ਨਾਵੀਦ ਅਖ਼ਤਰ ਅਤੇ ਲਵਜੀਤ ਅਖ਼ਤਰ ਨੂੰ ਦਿੱਤੀ। ਅੱਜ ਉਹ ਆਪਣੀ ਮਾਂ ਦੀ ਗਾਇਕੀ ਦੇ ਵਾਰਿਸ ਬਣ ਕੇ ਉਸ ਵੱਲੋਂ ਪਾਏ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਨ।

***

## ਪੰਜਾਬ ਨੂੰ ਦਰਪੇਸ਼

ਟਕਰਾ ਅਤੇ ਕੁੜੱਤਣ ਹਮੇਸ਼ਾ ਮਸਲਿਆਂ ਨੂੰ ਉਲਝਾਉਣ ਦਾ ਕੰਮ ਹੀ ਕਰਦੇ ਹਨ। ਇਸ ਲਈ ਆਮ ਲੋਕਾਂ ਅਤੇ ਸੂਬੇ ਦੀ ਬਿਹਤਰੀ ਲਈ ਦੋਵੇਂ ਧਿਰਾਂ ਨੂੰ ਖੁੱਲ੍ਹਦਿਲੀ ਵਰਤਦਿਆਂ ਅੱਗੇ ਵਧਣਾ ਚਾਹੀਦਾ ਹੈ।

ਇਸੇ ਤਰ੍ਹਾਂ ਹੀ ਸੂਬੇ ਵਿੱਚ ਕੰਮ ਸੱਭਿਆਚਾਰ ਬਿਲਕੁਲ ਖਤਮ ਹੁੰਦਾ ਜਾ ਰਿਹਾ ਹੈ। ਇੱਥੋਂ ਦੀ ਨੌਜਵਾਨੀ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਿਆ ਨੀਤੀ ਨੂੰ ਰੁਜ਼ਗਾਰ ਮੁਖੀ ਬਣਾਉਣ ਵੱਲ ਕੋਈ ਧਿਆਨ ਨਾ ਦੇਣ ਕਾਰਨ ਦੁਬਿਧਾ ਵਿੱਚ ਹੈ। ਲੱਖਾਂ ਨੌਜਵਾਨ ਮੁੰਡੇ ਕੁੜੀਆਂ ਹੱਥਾਂ ਵਿੱਚ ਡਿਗਰੀਆਂ ਫੜੀ ਗਲੀਆਂ ਦੀ ਖਾਕ ਛਾਣ ਰਹੇ ਹਨ। ਰੁਜ਼ਗਾਰ ਦੇ ਸੁਚੱਜੇ ਵਸੀਲਿਆਂ ਦੀ ਘਾਟ ਕਾਰਨ ਦੇਸ਼ ਅਤੇ ਸੂਬੇ ਦੀ ਕਰੀਮ ਬਾਹਰਲੇ ਦੇਸ਼ਾਂ ਵੱਲ ਕੂਚ ਕਰ ਰਹੀ ਹੈ। ਪ੍ਰੰਤੂ ਇੱਥੋਂ ਦੇ ਰਾਜਸੀ ਆਗੂਆਂ ਨੂੰ ਆਪਣੀ ਕੁਰਸੀ ਬਚਾਉਣ ਤੋਂ ਇਲਾਵਾ ਹੋਰ ਕੁਝ ਦਿਖਾਈ ਹੀ ਨਹੀਂ ਦਿੰਦਾ। ਸੂਬੇ ਵਿੱਚ ਗੈਂਗਸਟਰਵਾਦ, ਲੁੱਟਾਂ, ਖੋਹਾਂ, ਫਿਰੌਤੀਆਂ ਅਤੇ ਕਤਲਾਂ ਦੀ ਭਰਮਾਰ ਹੈ। ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਡਗਮਗਾ ਚੁੱਕੀ ਹੈ। ਪ੍ਰੰਤੂ ਮੌਜੂਦਾ ਹਾਕਮ ਕੁਰਸੀਆਂ ਦੀ ਮੁੜ ਪ੍ਰਾਪਤੀ ਲਈ ਮੁਫਤਖੋਰੀ ਦੇ ਬਾਨਣੂੰ ਬੰਨ੍ਹਣ ਅਤੇ ਵਿਰੋਧੀ ਧਿਰਾਂ ਨੂੰ ਖੁੱਸੀ ਹੋਈ ਸੱਤਾ ਹਥਿਆਉਣ ਲਈ ਆਪਸੀ ਕੁੱਕੜਖੋਹੀ ਤੋਂ ਹੀ ਵਿਹਲ ਨਹੀਂ ਮਿਲਦੀ। ਪੰਜਾਬ ਅਤੇ ਇੱਥੋਂ ਦੀ ਜਨਤਾ ਦੇ ਹਾਲਾਤ ਨੂੰ ਸ਼ਰੇਆਮ ਅਣਗੌਲਿਆ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਕੌਮੀ ਪੱਧਰ ਅਤੇ ਸੂਬੇ ਵਿੱਚ ਵੀ ਵਕਾਰੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਲੀਕ ਹੋ ਰਹੇ ਹਨ, ਜਿਨ੍ਹਾਂ ਨੂੰ ਮੰਨਣ ਲਈ ਵੀ ਕੋਈ ਤਿਆਰ ਨਹੀਂ, ਜ਼ਿੰਮੇਵਾਰੀ ਲੈਣਾ ਤਾਂ ਦੂਰ ਦੀ ਗੱਲ ਹੈ। ਇਹੀ ਕਾਰਨ ਹੈ ਕਿ ਦੇਸ਼ ਦੀ ਜਵਾਨੀ ਨੂੰ ਪਿਛਲੇ ਦਿਨੀਂ ਸੜਕਾਂ 'ਤੇ ਉੱਤਰਨਾ ਪਿਆ ਅਤੇ ਮਜਬੂਰਨ ਜ਼ਿੰਮੇਵਾਰ ਵਿਅਕਤੀ ਨੂੰ ਅਸਤੀਫਾ ਵੀ ਦੇਣਾ ਪਿਆ।

ਉਕਤ ਚਰਚਾ ਤੋਂ ਭਲੀਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਇਸ ਸਮੇਂ ਚੁਫੇਰਿਓਂ ਗੰਭੀਰ ਚਣੌਤੀਆਂ ਵਿੱਚ ਘਿਰਿਆ ਹੋਇਆ ਹੈ। ਇਨ੍ਹਾਂ ਚਣੌਤੀਆਂ ਦੇ ਮੁਕਾਬਲੇ ਲਈ ਕਿਸੇ ਹੋਰ ਨੇ ਨਹੀਂ ਸਗੋਂ ਇੱਥੋਂ ਦੇ ਬਾਸ਼ਿੰਦਿਆਂ ਨੂੰ ਹੀ ਅੱਗੇ ਆਉਣਾ ਪਵੇਗਾ ਤਾਂ ਕਿ ਪੰਜਾਬ ਆਪਣਾ ਮਾਣਮੱਤਾ ਰੁਤਬਾ ਮੁੜ ਤੋਂ ਬਹਾਲ ਕਰ ਸਕੇ। ਇਸ ਲਈ ਪੰਜਾਬ ਦੇ ਸੁਹਿਰਦ ਲੋਕਾਂ, ਜਥੇਬੰਦੀਆਂ ਅਤੇ ਰਾਜਸੀ ਦਲਾਂ ਦੇ ਨੁਮਾਇੰਦਿਆਂ ਨੂੰ ਗੁਜ਼ਾਰਿਸ਼ ਹੈ ਕਿ ਆਪਣੇ ਸੌੜੇ ਸਿਆਸੀ ਅਤੇ ਨਿੱਜੀ ਹਿਤਾਂ ਨੂੰ ਤਿਆਗਕੇ, ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਸੂਬੇ ਦੀ ਬਿਹਤਰੀ ਲਈ ਅੱਗੇ ਆਉਣ। ਅਜਿਹਾ ਕਰਨ ਉਪਰੰਤ ਹੀ ਅਸੀਂ ਸੱਚੀਮੁੱਚੀ ਸੁਹਿਰਦ ਨਾਗਰਿਕ ਅਤੇ ਸੂਬੇ ਦੇ ਹਿਤੈਸ਼ੀ ਕਹਾਉਣ ਦੇ ਹੱਕਦਾਰ ਹੋਵਾਂਗੇ।

***

## ਵਿਕਸਿਤ ਭਾਰਤ ਬਣਨ ਲਈ

ਭਾਰਤ ਦਾ ਵਿਕਸਿਤ ਦੇਸ਼ ਬਣਨਾ ਇਸ ਲਈ ਬਹੁਤ ਦੂਰ ਦੀ ਗੱਲ ਹੈ, ਕਿਉਂਕਿ ਅਰਥਵਿਵਸਥਾ ਦੇ ਮਹੱਤਵਪੂਰਨ ਆਰਥਿਕ, ਸਮਾਜਿਕ ਤੇ ਹੋਰ ਸੂਚਕ ਬਹੁਤ ਹੀ ਨੀਵੇਂ ਪੱਧਰ 'ਤੇ ਹੋਣ ਕਰਕੇ ਇਸ ਵੱਲੋਂ ਅਗਲੇ 20 ਸਾਲਾਂ ਦੌਰਾਨ ਵਿਕਸਿਤ ਦੇਸ਼ਾਂ ਦੀ ਬਰਾਬਰੀ ਕਰਨਾ ਇੰਨਾ ਸੌਖਾ ਨਹੀਂ ਹੈ, ਕਿਉਂਕਿ ਪਿਛਲੇ ਸਮੇਂ ਦੌਰਾਨ ਇਨ੍ਹਾਂ ਮਹੱਤਵਪੂਰਨ ਸੂਚਕਾਂ 'ਚ ਬਹੁਤ ਘੱਟ ਪ੍ਰਗਤੀ ਹੋਈ ਹੈ। ਸਿਆਸੀ ਪਾਰਟੀਆਂ ਤੇ ਨੇਤਾ ਆਰਥਿਕਤਾ ਸੰਬੰਧੀ ਸਿਆਸੀ ਬਿਆਨਬਾਜ਼ੀ ਕਰਕੇ ਸਿਆਸੀ ਲਾਹਾ ਖੱਟ ਕੇ ਚੋਣਾਂ ਜ਼ਰੂਰ ਜਿੱਤ ਸਕਦੇ ਹਨ, ਪਰ ਦੇਸ਼ ਨੂੰ ਭਵਿੱਖ 'ਚ ਵਿਕਸਿਤ ਦੇਸ਼ ਬਣਾਉਣ ਲਈ ਸਭ ਤੋਂ ਪਹਿਲਾਂ ਸਿਆਸੀ ਲੀਡਰਾਂ 'ਚ ਇੱਛਾ ਸ਼ਕਤੀ ਹੋਣੀ ਜ਼ਰੂਰੀ ਹੈ। ਦੇਸ਼ ਦੀਆਂ ਆਰਥਿਕ ਤੇ ਹੋਰ ਨੀਤੀਆਂ ਅਮੀਰਾਂ, ਪੂੰਜੀਪਤੀਆਂ ਤੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਕਰਨ ਦੀ ਬਜਾਏ ਸਭ ਨੀਤੀਆਂ ਆਮ ਲੋਕਾਂ ਖਾਸ ਕਰਕੇ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਮਹੱਤਵਪੂਰਨ ਸੂਚਕਾਂ ਨੂੰ ਵਿਕਸਿਤ ਦੇਸ਼ਾਂ ਦੇ ਬਰਾਬਰ ਕਰਨ ਲਈ ਲੰਮੇ ਸਮੇਂ ਤੱਕ ਸਭ ਖੇਤਰਾਂ ਖ਼ਾਸ ਕਰਕੇ ਸਿੱਖਿਆ, ਸਿਹਤ ਤੇ ਰੁਜ਼ਗਾਰ ਪੈਦਾ ਕਰਨ ਲਈ ਬਹੁਤ ਜ਼ਿਆਦਾ ਸਰਕਾਰੀ ਨਿਵੇਸ਼ ਕਰਨਾ ਪਵੇਗਾ, ਕਿਉਂਕਿ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਸਾਡੇ ਬਹੁਤੇ ਮਹੱਤਵਪੂਰਨ ਸੂਚਕ ਨੀਵੇਂ ਪੱਧਰ 'ਤੇ ਇਨ੍ਹਾਂ ਖੇਤਰਾਂ ਨਾਲ ਹੀ ਸੰਬੰਧਿਤ ਹਨ ।

****

## 'ਦਹਿਸ਼ਤੀ ਸਿਸਟਮ' ਦਾ ਟੁੱਟਣਾ ਅਤੇ ਸੰਘ

ਭਾਗਵਤ ਇਸ ਗੱਲ ਨੂੰ ਸਮਝ ਗਏ ਹਨ ਕਿ 'ਖੌਫ-ਅਧਾਰਿਤ ਸਿਸਟਮ' ਨੂੰ ਕਾਕਰੋਚਾਂ ਨੇ ਪੂਰੀ ਤਰ੍ਹਾਂ ਤੋੜ ਦਿੱਤਾ ਹੈ। ਦਰਅਸਲ ਡਰ ਤੇ ਖ਼ੌਫ ਹੀ ਉਹ ਹਥਿਆਰ ਸੀ, ਜਿਸ ਦੀ ਵਰਤੋਂ ਕਰਦਿਆਂ ਮੋਦੀ ਸਰਕਾਰ ਨੇ ਵਿਰੋਧੀ ਧਿਰ ਨੂੰ ਡਰਾ ਕੇ ਪੂਰੇ ਸਿਸਟਮ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਡਰ ਤੇ ਵਿਚਾਰਧਾਰਾ ਦੇ ਇਸ ਮਿਸ਼ਰਨ ਨੇ ਸਾਰੀਆਂ ਸੰਵਿਧਾਨਕ ਸੰਸਥਾਵਾਂ ਦੀ ਕਮਰ ਤੋੜ ਦਿੱਤੀ ਸੀ, ਭਾਵੇਂ ਨਿਆਂਪਾਲਿਕਾ ਹੋਵੇ ਜਾਂ ਮੀਡੀਆ ਸਾਰੇ ਸਰਕਾਰ ਅੱਗੇ ਝੁਕ ਗਏ ਸਨ। ਅੰਦੋਲਨ ਨੇ ਡਰ ਦੇ ਰਾਜ ਨੂੰ ਤੋੜ ਦਿੱਤਾ ਹੈ, ਛੋਟੇ ਬੱਚੇ ਵੀ ਸਰਕਾਰ ਦੇ ਸਾਹਮਣੇ ਖੜ੍ਹੇ ਹੋ ਕੇ ਆਪਣੇ ਹੱਕਾਂ ਦੀ ਮੰਗ ਕਰਨ ਲੱਗੇ ਹਨ। ਜੇਕਰ ਸਰਕਾਰ ਤੇ ਸੱਤਾਧਾਰੀ ਪਾਰਟੀ ਆਪਣੀਆਂ ਗਲਤੀਆਂ ਨਹੀਂ ਸੁਧਾਰਦੀ ਤਾਂ ਜੈੱਨ- ਜ਼ੀ ਦਾ ਵਿਰੋਧ ਹੋਰ ਵੀ ਵੱਡਾ ਹੋ ਸਕਦਾ ਹੈ। ਜੋ ਸਿਰਫ਼ ਸਰਕਾਰ ਲਈ ਹੀ ਖ਼ਤਰਾ ਨਹੀਂ ਪੈਦਾ ਕਰੇਗਾ, ਸਗੋਂ ਸੰਘ ਦੀ ਭਰੋਸੇਯੋਗਤਾ ਤੇ ਵਿਚਾਰਧਾਰਾ ਦੋਹਾਂ ਨੂੰ ਵੀ ਢਾਹ ਲਾ ਸਕਦਾ ਹੈ। ਭਾਗਵਤ ਇਸ ਇਤਿਹਾਸਕ ਦੁਖਾਂਤ ਨੂੰ ਰੋਕਣ ਲਈ ਇਕ ਵੱਡੀ ਕੋਸ਼ਿਸ਼ ਕਰ ਰਹੇ ਹਨ। ਕੀ ਉਹ ਸਫਲ ਹੋਣਗੇ ?

***

## ਅਮਰੀਕਾ 'ਚ ਗ੍ਰੀਨ ਕਾਰਡ ਲਈ 1,000 ਫ਼ਰਜ਼ੀ ਵਿਆਹਾਂ

ਜਾਂਚਕਰਤਾ ਜੋੜਿਆਂ ਦੇ ਸੋਸ਼ਲ ਮੀਡੀਆ ਪ੍ਰੋਫਾਈਲਾਂ, ਯਾਤਰਾ ਦੇ ਰਿਕਾਰਡ ਅਤੇ ਮੋਬਾਈਲ ਲੋਕੇਸ਼ਨਾਂ ਦਾ ਵਿਸ਼ਲੇਸ਼ਣ ਕਰਦੇ ਹਨ। ਜੇਕਰ ਕਾਗਜ਼ਾਂ ਵਿੱਚ ਵਿਆਹੇ ਜੋੜੇ ਦੀ ਅਸਲ ਲੋਕੇਸ਼ਨ ਵੱਖ-ਵੱਖ ਸ਼ਹਿਰਾਂ ਵਿੱਚ ਹੋਵੇ, ਤਾਂ ਧੋਖਾ ਫੜਿਆ ਜਾਂਦਾ ਹੈ।

ਅਧਿਕਾਰੀ ਬਿਨਾਂ ਦੱਸੇ ਸਵੇਰੇ ਜਾਂ ਦੇਰ ਰਾਤ ਰਿਹਾਇਸ਼ ਵਾਲੀ ਥਾਂ 'ਤੇ ਛਾਪਾ ਮਾਰਦੇ ਹਨ ਤਾਂ ਜੋ ਇਹ ਤਸਦੀਕ ਕੀਤਾ ਜਾ ਸਕੇ ਕਿ ਕੀ ਦੋਵੇਂ ਸੱਚਮੁੱਚ ਇੱਕੋ ਛੱਤ ਹੇਠ ਰਹਿ ਰਹੇ ਹਨ, ਜਾਂ ਉੱਥੇ ਸਿਰਫ਼ ਫੋਟੋਆਂ ਖਿਚਵਾਉਣ ਦਾ ਪ੍ਰਬੰਧ ਕੀਤਾ ਗਿਆ ਸੀ।

ਜਦੋਂ ਕਿਸੇ ਇੱਕ ਵਕੀਲ ਜਾਂ ਏਜੰਟ ਰਾਹੀਂ ਦਾਇਰ ਕੀਤੀਆਂ ਅਰਜ਼ੀਆਂ ਵਿੱਚ ਇੱਕੋ ਜਿਹਾ ਢਾਂਚਾ, ਇੱਕੋ ਜਿਹੀਆਂ ਤਸਵੀਰਾਂ ਜਾਂ ਇੱਕੋ ਅਮਰੀਕੀ ਨਾਗਰਿਕ ਵੱਲੋਂ ਪਹਿਲਾਂ ਵੀ ਕਿਸੇ ਹੋਰ ਲਈ ਪਟੀਸ਼ਨ ਪਾਉਣ ਦਾ ਰਿਕਾਰਡ ਮਿਲਦਾ ਹੈ, ਤਾਂ ਪੂਰਾ ਤਾਣਾ-ਬਾਣਾ ਬੇਨਕਾਬ ਹੋ ਜਾਂਦਾ ਹੈ।

ਇੰਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਗ੍ਰੀਨ ਕਾਰਡ ਜਾਂ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਹਾਸਲ ਕਰਨ ਲਈ ਜਾਅਲੀ ਵਿਆਹ ਵਰਗੇ ਗ਼ੈਰ-ਕਾਨੂੰਨੀ ਹੱਥਕੰਡੇ ਅਪਣਾਉਣਾ ਖ਼ੁਦ ਆਪਣੇ ਪੈਰੀਂ ਕੁਹਾੜਾ ਮਾਰਨ ਦੇ ਬਰਾਬਰ ਹੈ। ਜਦੋਂ ਅਜਿਹਾ ਧੋਖਾ ਸਾਬਤ ਹੁੰਦਾ ਹੈ, ਤਾਂ ਨਾ ਸਿਰਫ਼ ਲੱਖਾਂ ਰੁਪਏ ਡੁੱਬਦੇ ਹਨ, ਸਗੋਂ ਕੈਦ, ਤੁਰੰਤ ਦੇਸ਼ ਨਿਕਾਲਾ ਅਤੇ ਸਾਰੀ ਉਮਰ ਲਈ ਦਾਖ਼ਲੇ 'ਤੇ ਪਾਬੰਦੀ ਲੱਗ ਜਾਂਦੀ ਹੈ। ਵਿਦੇਸ਼ ਵਿੱਚ ਸਨਮਾਨਜਨਕ ਜੀਵਨ ਜਿਊਣ ਦਾ ਸੁਪਨਾ ਤਾਂ ਹੀ ਸਾਕਾਰ ਹੋ ਸਕਦਾ ਹੈ ਜੇਕਰ ਇਸ ਦੀ ਨੀਂਹ ਕਾਨੂੰਨੀ, ਪਾਰਦਰਸ਼ੀ ਅਤੇ ਇਮਾਨਦਾਰ ਤਰੀਕਿਆਂ 'ਤੇ ਰੱਖੀ ਗਈ ਹੋਵੇ; ਧੋਖੇ ਅਤੇ ਝੂਠ ਦੇ ਸਹਾਰੇ ਉਸਾਰੇ ਗਏ ਮਹਿਲ ਕਦੇ ਵੀ ਸਥਿਰ ਨਹੀਂ ਰਹਿ ਸਕਦੇ।

***

## ਟੁੱਟ ਗਿਆ ਪੰਜਾਬੀਆਂ ਦਾ ਅਮੀਰ ਮੁਲਕਾਂ ਵਿੱਚ ਬਿਹਤਰ

ਉਪਰੋਂ ਅਮਰੀਕੀ ਖ਼ੁਫ਼ੀਆ ਏਜੰਸੀ ਐਫ਼.ਬੀ.ਆਈ. ਦੀ ਰਿਪੋਰਟ ਕਿ ਲਾਰੈਂਸ ਬਿਸ਼ਨੋਈ ਤੇ ਹੋਰ ਭਾਰਤੀ ਅਪਰਾਧਿਕ ਸਰਗਨੇ ਉੱਤਰ ਅਮਰੀਕੀ ਤੇ ਯੂਰੋਪੀਅਨ ਦੇਸ਼ਾਂ ਤੋਂ ਇਲਾਵਾ ਦੁਨੀਆਂ ਦੇ ਹੋਰਨਾਂ ਵੱਖ ਵੱਖ ਹਿੱਸਿਆਂ ਵਿੱਚ ਵੀ ਸੁਪਾਰੀਆਂ, ਫ਼ਿਰੌਤੀਆਂ, ਜਬਰੀ ਵਸੂਲੀਆਂ ਤੇ ਨਸ਼ਿਆਂ ਦੀ ਸਪਲਾਈ ਵਰਗੇ ਮੁਜਰਿਮਾਨਾ ਧੰਦੇ ਚਲਾ ਰਹੇ ਹਨ, ਭਾਰਤੀਆਂ ਦੇ ਮਿਹਨਤੀ ਤੇ ਸਿਰੜੀ ਕਰਮੀਆਂ ਵਾਲੇ ਅਕਸ ਉੱਤੇ ਗਹਿਰਾ ਦਾਗ਼ ਲਾ ਗਈ ਹੈ। ਮੀਡੀਆ ਰਿਪੋਰਟਾਂ ਸੀ.ਬੀ.ਐਸ.ਏ. ਦੇ ਹਵਾਲੇ ਨਾਲ ਦੱਸਦੀਆਂ ਹਨ ਕਿ ਭਾਰਤੀ ਅਪਰਾਧੀ ਗਰੋਹ ਆਪਣੀਆਂ ਗ਼ੈਰਕਾਨੂੰਨੀ ਗਤੀਵਿਧੀਆਂ ਦੇ ਵਿਸਥਾਰ ਲਈ ਕੌਮਾਂਤਰੀ ਵਿਦਿਆਰਥੀਆਂ, ਖ਼ਾਸ ਕਰ ਕੇ ਨਵੇਂ ਨਵੇਂ ਪਹੁੰਚੇ ਭਾਰਤੀ ਵਿਦਿਆਰਥੀਆਂ ਦੀ ਵਰਤੋਂ ਵਧਾਉਂਦੇ ਜਾ ਰਹੇ ਹਨ। ਇਹ ਰੁਝਾਨ ਹੋਰ ਵੀ ਮੰਦਭਾਗਾ ਹੈ। ਪ੍ਰਵਾਸ ਦੀ ਭੁੱਖ ਪੰਜਾਬੀਆਂ ਵਿੱਚ ਹਮੇਸ਼ਾ ਹੀ ਰਹੀ ਹੈ। ਜੋਖਿਮ ਉਠਾਉਣ ਦੀ ਸਮਰਥਾ ਵੀ ਉਨ੍ਹਾਂ ਵਿੱਚ ਘੱਟ ਨਹੀਂ। ਪਰ ਇਹ ਗੁਣ ਲਿਆਕਤ ਤੇ ਹੁਨਰਮੰਦੀ ਦੇ ਵਿਕਾਸ ਰਾਹੀਂ ਪ੍ਰਵਾਸ ਦਾ ਆਧਾਰ ਬਣਨੇ ਚਾਹੀਦੇ ਹਨ, ਭੇਡ-ਚਾਲ ਵਾਲੇ ਪ੍ਰਵਾਸ ਦਾ ਨਹੀਂ।

****

## ਅੰਬਾਲਾ ਕਾਂਡ: ਭੜਕਾਊ ਅਨਸਰ ਮੰਡ

ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਦਾ ਰੋਲ ਪੂਰੀ ਤਰ੍ਹਾਂ ਪੱਖਪਾਤੀ, ਗੈਰ-ਜ਼ਿੰਮੇਵਾਰਾਨਾ ਅਤੇ ਲੋਕਤੰਤਰੀ ਮਰਿਆਦਾਵਾਂ ਨੂੰ ਤਾਰ-ਤਾਰ ਕਰਨ ਵਾਲਾ ਰਿਹਾ ਹੈ। ਇੱਕ ਚੁਣੀ ਹੋਈ ਸਰਕਾਰ ਦਾ ਮੁੱਢਲਾ ਫ਼ਰਜ਼ ਕਾਨੂੰਨ ਦੇ ਸਾਹਮਣੇ ਸਭ ਨੂੰ ਬਰਾਬਰ ਰੱਖਣਾ ਹੁੰਦਾ ਹੈ, ਪ੍ਰੰਤੂ ਹਰਿਆਣਾ ਸਰਕਾਰ ਨੇ ਨਿਆਂ ਦੇ ਸਾਰੇ ਤਕਾਜ਼ਿਆਂ ਨੂੰ ਛਿੱਕੇ ਟੰਗ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਸ ਦੀਆਂ ਤਰਜੀਹਾਂ ਵਿੱਚ ਲੋਕਾਂ ਦੀ ਸੁਰੱਖਿਆ ਨਹੀਂ, ਸਗੋਂ ਖ਼ਾਸ ਸਿਆਸੀ ਏਜੰਡੇ ਅਤੇ ਭੜਕਾਊ ਅਨਸਰਾਂ ਦੀ ਪੁਸ਼ਤਪਨਾਹੀ ਸ਼ਾਮਲ ਹੈ। ਇਸ ਪੁਲਿਸੀਆ ਕਾਰਵਾਈ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਝੀਂਡਾ ਸਮੇਤ ਕਈ ਮੈਂਬਰ, ਮੁਲਾਜ਼ਮ ਅਤੇ ਆਮ ਸ਼ਰਧਾਲੂ ਗੰਭੀਰ ਜ਼ਖ਼ਮੀ ਹੋਏ ਹਨ। ਝੀਂਡਾ ਦਾ ਕਹਿਣਾ ਸੀ ਕਿ ਇੱਕ ਪਾਸੇ ਸਰਕਾਰੀ ਨੁਮਾਇੰਦੇ ਸਿੱਖ ਆਗੂਆਂ ਨਾਲ ਗੱਲਬਾਤ ਦਾ ਦਿਖਾਵਾ ਕਰ ਰਹੇ ਸਨ ਅਤੇ ਦੂਜੇ ਪਾਸੇ ਰਾਤ ਦੇ ਹਨੇਰੇ ਵਿੱਚ ਸ਼ਾਂਤਮਈ ਧਰਨੇ 'ਤੇ ਅੱਥਰੂ ਗੈਸ ਅਤੇ ਲਾਠੀਚਾਰਜ ਕਰਵਾਇਆ ਗਿਆ। ਇਹ ਪ੍ਰਸ਼ਾਸਨਿਕ ਧੋਖਾਧੜੀ ਅਤੇ ਕਾਇਰਤਾਪੂਰਨ ਕਦਮ ਹੈ। ਸ਼ਰਧਾਲੂਆਂ 'ਤੇ ਲਾਠੀਆਂ ਵਰ੍ਹਾਉਣਾ ਅਤੇ 400 ਦੇ ਕਰੀਬ ਲੋਕਾਂ 'ਤੇ ਇਰਾਦਾ ਕਤਲ (ਧਾਰਾ 307) ਵਰਗੇ ਸੰਗੀਨ ਪਰਚੇ ਦਰਜ ਕਰਨਾ ਲੋਕਾਂ ਦੀ ਆਵਾਜ਼ ਨੂੰ ਕੁਚਲਣ ਦੀ ਤਾਨਾਸ਼ਾਹੀ ਨੀਤੀ ਹੈ। ਸੂਬੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਇਸ ਸਮੁੱਚੇ ਮਾਮਲੇ 'ਤੇ ਚੁੱਪੀ ਇਹ ਸਪਸ਼ਟ ਕਰਦੀ ਹੈ ਕਿ ਸ਼ਾਂਤਮਈ ਨਾਗਰਿਕਾਂ 'ਤੇ ਹੋਏ ਜ਼ੁਲਮ ਨੂੰ ਸਰਕਾਰ ਦੀ ਉੱਚ ਪੱਧਰੀ ਸਹਿਮਤੀ ਹਾਸਲ ਸੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਅਤੇ ਵੱਖ-ਵੱਖ ਪੰਥਕ ਵਿਦਵਾਨਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਚੁੱਪੀ 'ਤੇ ਤਿੱਖੇ ਸਵਾਲ ਉਠਾਏ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਨੂੰਨ ਦੇ ਰਾਜ ਵਿੱਚ ਜਦੋਂ ਦੋਸ਼ੀ ਦੀ ਪਿੱਠ ਥਾਪੜੀ ਜਾਵੇ ਅਤੇ ਇਨਸਾਫ਼ ਮੰਗਣ ਵਾਲੇ ਪੀੜਤਾਂ ਵਿਰੁੱਧ 400-400 ਲੋਕਾਂ 'ਤੇ ਇਰਾਦਾ ਕਤਲ (ਧਾਰਾ 307) ਵਰਗੇ ਪਰਚੇ ਦਰਜ ਕੀਤੇ ਜਾਣ, ਤਾਂ ਇਹ ਲੋਕਤੰਤਰ ਦਾ ਕਤਲ ਹੈ। ਅਜਿਹੀਆਂ ਘਟਨਾਵਾਂ ਸਿੱਖ ਕੌਮ ਦੇ ਮਨਾਂ ਅੰਦਰ ਬੇਗਾਨਗੀ ਅਤੇ ਗੁਲਾਮੀ ਦਾ ਅਹਿਸਾਸ ਗੂੜ੍ਹਾ ਕਰਦੀਆਂ ਹਨ। ਜਦੋਂ ਆਪਣੀ ਹੀ ਧਰਤੀ 'ਤੇ ਆਪਣੇ ਹੱਕ ਅਤੇ ਇਨਸਾਫ਼ ਮੰਗਣ ਬਦਲੇ ਲਾਠੀਆਂ ਅਤੇ ਜੇਲ੍ਹਾਂ ਮਿਲਣ, ਤਾਂ ਘੱਟ-ਗਿਣਤੀਆਂ ਅੰਦਰ ਸਿਸਟਮ ਪ੍ਰਤੀ ਬੇਭਰੋਸਗੀ ਵਧਣਾ ਸੁਭਾਵਿਕ ਹੈ।

ਲੋੜ ਇਸ ਗੱਲ ਦੀ ਹੈ ਕਿ ਹਰਿਆਣਾ ਸਰਕਾਰ ਅਤੇ ਕੇਂਦਰੀ ਗ੍ਰਹਿ ਮੰਤਰਾਲਾ ਆਪਣੀਆਂ ਗ਼ਲਤ ਨੀਤੀਆਂ ਦੀ ਸਮੀਖਿਆ ਕਰੇ। ਸੂਬੇ ਅੰਦਰ ਟਕਰਾਅ ਵਾਲਾ ਮਾਹੌਲ ਪੈਦਾ ਕਰਨ ਦੀ ਥਾਂ ਸਿੱਖ ਲੀਡਰਸ਼ਿਪ ਨਾਲ ਸੰਵਾਦ ਕਾਇਮ ਕੀਤਾ ਜਾਵੇ। ਗ੍ਰਿਫ਼ਤਾਰ ਕੀਤੇ ਗਏ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਧਰਨਾਕਾਰੀਆਂ 'ਤੇ ਦਰਜ ਝੂਠੇ ਮੁਕੱਦਮੇ ਰੱਦ ਕੀਤੇ ਜਾਣ ਅਤੇ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ ਸੰਗਤ 'ਤੇ ਗੱਡੀ ਚੜ੍ਹਾਉਣ ਦੇ ਮੁੱਖ ਦੋਸ਼ੀ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਹੋਵੇ। ਸਭ ਤੋਂ ਅਹਿਮ ਇਹ ਹੈ ਕਿ ਸਰਕਾਰਾਂ ਨੂੰ ਇਹ ਸਪਸ਼ਟ ਸੰਦੇਸ਼ ਦੇਣਾ ਪਵੇਗਾ ਕਿ ਸਮਾਜਿਕ ਸਦਭਾਵਨਾ ਨੂੰ ਤੋੜਨ ਵਾਲੇ ਅਤੇ ਨਫ਼ਰਤ ਫੈਲਾ ਕੇ ਸੁਰੱਖਿਆ ਹਾਸਲ ਕਰਨ ਵਾਲੇ ਅਨਸਰਾਂ ਦੀ ਸਰਪ੍ਰਸਤੀ ਹੁਣ ਬੰਦ ਹੋਣੀ ਚਾਹੀਦੀ ਹੈ, ਤਾਂ ਜੋ ਲੋਕਾਂ ਦਾ ਸੰਵਿਧਾਨ ਅਤੇ ਨਿਆਂ ਪ੍ਰਣਾਲੀ 'ਤੇ ਵਿਸ਼ਵਾਸ ਬਹਾਲ ਹੋ ਸਕੇ।

***

## ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬ੍ਰਿਟੇਨ ਨੂੰ

ਸਾਈਪ੍ਰਸ ਵਿੱਚ ਆਪਣੀਆਂ ਸੇਵਾਵਾਂ ਨਿਭਾਉਣ ਉਪਰੰਤ, ਸਾਲ 2024 ਵਿੱਚ ਉਨ੍ਹਾਂ ਦੀ ਚੋਣ 'ਫਾਸਟ ਜੈੱਟ' ਸਟ੍ਰੀਮ ਲਈ ਹੋਈ। ਮਾਰਚ 2025 ਤੋਂ ਸ਼ੁਰੂ ਹੋਈ ਮੁੱਢਲੀ ਜੈੱਟ ਸਿਖਲਾਈ ਤੋਂ ਬਾਅਦ, ਉਨ੍ਹਾਂ ਨੂੰ ਅਕਤੂਬਰ 2025 ਵਿੱਚ ਅਮਰੀਕਾ ਦੇ ਟੈਕਸਾਸ ਵਿਖੇ ਇਕੱਲੇ (ਸੋਲੋ) ਉਡਾਣ ਭਰਨ ਲਈ ਭੇਜਿਆ ਗਿਆ। ਆਖ਼ਰਕਾਰ ਜੁਲਾਈ 2026 ਵਿੱਚ ਉਨ੍ਹਾਂ ਨੇ ਸਫ਼ਲਤਾਪੂਰਵਕ ਆਪਣਾ ਵਿੰਗਜ਼ ਟੈਸਟ ਪਾਸ ਕਰ ਲਿਆ। ਹੁਣ ਉਹ ਫਰੰਟ ਲਾਈਨ ਉੱਤੇ ਲੜਾਕੂ ਜਹਾਜ਼ ਉਡਾਉਣ ਤੋਂ ਪਹਿਲਾਂ ਇੱਕ ਸਾਲ ਦੀ ਹੋਰ ਉੱਚ-ਪੱਧਰੀ ਸਿਖਲਾਈ ਵਿੱਚੋਂ ਲੰਘਣਗੇ।

ਆਪਣੀ ਸਫ਼ਲਤਾ 'ਤੇ ਖੁਸ਼ੀ ਜ਼ਾਹਰ ਕਰਦਿਆਂ ਅਰਸ਼ਦੀਪ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਮੰਚ 'ਤੇ ਆਪਣੇ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਸੁਭਾਗ ਮਿਲਣ 'ਤੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਹ ਇਸ ਮੁਕਾਮ 'ਤੇ ਪਹੁੰਚਣ ਵਾਲੇ ਪਹਿਲੇ ਸਿੱਖ ਜ਼ਰੂਰ ਬਣੇ ਹਨ, ਪਰ ਉਹ ਚਾਹੁੰਦੇ ਹਨ ਕਿ ਉਹ ਆਖ਼ਰੀ ਨਾ ਰਹਿਣ। ਉਨ੍ਹਾਂ ਉਮੀਦ ਜਤਾਈ ਕਿ ਸਿੱਖ ਨੌਜਵਾਨ ਵੱਡੇ ਸੁਪਨੇ ਦੇਖਣ ਅਤੇ ਇਤਿਹਾਸ ਰਚਣ ।

***

## ਸਿੱਖ ਭਾਈਚਾਰੇ ਵੱਲੋਂ ਕੈਨੇਡਾ 'ਚ ਜੰਗਲਾਂ ਨੂੰ ਲੱਗੀ

ਸੂਬਾ ਸਰਕਾਰ ਹਰੇਕ ਪੀੜਤ ਨੂੰ ਰੋਜ਼ਾਨਾ 200 ਡਾਲਰ ਗੁਜ਼ਾਰਾ ਭੱਤਾ ਦੇ ਰਹੀ ਹੈ। ਅੱਗ ਨੂੰ ਪੂਰੀ ਤਰ੍ਹਾਂ ਬੁਝਾਉਣ ਲਈ ਫੈਡਰਲ ਸਰਕਾਰ ਦੀ ਨੀਂਦ ਦੋ ਦਿਨ ਬਾਅਦ ਖੁੱਲ੍ਹੀ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਫੌਜ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਕਿਹਾ ਹੈ ਕਿ ਉਹ ਅੱਗ ਬੁਝਾਉਣ ਲਈ ਜੋ ਵੀ ਕਰ ਸਕਣ ਬਿਨਾਂ ਝਿਜਕ ਕਰਨ ਲਈ ਮੌਕੇ 'ਤੇ ਪਹੁੰਚਣ। ਪ੍ਰਧਾਨ ਮੰਤਰੀ ਨੇ ਉਜੜੇ ਲੋਕਾਂ ਦੇ ਮੁੜ ਵਸੇਬੇ ਲਈ ਮਦਦ ਦਾ ਭਰੋਸਾ ਦਿੱਤਾ ਹੈ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**